# ਭਾਗ 11

ਮੈਂ ਮੀਠਾਦਾਰ ਵਿਚ ਆਪਣੇ ਦਫਤਰ ਦੇ ਬਾਹਰ ਫੁੱਟਪਾਥ 'ਤੇ ਬੈਠਾ ਸਾਂ। ਉਸ ਹੀ ਜਗਾਹ 'ਤੇ ਜਿਥੇ 40 ਸਾਲ ਪਹਿਲਾਂ ਆਪਣੀ ਮਾਂ ਦੀ ਮੌਤ ਤੋਂ ਬਾਅਦ, ਮੈਂ ਆਪਣੀਆਂ ਵਸਤੂਆ ਦਾ ਬੰਡਲ ਰੱਖਿਆ ਸੀ ਤੇ 14 ਫੁੱਟ ਚੌੜੀ ਕੱਚੀ ਗਲੀ ਵੇਖੀ ਸੀ, ਜੋ ਸੜਕ ਦੇ ਦੋਵੇਂ ਪਾਸੇ ਖੁਲਦੀ ਸੀ। ਹੁਣ ਵੀ ਉਦੋਂ ਵਾਂਗ ਹਰੀ ਮਸਜਿਦ ਦੇ ਮਿਨਾਰ ਤੋਂ *ਫਜ਼ਰ* ਦੀ *ਨਮਾਜ਼ ਵੇਲੇ ਅੱਲ੍ਹਾ ਹੂ ਅਕਬਰ, ਅੱਲ੍ਹਾ ਹੂ ਅਕਬਰ*, ਦੀਆਂ ਮਨਮੋਹਕ ਅਵਾਜ਼ਾਂ ਦਾ ਪ੍ਰਤੀਕਰਮ ਦਿਨ ਦੇ ਵਧਣ ਨਾਲ ਵੱਧਦਾ ਜਾਂਦਾ ਸੀ।

ਸਮੇਂ ਦੇ ਨਾਲ-ਨਾਲ ਲੋਕਾਂ ਦੀ ਭੀੜ ਬਹੁਤ ਵੱਧ ਗਈ ਸੀ ਅਤੇ ਆਵਾਜ਼ ਉੱਚੀ ਹੋ ਗਈ ਸੀ। ਇਹ ਦੇਸ਼ ਦਾ ਸੂਖਮ ਬ੍ਰਹਿਮੰਡ ਸੀ, ਬੇਕਾਬੂ ਅਤੇ ਬੇਅਸੂਲੇ ਲੋਕਾਂ ਦਾ ਹਜੂਮ ਸੀ। ਛੋਟੀਆਂ ਰੇੜ੍ਹੀਆਂ, ਖੋਤਾ ਛਕੜਾ, ਟਰਾਲੀਆਂ ਅਤੇ ਟਾਂਗੇ ਇਕ ਦੂਜੇ ਵਿਚ ਵੱਜ ਰਹੇ ਸਨ, ਸਕੂਟਰ ਵਿੰਗੇ-ਟੇਡੇ ਰਸਤਿਆਂ ਵਿਚੋਂ ਥੋੜ੍ਹੀ ਜਗ੍ਹਾ ਤੋਂ ਲੰਘਣ ਦਾ ਰਾਹ ਬਣਾ ਰਹੇ ਸਨ ਅਤੇ ਰਿਕਸ਼ਿਆਂ ਦੇ ਪਾਟੇ ਹੋਏ ਸਾਈਲੰਸਰਾਂ ਵਿਚੋਂ ਕਾਲਾ ਧੂੰਆਂ ਸੁੱਟਿਆ ਜਾ ਰਿਹਾ ਸੀ। ਘਬਰਾਏ ਹੋਏ ਡਰਾਇਵਰ ਹਾਰਨਾਂ ਨੂੰ ਤਲੀਆਂ ਨਾਲ ਦਬਾਅ ਕੇ ਉਹਨਾਂ ਕਾਰਾਂ ਨੂੰ ਸੁਚੇਤ ਕਰ ਰਹੇ ਸਨ ਜੋ ਹੌਲੀ ਹੌਲੀ ਅੱਗੇ ਵਧਦੀਆਂ ਸਨ, ਉਹ ਪੈਦਲ ਤੁਰਣ ਵਾਲਿਆਂ 'ਤੇ ਚਿਲਾ ਰਹੇ ਸਨ ਅਤੇ ਉਹਨਾਂ ਨੂੰ ਗਾਲ੍ਹਾਂ ਕੱਢ ਰਹੇ ਸਨ, ਜੋ ਉਹਨਾਂ ਨੂੰ ਅਣਗੌਲਿਆਂ ਕਰ ਰਹੇ ਸਨ ਅਤੇ ਅੱਗੇ ਪਿੱਛੇ ਹੋ ਰਹੇ ਸਨ। ਹਰ ਤਰਫ ਇਸ ਵੱਡੀ ਅੰਗ-ਭੰਗ ਵਿਚ ਇਕ ਭਾਜੜ ਮੱਚੀ ਹੋਈ ਸੀ।

ਕੋਨਿਆਂ 'ਤੇ ਕੂੜਾ ਪਾਉਣ ਵਾਲੇ ਢੋਲ ਨਹੀਂ ਸਨ ਅਤੇ ਨਾ ਹੀ ਕਈ ਬਜ਼ੁਰਗ ਲੋਕ ਜੋ ਇਸ ਖੇਤਰ ਵਿਰ ਉਦੋਂ ਰਹਿੰਦੇ ਹੁੰਦੇ ਸਨ। ਉਸ ਸਮੇਂ ਦੇ ਅੱਧਖੜ ਉਮਰ ਵਾਲਿਆਂ ਦੇ ਸਰੀਰ ਝੁਕ ਗਏ ਸਨ ਅਤੇ ਉਹ ਕਮਜ਼ੋਰ ਹੋ ਗਏ ਸਨ, ਬੜੀ ਮਿਹਨਤ ਨਾਲ ਇਸ ਤੇਜ਼ ਰਫਤਾਰ ਸਮੇਂ ਦੇ ਵਿਚ ਜਿੰਦਾ ਰਹਿ ਰਹੇ ਸਨ। ਜਵਾਨ ਅੱਧਖੜ ਉਮਰ ਵਿਚ ਪਹੁੰਚ ਗਏ ਸਨ, ਅਤੇ ਉਹ ਹੁਣ ਤੰਗ ਜੀਨਾਂ ਵਾਲੇ ਨੌਜਵਾਨਾਂ ਵਿਚ ਬਦਲ ਗਏ ਸਨ ਜੋ ਫਿਲਮੀ ਗਾਣਿਆ ਦੀ ਧੁੰਨਾਂ ਨਾਲ ਪ੍ਰਭਾਵ ਪਾਉਣ ਲਈ ਗੁਣਗੁਨਾਉਂਦੇ ਜੋ ਉਹਨਾਂ ਆਪਣੇ ਟਰਾਂਜਿਸਟਰਾਂ ਤੋਂ ਉੱਚੀਆਂ

ਆਵਾਜ਼ਾਂ ਵਿਚ ਸੁਣਦੇ ਸਨ। ਸਮੇਂ ਦੇ ਨਾਲ-ਨਾਲ ਚਲਦਿਆਂ ਬੱਚਿਆਂ ਦੀ ਨਵੀਂ ਪੀੜ੍ਹੀ, ਅਨਿਯਮਤ ਢੰਗ ਨਾਲ ਭੱਜਦੀ ਨਜ਼ਰ ਆਉਂਦੀ ਸੀ....... ਭਾਵੇਂ ਕਿ ਅਜੇ ਅਸਲ ਵਿਚ ਕੁਝ ਵੀ ਨਹੀਂ ਸੀ ਬਦਲਿਆ। ਹਰ ਚੀਜ਼ ਬਿਲਕੁਲ ਉਸ ਤਰ੍ਹਾਂ ਦੀ ਹੀ ਲੱਗਦੀ ਸੀ।

ਮੈਂ ਉਹਨਾਂ ਪੁਰਾਣੀਆਂ ਹੋ ਰਹੀਆਂ ਇਮਾਰਤਾਂ ਜੋ ਅਜੇ ਵੀ ਥੱਲੇ ਦੇ ਮੱਧ ਦਰਜ਼ੇ ਦੇ ਨੀਰਸ ਲੋਕਾਂ ਨਾਲ ਭਰੀਆਂ ਹੋਈਆਂ ਸਨ। ਬਾਲਕੋਨੀਆਂ 'ਤੇ ਅਜੇ ਵੀ ਸੁਕਾਉਣ ਵਾਲੇ ਕੱਪੜਿਆਂ ਦੀਆਂ ਲਾਈਨਾਂ ਅਤੇ ਪਤਲਿਆਂ ਬਾਂਸ ਦੀਆਂ ਸਿਰਕੀਆਂ ਅਜੇ ਵੀ ਬੂਹਿਆਂ 'ਤੇ ਲਟਕ ਰਹੀਆਂ ਸਨ, ਜੋ ਤੰਗ ਪੌੜੀਆਂ ਨੂੰ ਛਿਪਾ ਦਿੰਦੀਆਂ ਸਨ, ਜੋ ਕਈ ਮੰਜ਼ਿਲਾਂ ਤਕ ਜਾਂਦੀਆਂ ਸਨ ਅਤੇ ਹਰ ਛੱਤ 'ਤੇ ਵੱਖ-ਵੱਖ ਘਰਾਂ ਨੂੰ ਰਸਤਾ ਦਿੰਦੀਆਂ ਸਨ।

ਪਰ 65 ਸਾਲਾਂ ਵਿਚ ਮੇਰੇ ਸਿਰ ਅਤੇ ਦਾੜ੍ਹੀ ਦੇ ਵਾਲ ਸਫ਼ੈਦ ਹੋ ਗਏ ਸਨ ਅਤੇ ਮੇਰੇ ਪਿੱਛੇ ਵਾਲੀ ਇਮਾਰਤ ਵਿਚ ਸਭ ਕੁਝ ਬਦਲ ਗਿਆ ਸੀ। ਸੰਨ 1951 ਵਿਚ ਜਿਹੜੀ 8 ਵਰਗ ਫੁੱਟ ਡਿਸਪੈਂਸਰੀ ਮੈਂ ਖ਼ਰੀਦੀ ਸੀ ਜਿਸ ਨੂੰ ਹੁਣ ਵਧਾ ਕੇ ਦੂਸਰੀ ਤੇ ਤੀਸਰੀ ਮੰਜ਼ਿਲ ਵੀ ਬਣਾ ਲਈ ਗਈ। ਇਸ ਜਗਾਹ ਤੋਂ ਮੈਂ ਉਹਨਾਂ ਲੋਕਾਂ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜੋ ਮੇਰੇ ਕੋਲ ਨਹੀਂ ਸਨ ਪਹੁੰਚ ਸਕਦੇ। ਇਕ ਇਹੋ ਜਿਹੇ ਨੈੱਟਵਰਕ ਨੂੰ ਫੈਲਾ ਦਿੱਤਾ ਸੀ ਜੋ ਹੌਲੀ-ਹੌਲੀ ਵਧ ਰਿਹਾ ਸੀ ਅਤੇ ਥੱਲੜੀ ਪੱਧਰ 'ਤੇ ਜਾਲ ਦੀ ਤਰ੍ਹਾਂ ਫੈਲ ਗਿਆ ਸੀ, ਜੋ ਪਾਕਿਸਤਾਨ ਦੇ ਹਰ ਖੇਤਰ ਵਿਚ ਫੈਲ ਚੁੱਕਾ ਸੀ। ਉਸ ਨੂੰ ਇਕ ਕਮਰੇ ਵਿਚੋਂ ਕੰਟਰੋਲ ਕੀਤਾ ਜਾਂਦਾ ਸੀ ਜਿਸ ਨੂੰ ਟਾਵਰ ਕਿਹਾ ਜਾਂਦਾ ਸੀ।

ਸੰਨ 1990 ਤਕ, ਈਦੀ ਫਾਊਂਡੇਸ਼ਨ ਸਮਾਜ ਸੇਵਾ ਦਾ ਸਭ ਤੋਂ ਇੱਕਲਾ ਅਦਾਰਾ ਸੀ ਜਿਸ ਦਾ 450 ਜ਼ਮੀਨੀ ਐਂਬੂਲੈਂਸਾਂ ਦਾ ਸਮੂਹ ਸੀ। ਅਸੀਂ ਸੰਨ 1997 ਤਕ 800 ਤਕ ਪਹੁੰਚਾਉਣ ਦਾ ਅੰਦਾਜ਼ਾ ਲਾਇਆ ਸੀ। ਸਾਰੇ ਦੇਸ਼ ਵਿਚ ਫੈਲੀ ਇਸ ਸੇਵਾ ਕੋਲ ਨਵੀਆਂ ਸੰਚਾਰ ਤਕਨੀਕਾਂ ਸਨ ਅਤੇ ਦੇਸ਼ ਦੇ ਦੂਰ-ਦੂਰ ਦੇ ਖੇਤਰਾਂ ਨੂੰ ਇਸ ਨਾਲ ਜੋੜਿਆ ਗਿਆ ਸੀ, ਜਿਸ ਦਾ ਸਭ ਤੋਂ ਛੇਤੀ ਕ੍ਰਿਆਸ਼ੀਲ ਹੋਣ ਦਾ ਰਿਕਾਰਡ ਸੀ। ਸੰਨ 1990 ਤਕ 1 ਕਰੋੜ ਤੋਂ ਵੀ ਵੱਧ ਲੋਕਾਂ ਦੀ ਸੇਵਾ ਕੀਤੀ ਜਾ ਚੁੱਕੀ ਸੀ। ਦੇਸ਼ ਦੇ ਵੱਡੇ ਹਿੱਤ ਨੂੰ ਨਜ਼ਰ ਵਿਚ ਰੱਖਦਿਆਂ ਹੋਇਆਂ, ਅਸੀਂ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੂੰ 50 ਐਂਬੂਲੈਂਸਾਂ ਦੇ ਦਿੱਤੀਆਂ ਸਨ।

ਸੰਨ 1987 ਤੋਂ ਹਵਾਈ ਐਂਬੂਲੈਂਸ ਸੇਵਾ, ਜਿਸ ਵਿਚ ਦੋ ਹਵਾਈ ਜਹਾਜ਼ ਅਤੇ ਇਕ ਹੈਲੀਕਾਪਟਰ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਆਉਣ ਵਾਲੇ ਪੰਜ ਸਾਲਾਂ ਵਿਚ 5 ਹੋਰ ਜਹਾਜ਼ ਅਤੇ 5 ਹੈਲੀਕਾਪਟਰ ਪ੍ਰਾਪਤ ਕਰਨ ਦਾ ਵਿਚਾਰ ਸੀ, ਜਿਸ ਨੂੰ ਖਰੀਦਣ, ਸੰਭਾਲਣ ਅਤੇ ਚਲਾਉਣ ਲਈ ਸਭ ਤੋਂ

ਜ਼ਿਆਦਾ ਪੈਸੇ ਵੱਖਰੇ ਫਿਕਸਡ ਡਿਪਾਜਿਟ ਵਿਚ ਰੱਖ ਲਏ ਸਨ। ਫੌਜ ਦੀ ਹਵਾਈ ਸੰਚਾਲਨ ਨੇ ਸਾਡੇ ਪਾਈਲਟਾਂ ਨੂੰ ਆਪਣੇ ਸਮਾਨ ਨਾਲ ਸਿਖਲਾਈ ਦਿੱਤੀ, ਇਸ ਲਈ ਹੋਰ ਸਿਖਲਾਈ ਨੂੰ ਵੀ ਮਨਜ਼ੂਰ ਕੀਤਾ ਗਿਆ। ਇੰਧਨ ਅਤੇ ਹੋਰ ਤੇਲ ਕੰਪਨੀਆਂ ਵੱਲੋਂ ਮੁਫ਼ਤ ਮਿਲਣ ਦੀ ਮੰਨਜ਼ੂਰੀ ਮਿਲ ਗਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਮਹਿਕਮੇ ਨੇ ਲਾਈਸੰਸ ਰਜਿਸਟਰੇਸ਼ਨ ਅਤੇ ਹੋਰ ਚੰਦੇ, ਇਸ ਸੇਵਾ ਦੇ ਵਿਸਥਾਰ ਲਈ ਮੁਆਫ ਕਰ ਦਿੱਤੇ।

ਹਵਾਈ ਐਂਬੂਲੈਂਸ ਦੀ ਸੇਵਾ ਦੇ ਉਦੇਸ਼ਾਂ ਵਿਚ, ਡਾਕਟਰਾਂ ਅਤੇ ਵਿਸ਼ੇਸ਼ਤਾਈ ਪ੍ਰਾਪਤ ਮਾਹਿਰਾਂ ਨੂੰ ਦੂਰ ਦਰਾਜ਼ ਦੇ ਖੇਤਰਾਂ ਵਿਚ ਲੈ ਜਾਣਾ, ਇਕ ਹਸਪਤਾਲ ਤੋਂ ਦੂਜੇ ਹਸਪਤਾਲ ਵਿਚ ਸੇਵਾਵਾਂ ਪਹੁੰਚਾਉਣੀਆਂ, ਲਹੂ ਦੀ ਅਤੇ ਖਾਸ ਅੰਗਾਂ ਦੇ ਬਦਲਣ ਲਈ ਢੁਆਈ ਦਾ ਇੰਤਜ਼ਾਮ ਕਰਨਾ, ਮਾਰੂਥਲ, ਪਹਾੜਾਂ, ਹੜ੍ਹਾਂ ਦੇ ਪ੍ਰਭਾਵਿਤ ਖੇਤਰਾਂ, ਸਮੁੰਦਰਾਂ, ਅਕਾਲ ਪ੍ਰਭਾਵਿਤ ਖੇਤਰਾਂ ਵਿਚ ਜ਼ਮੀਨ ਦੇ ਥੱਲੇ ਪਾਣੀ ਦੀ ਖੋਜ ਲਈ ਥਾਰ, ਚੋਲਿਸਤਾਨ ਅਤੇ ਉਥਾਲ ਵਿਚ ਸਰਵੇ ਕਰਨੇ ਅਤੇ ਦੂਰ ਦਰਾਜ ਵਿਚ ਖੋਜਾਂ ਅਤੇ ਨਵੇਂ ਭੰਡਾਰ ਲੱਭਣ ਵਿਚ ਲੱਗੀਆਂ ਕੰਪਨੀਆਂ ਨੂੰ ਡਾਕਟਰੀ ਸਹਾਇਤਾ ਦੇਣੀ, ਸਨ।

ਕੋਈ ਸੌ ਸ਼ਹਿਰਾਂ ਅਤੇ ਕਸਬਿਆਂ ਵਿਚ 240 ਈਦੀ ਕਲਿਆਣਕਾਰੀ ਕੇਂਦਰ ਚਲ ਰਹੇ ਸਨ। 25 ਕਿਲੋਮੀਟਰ 'ਤੇ ਆਪਾਤ ਸਥਿਤੀ ਪ੍ਰੋਜੈਕਟ 'ਤੇ ਆਧਾਰਿਤ ਕੇਂਦਰਾਂ ਦੀ ਇਕ ਲੜੀ ਮੁੱਖ ਹਾਈਵੇ ਅਤੇ ਲਿੰਕ ਸੜਕਾਂ 'ਤੇ, ਸਿੰਧ ਅਤੇ ਬਲੋਚਿਸਤਾਨ ਤੋਂ ਲੈ ਕੇ ਪੰਜਾਬ ਅਤੇ ਖੈਬਰ ਪਾਸ ਤੋਂ ਅੱਗੇ ਸੈਚਿਨ ਗਲੇਸ਼ੀਅਰ ਤਕ ਕੰਮ ਕਰ ਰਹੀ ਸੀ। ਸਭ ਕੇਂਦਰ ਵਾਇਰਲੈਸ ਨਾਲ ਜੁੜੇ ਹੋਏ ਸਨ ਅਤੇ ਮੈਂ ਇਸ ਨੂੰ 500 ਕੇਂਦਰਾਂ ਤਕ ਯੋਗ ਪੱਧਰਾਂ 'ਤੇ ਵਧਾਉਣ ਦੀ ਯੋਜਨਾ ਰੱਖਦਾ ਸਾਂ। ਇਕ ਪ੍ਰੋਜੈਕਟ ਦੀ ਦੂਸਰੀ ਸਥਿਤੀ ਵਿਚ ਮੈਂ 100 ਕਿਲੋਮੀਟਰਾਂ ਦੇ ਘੇਰੇ ਵਿਚ ਹਸਪਤਾਲਾਂ ਦੀ ਉਸਾਰੀ ਅਤੇ ਐਕਸੀਡੈਂਟਾਂ ਲਈ ਕੇਂਦਰ ਅਤੇ 1997 ਤਕ ਉਹਨਾਂ ਵਿਚ ਅਪ੍ਰੇਸ਼ਨ ਸ਼ੁਰੂ ਕਰਨਾ ਚਾਹੁੰਦਾ ਸਾਂ।

ਗ਼ਰੀਬ ਅਤੇ ਸੋਕੇ ਤੋਂ ਪ੍ਰਭਾਵਿਤ ਲੋਕਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਬਲੋਚਿਸਤਾਨ ਵਿਚ ਉਥਾਲ, ਸਿੰਧ ਵਿਚ ਚੋਲਿਸਤਾਨ ਅਤੇ ਥਾਰ ਵਿਚ ਪੇਂਡੂ ਖੇਤਰ ਸਥਾਪਿਤ ਕੀਤੇ ਗਏ, ਜਿਨ੍ਹਾਂ ਵਿਚੋਂ 25 ਕੇਂਦਰ ਇਕਲੇ ਥਾਰ ਦੇ ਇਲਾਕੇ ਵਿਚ ਸਥਾਪਿਤ ਕੀਤੇ ਗਏ। ਸੰਨ 1997 ਤਕ ਪੇਂਡੂ ਵਿਕਾਸ ਕੇਂਦਰ ਦੀ ਦੂਸਰੀ ਪੱਧਰ ਵਿਚ ਹਰ 20 ਕਿਲੋਮੀਟਰ 'ਤੇ ਪਾਕਿਸਤਾਨ ਵਿਚ ਵਿਸ਼ੇਸ਼ ਚੇਤਨਾ ਕੇਂਦਰ ਖੋਲੇ ਜਿਨ੍ਹਾਂ ਵਿਚ ਵਿੱਦਿਆ, ਡਾਕਟਰੀ ਸਹਾਇਤਾ, ਸਫਾਈ ਦੇ ਪ੍ਰੋਗਰਾਮ, ਪੀਣ ਲਈ ਸਾਫ਼ ਪਾਣੀ, ਟੀਕਾਕਰਨ ਅਤੇ ਆਪਣੀ ਮਦਦ ਆਪ ਕਰਨ ਦੇ ਆਧਾਰ 'ਤੇ ਇਲਾਕੇ ਵਿਚ ਮਦਦ ਕਰਨ ਦੇ ਪ੍ਰੋਗਰਾਮ ਚਲਾਉਣੇ ਸਨ। ਦਾਈਆਂ ਨੂੰ ਘਰ-ਘਰ

ਜਾ ਕੇ ਸਿਖਲਾਈ ਪ੍ਰਦਾਨ ਕਰਨ ਲਈ ਅਤੇ ਡਾਕਟਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਟੀਕਾ ਲਾਉਣ ਲਈ ਰੰਗਰੂਟ ਭਰਤੀ ਕੀਤੇ ਗਏ। ਅਸੀਂ ਉਸਤਾਦਾਂ, ਵਿਦਿਆਰਥੀਆਂ, ਡਾਕਟਰਾਂ ਨਾਲ ਸਲਾਹਾਂ ਬਣਾ ਰਹੇ ਸਾਂ ਅਤੇ ਇਸ ਸਕੀਮ ਵਿਚ ਡਾਕਟਰੀ ਸਹੂਲਤਾਂ ਦੇਣ ਦੀ ਵਿਵਸਥਾ ਕਰ ਰਹੇ ਸਾਂ।

60 ਆਪਾਤ ਪੋਸਟਾਂ ਕੁਝ ਚੁਣੀਆਂ ਹੋਈਆਂ ਥਾਵਾਂ 'ਤੇ ਬਣਾ ਦਿੱਤੀਆਂ ਗਈਆਂ ਜੋ ਜਲਸਿਆਂ ਅਤੇ ਜਲੂਸਾਂ ਲਈ ਸ਼ਹਿਰੀ ਸੁਰੱਖਿਆ ਅਤੇ ਨਿੱਤ ਚੈੱਕ ਕਰਨਗੀਆਂ ਤਾਂ ਕਿ ਕਿਸੇ ਦੁਰਘਟਨਾ ਵਾਲੀ ਜਗਾਹ 'ਤੇ ਕੁਝ ਹੀ ਮਿੰਟਾਂ ਵਿਚ ਸੁਵਿਧਾ ਪਹੁੰਚਾਈ ਜਾ ਸਕੇ। ਇਨ੍ਹਾਂ ਥਾਵਾਂ 'ਤੇ ਸਮਾਜਿਕ ਬੁਰਾਈਆਂ ਜਿਵੇਂ ਨਸ਼ੇ, ਪਰਿਵਾਰ ਨਿਯੋਜਨ, ਅਨਪੜ੍ਹਤਾ ਅਤੇ ਸਿਹਤ ਵਿਗਿਆਨ ਲਈ ਮੁਹਿਮ ਚਲਾਈ, ਅਨਪੜ੍ਹ ਲੋਕਾਂ ਵਿਚ ਮਦਦ ਅਤੇ ਅਗਵਾਈ ਅਤੇ ਲੋਕਲ ਭਲਾਈ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਸਨ। ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਸ਼ਹਿਰਾਂ ਦੇ 99 ਫੀਸਦੀ ਵਸੋਂ ਨੂੰ ਉਹਨਾਂ ਦੇ ਬੂਹੇ 'ਤੇ ਸੇਵਾਵਾਂ ਦੀ ਵਿਵਸਥਾ ਹੋ ਜਾਵੇਗੀ।

ਕਰਾਚੀ, ਹੈਦਰਾਬਾਦ, ਮੁਲਤਾਨ, ਲਾਹੌਰ, ਪਿਸ਼ਾਵਰ ਅਤੇ ਕੋਇਟਾ ਵਿਚ 15 ਈਦੀ ਘਰ ਜਿਨ੍ਹਾਂ ਨੂੰ **ਆਪਣਾ ਘਰ** ਕਿਹਾ ਜਾਂਦਾ ਸੀ, ਉਹਨਾਂ ਬੇਆਸਰਾ, ਘਰੋਂ ਭਜੇ ਹੋਏ ਅਤੇ ਮਾਨਸਿਕ ਰੋਗੀਆਂ ਦੀ ਸੰਭਾਲ ਲਈ ਸਥਾਪਿਤ ਕਰ ਦਿੱਤੇ ਗਏ। 3 ਮਿਲੀਅਨ ਤੋਂ ਉੱਤੇ ਬੱਚਿਆਂ ਨੂੰ ਮੁੜ ਵਸਾਇਆ ਗਿਆ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਅਤੇ 80 ਹਜ਼ਾਰ ਤੋਂ ਜ਼ਿਆਦਾ ਮਾਨਸਿਕ ਰੋਗੀਆਂ ਨੂੰ ਅਤੇ ਨਸ਼ੇ ਕਰਨ ਵਾਲਿਆਂ ਨੂੰ ਮੁੜ ਵਸਾਇਆ ਗਿਆ ਅਤੇ ਉਨ੍ਹਾਂ ਨੂੰ ਉਹਨਾਂ ਦੇ ਘਰਾਂ ਵਿਚ ਵਾਪਸ ਭੇਜਿਆ ਗਿਆ।

ਇਕ ਮਿਲੀਅਨ ਤੋਂ ਉੱਪਰ ਬੱਚਿਆਂ ਦਾ ਜਨਮ ਈਦੀ ਮੈਟਨਰੀ ਘਰਾਂ ਵਿਚ ਹੋਇਆ ਅਤੇ 20 ਹਜ਼ਾਰ ਤੋਂ ਉੱਪਰ ਉਹ ਨਵਜਾਤ ਬੱਚੇ ਜੋ ਕਿ ਕਿਤੇ ਛੱਡ ਦਿੱਤੇ ਗਏ ਸਨ ਉਹਨਾਂ ਨੂੰ 'ਕਰੈਡਲ ਹੋਮ ਸਕੀਮ' ਵਿਚ ਪਾਲਿਆ ਗਿਆ। ਕਰਾਚੀ ਵਿਚ 6 ਨਰਸਿੰਗ ਸਕੂਲਾਂ ਵਿਚ 40 ਹਜ਼ਾਰ ਤੋਂ ਵੱਧ ਪੱਛੜੇ ਖੇਤਰਾਂ ਦੀਆਂ ਔਰਤਾਂ ਨੂੰ ਮੁੱਢਲੀ ਸਿਖਲਾਈ ਦੇ ਕੇ ਆਰਥਿਕ ਤੌਰ 'ਤੇ ਸੁਤੰਤਰ ਕੀਤਾ, ਜਿਨ੍ਹਾਂ ਨੂੰ ਈਦੀ ਟਰੇਨਿੰਗ ਸਰਟੀਫਿਕੇਟ ਦਿੱਤੇ ਗਏ।

ਚਾਰ ਪ੍ਰਾਂਤਾਂ ਵਿਚ 8 ਈਦੀ ਹਸਪਤਾਲਾਂ ਵਿਚ ਮੁਫਤ ਡਾਕਟਰੀ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਮੂਸਾ ਲਾਈਨ ਦੀ ਇਕ ਵੱਡੀ ਵਸੋਂ ਵਾਲੇ ਖੇਤਰ ਵਿਚ ਇਕ 6 ਮੰਜ਼ਿਲਾ ਉੱਚਾ ਹਸਪਤਾਲ ਬਣਾਇਆ ਗਿਆ, ਜਿਸ ਵਿਚ 200 ਮੰਜਿਆਂ ਦੀ ਸਹੂਲਤ ਹੈ। ਇਸ ਵਿਚ ਪੂਰੇ ਸਮਾਨ ਨਾਲ ਬੱਚਿਆਂ ਦੇ ਪੈਦਾ ਹੋਣ ਲਈ ਕਮਰੇ, ਅਪ੍ਰੇਸ਼ਨ ਥਿਏਟਰ ਅਤੇ ਐਕਸਰੇ ਦੀਆਂ ਸਹੂਲਤਾਂ ਹਨ ਅਤੇ ਰੋਗਾਂ ਦੀ ਛਾਣ-ਬੀਣ ਲਈ ਇਕ ਯੂਨਿਟ ਵੀ ਹੈ। ਇਕ 50 ਬਿਸਤਰਿਆਂ ਦਾ ਅੱਖਾਂ

ਦਾ ਹਸਪਤਾਲ ਅਤੇ ਕਰਾਚੀ, ਹੈਦਰਾਬਾਦ ਅਤੇ ਮੁਲਤਾਨ ਵਿਚ, 5 ਹੋਰ ਹਸਪਤਾਲ ਜਿਨ੍ਹਾਂ ਵਿਚ ਸ਼ੂਗਰ ਰੋਗਾਂ ਦਾ ਇਲਾਜ ਹੁੰਦਾ ਹੈ। ਗੁਰਦਿਆਂ ਦੀਆਂ ਬੀਮਾਰੀਆਂ ਅਤੇ ਕੈਂਸਰ ਦੇ ਰੋਗੀਆਂ ਲਈ ਸਰਜੀਕਲ ਯੂਨਿਟ ਸੰਨ 1995-96 ਤਕ ਆਪਣਾ ਕੰਮ ਸ਼ੁਰੂ ਕਰ ਦੇਣਗੇ।

ਮੁੱਖ ਸ਼ਹਿਰਾਂ ਅਤੇ ਆਜ਼ਾਦ ਕਸ਼ਮੀਰ, ਝੰਗ ਅਤੇ ਟੈਕਸਿਲਾ ਵਿਚ 30 ਮੁਫਤ ਦਵਾਈਆਂ ਦੇਣ ਵਾਲੀਆਂ ਡਿਸਪੈਂਸਰੀਆਂ ਸਥਾਪਿਤ ਕੀਤੀਆਂ ਗਈਆਂ ਸਨ। 15 ਮੋਬਾਈਲ ਡਿਸਪੈਂਸਰੀਆਂ ਨੇ ਘੱਟੋ-ਘੱਟ ਇਕ ਮਿਲੀਅਨ ਲੋਕਾਂ ਨੂੰ ਆਪਾਤ ਸਹੂਲਤਾਂ ਅਤੇ ਕੋਈ ਦੋ ਮਿਲੀਅਨ ਲੋਕਾਂ ਨੂੰ ਕਬੀਲਿਆਂ ਅਤੇ ਬੋਲੀ ਦੇ ਆਧਾਰ ’ਤੇ ਦੰਗਿਆਂ ਅਤੇ ਹੋਰ ਮੁਸ਼ਕਲਾਂ ਵੇਲੇ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਸਨ।

ਸੁਪਰ ਹਾਈਵੇ ’ਤੇ ਜਿਹੜਾ 65 ਏਕੜ ਵਿਚ *ਈਦੀ ਪਿੰਡ* ਬਣਾਇਆ ਗਿਆ ਸੀ, ਉਸ ਦੀਆਂ ਇਮਾਰਤਾਂ ਦੇ 8 ਬਲਾਕ ਬਣਾਏ ਗਏ ਸਨ, ਜਿਨ੍ਹਾਂ ਵਿਚੋਂ ਪੰਜ ਕੰਮ ਲਈ ਤਿਆਰ-ਬਰ-ਤਿਆਰ ਸਨ, ਚਾਰਾਂ ਵਿਚ 2000 ਬੱਚੇ ਰਹਿੰਦੇ ਸਨ ਜਦੋਂ ਕਿ ਪੰਜਵਾਂ ਨਸ਼ਿਆਂ ਵਾਲਿਆਂ ਦੇ ਮੁੜ ਵਸਾਉਣ ਦਾ ਕੇਂਦਰ ਸੀ। ਮੇਰੀ ਯੋਜਨਾ ਸੀ ਕਿ ਮੈਂ ਇਕ ਸਾਲ ਵਿਚ ‘ਨਸ਼ਾ ਛੁਡਾਉ, ਮੁੜ ਵਸਾਉ’ ਕੇਂਦਰ ਨੂੰ ਵਿਕਸਤ ਕਰਕੇ ਇਸ ਦੇ ਇਕ ਹਿੱਸੇ ਨੂੰ ਉਦਯੋਗਿਕ ਹੁਨਰ ਸਿਖਾਉਣ ਲਈ ਬਦਲ ਦੇਵਾਂ, ਇਸ ਉਦੇਸ਼ ਲਈ, ਇਕ ਬਾਲ-ਪੋਆਂਇੰਟ ਪੈੱਨ ਬਨਾਉਣ ਦਾ ਪਲਾਂਟ ਚਲ ਰਿਹਾ ਸੀ। ਮੈਂ ਇਕ ਇਸ ਤਰ੍ਹਾਂ ਦੀ ਯੋਜਨਾ ਬਣਾਈ, ਜਿਸ ਵਿਚ ਪੜ੍ਹਨ ਅਤੇ ਲਿਖਣ ਤੋਂ ਇਲਾਵਾ ਅਮਲੀ ਹੁਨਰ ਜਿਵੇਂ ਡਰਾਇਵਿੰਗ, ਡਿਸਪੈਂਸਰੀ ਦਾ ਕੰਮ, ਦੁਰਘਟਨਾ ਵੇਲੇ ਸਹਾਇਤਾ ਅਤੇ ਕਲਰਕਾਂ ਦੀ ਸਿਖਲਾਈ ਦੇ ਕੰਮ ਸਿਖਾਏ ਜਾਣ। ਜੋ ਗਰੇਜੂਏਟ ਸਨ ਅਤੇ ਫਾਊਂਡੇਸ਼ਨ ਲਈ ਕੰਮ ਕਰਨਾ ਚਾਹੁੰਦੇ ਸਨ, ਉਹਨਾਂ ਨੂੰ ਵਿਆਹ ਦਾ ਖ਼ਰਚ, ਤਨਖਾਹਾਂ ਅਤੇ ਰਿਟਾਇਰਮੈਂਟ ਦੇ ਭੱਤੇ ਦਿੱਤੇ ਜਾਣਗੇ। ਇਸ ਦਾ ਉਦੇਸ਼ ਇਹ ਸੀ ਕਿ ਵੱਖ-ਵੱਖ ਫਿਰਕੇ ਦੇ ਲੋਕਾਂ ਨਾਲ ਮੇਲ ਮਿਲਾਪ ਵਧਾਉਣਾ ਲੋਕਾਂ ਵਿਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਇਕ ਹਮਦਰਦ ਸਮਾਜ ਬਨਾਉਣਾ।

ਮਾਨਸਿਕ ਰੋਗੀ ਔਰਤਾਂ ਦੇ ਬਫਰ ਜੋਨ ਕੇਂਦਰ ਨੂੰ ਇਕ ਵਿਸ਼ੇਸ਼ ਮਨੋਵਿਗਿਆਨਿਕ ਕਲੀਨਿਕ ਨਾਲ ਜੋੜਿਆ ਗਿਆ। ਉੱਤਰੀ ਕਰਾਚੀ ਵਿਚ ਇਕ ਹੋਸਟਲ ਅਤੇ ਸਿਖਲਾਈ ਕੇਂਦਰ ਦੋ ਹਜ਼ਾਰ ਔਰਤਾਂ ਨਾਲ ਪੂਰੀ ਤਰ੍ਹਾਂ ਭਰੇ ਹੋਏ ਸਨ, ਇਸ ਵਿਚ 252 ਕਮਰੇ ਅਤੇ 88 ਹਾਲ ਸਨ, ਜਿਥੇ ਵਿਦੇਸ਼ੀ ਬੋਲੀਆਂ ਅਤੇ ਉਦਯੋਗਿਕ ਸਿਖਲਾਈ ਲਈ ਇਕ ਕੇਂਦਰ ਸੀ। ਹਰ ਕੇਂਦਰ ’ਤੇ ਪਰਿਵਾਰ ਨਿਯੋਜਨ ਬਾਰੇ ਜਾਣਕਾਰੀ ਪਾਕਿਸਤਾਨ ਪਰਿਵਾਰ ਨਿਯੋਜਨ ਦੇ ਮਹਿਕਮੇ ਨਾਲ ਮਿਲ ਕੇ ਮੁਫਤ ਦਿੱਤੀ ਜਾਂਦੀ ਸੀ ਅਤੇ ਇਸ ਵਿਚ ਬਚਾਅ ਲਈ ਮੁਫਤ ਟੀਕੇ UNICEF ਦੀ ਮਿਲਵਰਤਣ ਨਾਲ ਲਾਏ ਜਾਂਦੇ ਸਨ।

8 ਗੁਦਾਮਾਂ ਵਿਚ ਲੋੜੀਂਦੀਆਂ ਵਸਤੂਆਂ ਜਮਾਂ ਕੀਤੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ 5 ਵਿਚ ਕਿਸੇ ਵੀ ਕੁਦਰਤੀ ਆਫਤ ਦਾ ਮੁਕਾਬਲਾ ਕਰਨ ਲਈ ਸਮਾਨ ਜਮਾਂ ਸੀ। ਇਥੋਂ ਹੀ ਰਿਫਿਊਜੀ ਕੈਂਪਾਂ, ਸਰਕਾਰੀ ਹਸਪਤਾਲਾਂ, ਸੈਨੀਟੋਰੀਅਮਾਂ ਅਤੇ ਗ਼ਰੀਬਾਂ ਲਈ ਰਾਸ਼ਨ ਅਤੇ ਮੀਟ ਮੁਫ਼ਤ ਦਿੱਤਾ ਜਾਂਦਾ ਸੀ। ਫਾਊਂਡੇਸ਼ਨ ਵਲੋਂ ਸਰਕਾਰੀ ਹਸਪਤਾਲਾਂ ਵਿਚ ਇਕ ਹਜ਼ਾਰ ਰੋਗੀਆਂ ਨੂੰ ਰੋਜ਼ਾਨਾ ਖ਼ੁਰਾਕ ਦਿੱਤੀ ਜਾਂਦੀ ਸੀ। ਇਕ ਮਿਲੀਅਨ ਤੋਂ ਉੱਪਰ ਅਪੰਗ ਲੋਕਾਂ ਦਾ ਹਸਪਤਾਲ ਵਿਚ ਮੁਫਤ ਇਲਾਜ ਕਰਵਾਇਆ ਗਿਆ ਸੀ, ਵੀਲ ਚੇਅਰਾਂ, ਛੋਟੇ ਇਲਾਜ ਦੇ ਕੇਂਦਰ, ਆਕਸੀਜਨ ਸਿਲੰਡਰ ਅਤੇ ਭੌੜੀਆਂ ਇਨ੍ਹਾਂ ਗੁਦਾਮਾਂ ਵਿਚੋਂ ਦਿੱਤੀਆਂ ਗਈਆਂ।

ਸੰਨ 1997 ਦੇ ਸਾਲ ਵਿਚ, ਪਾਕਿਸਤਾਨ ਦੇ ਸਭ ਮੁੱਖ ਸ਼ਹਿਰਾਂ ਵਿਚ ਸੋਕੇ ਨਾਲ ਪ੍ਰਭਾਵਿਤ ਇਲਾਕਿਆਂ ਅਤੇ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਮੁੱਢਲੀ ਖੁਰਾਕ ਨਾਲ ਮੁਫਤ ਖਾਣਾ ਦੇਣ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ।

ਫਾਊਂਡੇਸ਼ਨ ਨੇ ਮੁੱਖ ਸ਼ਹਿਰਾਂ ਵਿਚ ਛੇ ਕਬਰਸਤਾਨਾਂ ਦਾ ਇੰਤਜ਼ਾਮ ਕੀਤਾ ਸੀ। ਸੰਨ 1990 ਤਕ ਈਦੀ ਫਾਊਂਡੇਸ਼ਨ ਨੇ 2 ਲੱਖ ਬੇ-ਵਾਰਸ ਲਾਸ਼ਾਂ ਨੂੰ ਦਫਨਾਇਆ ਸੀ। ਸੋਹਰਾਬ ਗੋਥ ਵਿਚ ਇਕ ਮੁਰਦਾਘਰ, ਜਿਸ ਵਿਚ 60 ਲਾਸ਼ਾਂ ਰੱਖਣ ਦਾ ਇੰਤਜ਼ਾਮ ਹੈ, ਬਣਾਇਆ ਗਿਆ ਸੀ। ਕਰਾਚੀ ਦੇ ਦੋ ਬਲੱਡ ਬੈਂਕ, ਸਰਕਾਰੀ ਹਸਪਤਾਲਾਂ ਨੂੰ 8 ਪਾਇੰਟ ਖ਼ੂਨ ਹਰ ਰੋਜ਼ ਭੇਜਦੇ ਸਨ। ਕਰਾਚੀ ਅਤੇ ਮੁਲਤਾਨ ਦੇ ਦੋ ਦਵਾਈਆਂ ਦੇ ਬੈਂਕ ਸਰਕਾਰੀ ਹਸਪਤਾਲਾਂ ਨੂੰ ਅਤੇ ਸਟੋਰਾਂ ਲਈ ਜ਼ਰੂਰੀ ਦਵਾਈਆਂ ਨੂੰ ਭੇਜਦੇ ਹਨ ਅਤੇ ਸਾਡੀਆਂ ਸਾਰੀਆਂ ਡਿਸਪੈਂਸਰੀਆਂ ਨੂੰ ਦਵਾਈਆਂ ਭੇਜਦੇ ਸਨ। ਅਸੀਂ ਪਸ਼ੂਆਂ ਦੀ ਤਿੰਨ ਕਲੀਨਿਕ ਚਲਾ ਰਹੇ ਸਾਂ ਤਾਂ ਕਿ ਪਸ਼ੂਆਂ ਦਾ ਖਿਆਲ ਰੱਖਿਆ ਜਾ ਸਕੇ ਅਤੇ ਕਰਾਚੀ ਹਾਈਵੇ 'ਤੇ 4 ਏਕੜ ਵਿਚ ਪਸ਼ੂਆਂ ਦੀ ਰੱਖਣ ਦੀ ਜਗਾਹ ਰੱਖੀ ਹੋਈ ਸੀ।

ਫਾਊਂਡੇਸ਼ਨ ਪੱਕੇ ਤੌਰ 'ਤੇ ਕਾਨੂੰਨੀ ਸੇਵਾ ਵੀ ਪ੍ਰਦਾਨ ਕਰਦੀ ਸੀ ਜਿਸ ਨਾਲ ਤਕਰੀਬਨ 3 ਹਜ਼ਾਰ ਬੇਆਸਰਾ ਅਤੇ ਮਾਨਸਿਕ ਰੋਗੀ ਕੈਦੀਆਂ ਨੂੰ ਵੱਖ-ਵੱਖ ਜੇਲ੍ਹਾਂ ਵਿਚੋਂ ਛੁਡਾਇਆ ਗਿਆ ਸੀ ਅਤੇ ਸਾਡੇ ਕਮੀਸ਼ਨ ਪ੍ਰਾਪਤ ਡਾਕਟਰ ਰੋਜ਼ਾਨਾ ਦੇ ਆਧਾਰ 'ਤੇ ਅਲੱਗ-ਅਲੱਗ ਜੇਲ੍ਹਾਂ ਵਿਚ ਕੈਦੀਆਂ ਨੂੰ ਮਿਲਦੇ ਸਨ। ਕੈਦੀਆਂ ਨੂੰ ਖਾਸ ਮੌਕਿਆਂ 'ਤੇ ਐਂਬੂਲੈਂਸ ਸੇਵਾ ਨਾਲ ਖੁਰਾਕ ਦੀ ਸਹੂਲਤ ਅਤੇ ਪੁਸਤਕਾਂ, ਸਟੇਸ਼ਨਰੀ, ਖੇਡਾਂ ਦਾ ਸਮਾਨ, ਟੈਲੀਵਿਜ਼ਨ, ਕੱਪੜੇ, ਕੰਬਲ ਅਤੇ ਤੋਹਫੇ ਵੰਡੇ ਜਾਂਦੇ ਸਨ।

ਸੰਨ 1991 ਦੀ ਪਰਸ਼ੀਅਨ ਗਲਫ ਜੰਗ ਦੇ ਪ੍ਰਭਾਵਿਤ ਲੋਕਾਂ ਨੂੰ ਅਤੇ ਈਰਾਨ ਦੇ ਭੂਚਾਲ ਦੇ ਪੀੜ੍ਹਿਤਾਂ ਨੂੰ ਬਲੱਡ ਪਲਾਸਮਾ ਦੀ, ਦਵਾਈਆਂ ਦੀ ਅਤੇ ਸਰਜੀਕਲ ਔਜ਼ਾਰਾਂ ਦੀ ਮਦਦ ਦਿੱਤੀ ਗਈ। ਸੰਨ 1992 ਵਿਚ ਸੈਰੋ ਵਿਚ ਆਏ ਭੂਚਾਲ ਦੇ

ਪੀੜ੍ਹਤਾਂ ਨੂੰ ਮਦਦ ਦਿੱਤੀ ਗਈ। ਇਸ ਹੀ ਸਾਲ ਵਿਚ ਖਾੜੀ ਯੁੱਧ ਕਰਕੇ ਕੁਵੈਤ ਵਿਚ ਰੁਕੇ ਪਾਕਿਸਤਾਨੀਆਂ ਨੂੰ ਆਵਾਜਾਈ ਲਈ ਅਤੇ ਵਿੱਤੀ ਮਦਦ ਦਿੱਤੀ ਗਈ। ਸੰਨ 1993 ਅਤੇ ਸੰਨ 1994 ਵਿਚ ਇਰਾਕ ਅਤੇ ਰੋਮਾਨੀਆ ਵਿਚ ਲੋਕਾਂ ਦੀਆਂ ਛੋਟੀਆਂ-ਛੋਟੀਆਂ ਕਾਨੂੰਨੀ ਮੁਸ਼ਕਲਾਂ ਕਰਕੇ ਰੁਕੇ ਪ੍ਰਵਾਸੀਆਂ ਨੂੰ ਛੁਡਵਾਇਆ ਗਿਆ। ਸੰਨ 1993 ਵਿਚ ਈਦੀ ਫਾਊਂਡੇਸ਼ਨ ਨੇ ਪਾਕਿਸਤਾਨ ਫੌਜ ਨਾਲ ਮਿਲ ਕੇ ਮੋਗਾਦਿਸ਼ੂ ਵਿਚ ਸੋਮਾਲੀਆ ਨੂੰ ਚੌਲ ਅਤੇ ਹੋਰ ਖੁਰਾਕ ਸੰਬੰਧੀ ਵਸਤੂਆਂ ਦਿੱਤੀਆਂ ਗਈਆਂ। ਸੰਨ 1993 ਅਤੇ ਸੰਨ 1994 ਵਿਚ ਕਰੋਸ਼ੀਆ ਦੇ ਕੈਂਪਾਂ ਵਿਚ ਰਾਹਤ ਵਸਤੂਆਂ ਅਤੇ ਹੋਰ ਮਦਦ ਦਿੱਤੀ ਗਈ। ਲਗਾਤਾਰ ਕਸ਼ਮੀਰ ਵਿਚ ਲਾਈਨ ਆਫ ਕੰਟਰੋਲ ’ਤੇ ਰਾਹਤ ਕੰਮ ਕੀਤਾ ਗਿਆ।

ਫਾਊਂਡੇਸ਼ਨ ਵਲੋਂ ਬੰਗਲਾਦੇਸ਼, ਅਫਗਾਨਿਸਤਾਨ, ਕਸ਼ਮੀਰ, ਕੁਰਦਿਸਤਾਨ, ਬਰਮਾ, ਨੈਪਾਲ, ਸੋਮਾਲੀਆ ਅਤੇ ਯੂਗਡਾ ਤੋਂ ਆਏ ਰਿਫਊਜੀਆਂ ਨੂੰ ਰਾਹਤ ਰਾਸ਼ਨ ਅਤੇ ਆਰਥਿਕ ਮਦਦ ਦਿੰਦੀ ਜਾਂਦੀ ਰਹੀ ਸੀ। ਇਸਲਾਮਾਬਾਦ ਵਿਚ ਬੋਸੀਅਨ ਰਿਫਊਜੀ ਕੈਂਪ ਨੂੰ ਵਸਤੂਆਂ ਅਤੇ ਇਕ ਐਂਬੂਲੈਂਸ ਦਿੱਤੀ ਗਈ।

ਈਦੀ ਇੰਟਰਨੈਸ਼ਨਲ ਫਾਊਂਡੇਸ਼ਨ ਦੀਆਂ ਬਰਾਚਾਂ ਵਲੋਂ ਅਮਰੀਕਾ, ਇੰਗਲੈਂਡ, ਹੰਗਰੀ, ਅਰਬ ਇਮਰਾਤ, ਕੈਨੇਡਾ, ਬੰਗਲਾਦੇਸ਼, ਜਾਪਾਨ, ਅਫਗਾਨਿਸਤਾਨ, ਭਾਰਤ, ਸ੍ਰੀ ਲੰਕਾ, ਇਥੋਪੀਆ, ਸੁਡਾਨ ਅਤੇ ਰੂਸ ਵਿਚ ਵਸੇ ਏਸ਼ੀਆ ਦੇ ਲੋਕਾਂ ਨੂੰ ਕਲਿਆਣਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਸਾਡੇ ਵਿਕਾਸ ਦੀ ਦੂਸਰੀ ਸਟੇਜ ਸੰਨ 1994 ਵਿਚ ਸ਼ੁਰੂ ਹੋਵੇਗੀ।

ਮੈਂ ਬਿਨਾਂ ਘਮੰਡ ਤੋਂ, ਨੁਕਸਾਨ ਨਾ ਪਹੁੰਚਾਉਣ ਵਾਲੀ ਅਤੇ ਆਸਾਨੀ ਨਾਲ ਪਹੁੰਚਣ ਵਾਲੀ ਮੀਠਾਦਾਰ ਇਮਾਰਤ ਵੱਲ ਟਿਕਟਿਕੀ ਲਗਾ ਕੇ ਦੇਖ ਰਿਹਾ ਸਾਂ। ਇਹ ਦੁਨੀਆਂ ਦੀ ਬਹੁ ਸੰਮਤੀ ਦੀਆਂ ਹਾਲਤਾਂ ਦੀ ਪ੍ਰਤਿਨਿਧਤਾ ਕਰਦੀ ਸੀ। ਮੇਰਾ ਇਸ ਜਗਾਹ ਤੋਂ ਕੀਤਾ ਗਿਆ ਕੰਮ ਜ਼ਰੂਰ ਹੀ ਜ਼ੋਰਦਾਰ ਵਿਸ਼ਵਾਸ ਦਾ ਮਨੋਭਾਵ ਅਤੇ ਮਨ ਅਤੇ ਸਰੀਰ ਦੀ ਮਿਹਨਤ ਕਰਕੇ ਸੀ........ ਇਹ ਹਰ ਜਗਾਹ ’ਤੇ ਨਜ਼ਰ ਆਉਂਦਾ ਸੀ ਜਿਸ ਨੂੰ ਈਦੀ ਕਿਹਾ ਜਾਂਦਾ ਸੀ। ਨੈੱਟਵਰਕ ਦਾ ਅਧਿਐਨ ਇਸ ਨੂੰ ਜ਼ਰੂਰ ਹੀ ਇਸ ਦੀ ਕੁਸ਼ਲਤਾ ਨੂੰ ਸਾਬਿਤ ਕਰ ਦੇਵੇਗਾ।

ਸਮਾਜਿਕ ਚੇਤਨਾ ਦਾ ਲੰਮਾ ਸਫਰ ਇਸ ਦੀ ਸਫਲਤਾ ਦੀ ਗਿਣਤੀ ਤੋਂ ਬਗੈਰ ਸ਼ੁਰੂ ਹੋ ਚੁੱਕਾ ਸੀ। ਰਹਿਸਪੂਰਣ ਈਦੀ ਸ਼ਬਦ ਨੇ ਖਰਾਇਤ, ਆਪਣੀ ਮਦਦ ਆਪ, ਇਨਸਾਨੀਅਤ, ਸੁਰੱਖਿਆ ਅਤੇ ਉਦੇਸ਼ ਪ੍ਰਾਪਤ ਕਰਨ ਦੀ ਲਗਨ ਦੇ ਮੁੱਦੇ ਉਠਾਏ ਸਨ.....ਜਲਦੀ ਹੀ ਇਹ ਅੱਗੇ ਵਧਣਗੇ ਅਤੇ ਹੋਰ ਧਾਰਨਾਵਾਂ ਖੁੱਲਣਗੀਆਂ। ਬੋਰਡ ਅਤੇ ਕਮੇਟੀਆਂ ਦੀ ਲਾਹਨਤ ਤੋਂ ਬਗੈਰ ਇਹ ਇਕ ਆਦਮੀ ਦਾ ਕੰਮ ਸੀ। ਵਲੰਟੀਅਰਾਂ ਦੀ ਫੌਜ, ਮੇਰੀ ਸਮਰਪਿਤ ਟੀਮ ਅਤੇ ਬਿਲਕਿਅਸ ਇਕ ਤਰ੍ਹਾਂ ਨਾਲ

ਨਜ਼ਰ ਹੀ ਨਹੀਂ ਸਨ ਆਉਂਦੇ। ਇਹ ਇਕ ਮਹੱਤਵਪੂਰਣ ਗੱਲ ਸੀ ਜਿਸ ਵਿਚ ਪ੍ਰਾਪਤੀਆਂ ਸਨ ਅਤੇ ਉਸਨੇ ਫਾਊਂਡੇਸ਼ਨ ਨੂੰ ਉਭਾਰਨ ਦਾ ਕੰਮ ਕੀਤਾ ਸੀ, ਜਿਸਨੇ ਸ਼ਖ਼ਸ਼ੀਅਤਾਂ ਨੂੰ ਨਕਾਰਦੇ ਹੋਏ ਇਕ ਪ੍ਰਣਾਲੀ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਸੀ।

ਈਦੀ ਫਾਊਂਡੇਸ਼ਨ ਅਸਲ ਵਿਚ ਕੰਟਰੋਲ ਕੇਂਦਰਾਂ ਦੀ ਪ੍ਰਣਾਲੀ ਸੀ, ਜਿਸ ਨੂੰ ਤੀਸਰੀ ਦੁਨੀਆਂ ਦੇ ਲੋਕ ਅਮਲ ਵਿਚ ਲਿਆ ਸਕਦੇ ਸਨ। ਇਹ ਪੱਛਮ ਨੂੰ ਵੀ ਕਈ ਤਰ੍ਹਾਂ ਦੀ ਸਿੱਖਿਆ ਦਿੰਦੀ ਸੀ। ਮੈਂ ਇਕ ਵਿਦੇਸ਼ੀ ਡੈਲੀਗੇਸ਼ਨ ਨੂੰ ਕਿਹਾ, ਜੋ ਮੈਨੂੰ ਮੀਠਾਦਾਰ ਮਿਲਣ ਆਇਆ ਸੀ, “ਯੂਰਪ ਵਿਚ ਹਰ 25 ਕਿਲੋਮੀਟਰ ’ਤੇ ਹਾਈਵੇ ’ਤੇ ਕੇਂਦਰ ਨਹੀਂ ਹਨ। ਪੱਛਮ ਵਿਚ ਦੇਸ਼ ਵਿਆਪੀ, ਜਿਸ ਵਿਚ ਬਚਾਅ ਦੇ ਟੀਕੇ ਲਾਉਣ ਵਾਲੀਆਂ ਮੁੱਢਲੀਆਂ ਕਲਿਆਣਕਾਰੀ ਸੇਵਾਵਾਂ ਅਤੇ ਐਂਬੂਲੈਂਸ ਸਹੂਲਤਾਂ ਜੋ ਮਿੰਟਾਂ ਵਿਚ ਹੀ ਦੂਰ-ਦੂਰ ਦੇ ਇਲਾਕੇ ਵਿਚ ਪਹੁੰਚ ਸਕਦੀਆਂ ਹੋਣ, ਕੰਮ ਨਹੀਂ ਕਰ ਰਹੀਆਂ ਸਨ। ਜੋ ਇਹ ਇਕ ਦੇਸ਼ ਵਿਚ ਮਿਲ ਰਹੀਆਂ ਹਨ, ਜਿਨ੍ਹਾਂ ਲੋਕਾਂ ਕੋਲ ਸਿਹਤ ਦਾ ਪ੍ਰਬੰਧ ਨਹੀਂ, ਕੀ ਇਸ ਲਈ ਸਰਵੇ ਦੀ ਲੋੜ ਨਹੀਂ ?”

ਮੈਂ ਕੋਈ ਸਮਾਂ ਗੁਆਇਆ ਨਹੀਂ ਸੀ। ਅਸਲ ਵਿਚ ਮੈਂ ਜੋਸ਼ ਅਤੇ ਖੁਸ਼ੀ ਦੀ ਭਾਵਨਾ ਵਿਚ ਇਨ੍ਹਾਂ ਲੱਖਾਂ ਲੋਕਾਂ ਨੂੰ, ਜੋ ਮੇਰੇ ਆਪਣੇ ਆਪ ਵਿਚ ਵਸਦੇ ਸਨ, ਉੱਚਾ ਚੁੱਕਣ ਵਿਚ ਇੰਨਾਂ ਰੁੱਝਾ ਹੋਇਆ ਸਾਂ ਕਿ ਮੈਂ ਇਹ ਵੀ ਨਹੀਂ ਜਾਣ ਸਕਿਆ ਕਿ ਇਸ ਖਾਸ ਵਿਅਕਤੀ ਦੀ ਨਿਰਭਰਤਾ ਕਿਸੇ ਹੋਰ ’ਤੇ ਟਿਕੀ ਹੋਈ ਸੀ, ਬਿਲਕਿਅਸ ’ਤੇ। ਮੇਰਾ ਧਿਆਨ ਚੰਗੀ ਤਰ੍ਹਾਂ ਨਾਲ ਇਸ ਅਲੋਚਨਾ ਵੱਲ ਖਿੱਚਿਆ ਗਿਆ ਸੀ।

ਮੇਰੇ ਸਾਥੀਆਂ ਵਿਚੋਂ ਇਕ ਸਾਥੀ ਨੇ ਮੇਰੀ ਪਤਨੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਗੁਆਂਢ ਵਿਚ ਉਸ ਦੀ ਲੜਕੀ ਦੇ ਵਿਆਹ ਦੀ ਤਜਵੀਜ਼ ਦੇਣ ਤੋਂ ਪਹਿਲਾਂ, ਇਸ ਪਰਿਵਾਰ ਦੀ ਹਾਲਤ ਦਾ ਅੰਦਾਜ਼ਾ ਲਾ ਲਵੇ। ਜੀਨਤ ਅਤੇ ਬਿਲਕਿਅਸ ਉਸ ਇਮਾਰਤ ’ਤੇ ਗਈਆਂ, ਜਦੋਂ ਬਿਲਕਿਅਸ ਨੂੰ ਇਕ ਦਮ ਕੰਮਜ਼ੋਰੀ ਮਹਿਸੂਸ ਹੋਈ। ਉਹ ਪੌੜੀਆਂ ’ਤੇ ਹੀ ਬੈਠ ਗਈ ਅਤੇ ਜੀਨਤ ਨੂੰ ਕਹਿਣ ਲੱਗੀ ਕਿ ਉਹ ਉੱਪਰ ਚਲੀ ਜਾਵੇ ਅਤੇ ਆਪਣੀ ਰਾਇ ਬਣਾ ਲਵੇ। ਜਦੋਂ ਜੀਨਤ ਵਾਪਸ ਆਈ ਤਾਂ ਬਿਲਕਿਅਸ ਦੇ ਚਿਹਰੇ ’ਤੇ ਦਰਦ ਦੀ ਤਰੋੜ ਮਰੋੜ ਨਜ਼ਰ ਆ ਰਹੀ ਸੀ ਅਤੇ ਮੱਥੇ ਤੋਂ ਪਸੀਨੇ ਦੀਆਂ ਧਾਰਾਂ ਵਗ ਰਹੀਆਂ ਸਨ। ਉਸ ਨੂੰ ਆਪਣਾ ਸਰੀਰ ਟੁੱਟਦਾ ਨਜ਼ਰ ਆਉਂਦਾ ਸੀ। ਜੀਨਤ ਇਹ ਦਲੀਲ ਦੇ ਰਹੀ ਸੀ ਕਿ ਉਹ ਇਕ ਦਮ ਹਸਪਤਾਲ ਚਲੀਆਂ ਜਾਣ, ਪਰ ਬਿਲਕਿਅਸ ਉਸ ਨੂੰ ਸ਼ਾਂਤ ਕਰ ਰਹੀ ਸੀ ਅਤੇ ਉਹ ਹੌਲੀ-ਹੌਲੀ ਤੁਰਦੀਆਂ ਮੀਠਾਦਾਰ ਆ ਗਈਆਂ। ਬਾਹਰ ਮਠਿਆਈਆਂ ਦੀ ਦੁਕਾਨ ਕੋਲ ਉਸ ਦੇ ਪੈਰ ਕੰਬ ਗਏ ਅਤੇ ਉਹ ਬੇਹੋਸ਼ ਹੋ ਗਈ। ਜਦੋਂ ਉਸ ਨੂੰ ਕੁਝ ਹੋਸ਼ ਆਈ, ਉਸ ਨੇ ਕੁਝ ਸਮਾਂ ਫੁੱਟਪਾਥ ’ਤੇ ਆਰਾਮ ਕੀਤਾ ਅਤੇ ਥੋੜ੍ਹਾ-ਥੋੜ੍ਹਾ ਪਾਣੀ ਪੀਤਾ। ਉਹ ਹਰ ਕਿਸੇ ਦੀਆਂ ਹਸਪਤਾਲ ਚੱਲਣ ਦੀਆਂ ਦਲੀਲਾਂ ਨੂੰ ਠੁਕਰਾ ਰਹੀ

ਸੀ। ਦੋਵੇਂ ਔਰਤਾਂ ਰਾਬੀਆ ਮਾਂ ਦੇ ਘਰ ਵੱਲ ਫਿਰ ਚਲ ਪਈਆਂ ਅਤੇ ਅਖੀਰ ਵਿਚ ਬਿਲਕਿਅਸ ਲੇਟ ਗਈ, ਪਰ ਦਰਦ ਲਗਾਤਾਰ ਹੋ ਰਹੀ ਸੀ, ਜਦੋਂ ਕਿ ਅਖੀਰ ਵਿਚ ਉਸ ਨੇ ਜੀਨਤ ਨੂੰ ਜਿਨਾਹ ਹਸਪਤਾਲ ਵਿਚ ਰਿਕਸ਼ੇ ਰਾਹੀਂ ਜਾਣ ਲਈ ਕਿਹਾ........ ਤਾਂ ਕਿ ਮੈਨੂੰ ਸੁਚੇਤ ਨਾ ਕੀਤਾ ਜਾਵੇ।

ਮੈਨੂੰ ਟੈਲੀਫੋਨ 'ਤੇ ਸੂਚਿਤ ਕੀਤਾ ਗਿਆ। ਹਸਪਤਾਲ ਵਿਚ ਮੈਨੂੰ ਦੱਸਿਆ ਗਿਆ ਕਿ ਬਿਲਕਿਅਸ ਨੂੰ ਬਹੁਤ ਗੰਭੀਰ ਦਿਲ ਦਾ ਦੌਰਾ ਪਿਆ ਸੀ..... ਮੈਂ ਆਪਣੇ ਆਪ ਨੂੰ ਸੰਭਾਲਿਆ। ਮੈਂ ਆਪਣਾ ਦਿਲ ਫੜ ਕੇ ਬੈਠ ਗਿਆ.......... ਇਸ ਦੀ ਤੇਜ ਧੜਕਣ ਇਕ ਨਾ ਸਮਝ ਆਉਣ ਵਾਲੇ ਸਮੇਂ ਬਾਰੇ ਫਿਕਰ ਨੂੰ ਸੁਚੇਤ ਕਰਦੀ ਸੀ।

ਮੈਂ ਉਸ ਦੀ ਮੌਜੂਦਗੀ ਹਮੇਸ਼ਾ ਹੀ ਆਪਣੇ ਨਾਲ ਸਮਝਦਾ ਸਾਂ, ਉਸ ਨੂੰ ਗੁਆਉਣ ਦਾ ਖਿਆਲ ਤਾਂ ਕਦੀ ਮੇਰੇ ਦਿਮਾਗ ਵਿਚ ਹੀ ਨਹੀਂ ਸੀ ਆਇਆ, ਉਸ ਦਾ ਬੇਸ਼ਰਤ ਪਿਆਰ ਇਸ ਤਰ੍ਹਾਂ ਸਫਲ ਹੋ ਗਿਆ ਕਿ ਛੁਪਾਉਣ ਲਈ ਕੀਤਾ ਗਿਆ ਰੂਪ ਪਰਿਵਰਤਨ ਵਿਚ ਵੀ ਅਟੱਲ ਸੱਚਾਈ ਸਾਹਮਣੇ ਆ ਗਈ ਸੀ। ਹੁਣ ਭਵਿੱਖ ਸਪੱਸ਼ਟ ਹੋ ਕੇ ਸਾਹਮਣੇ ਆ ਰਿਹਾ ਸੀ ਅਤੇ ਮੈਂ ਮਹਿਸੂਸ ਕਰਦਾ ਸਾਂ ਕਿ ਜਿਸ ਥੰਮ ਨੇ ਮੈਨੂੰ ਮਜ਼ਬੂਤ ਕੀਤਾ ਸੀ, ਉਹ ਹੁਣ ਅਚਾਨਕ ਕਮਜ਼ੋਰ ਹੋ ਗਿਆ ਸੀ। ਬੇ ਉਮੀਦੀ ਡਰ ਵਿਚ, ਮੈਂ ਚਿੱਲਾਇਆ ਅਤੇ ਆਪਣੇ ਲਈ ਅਤੇ ਉਸ ਲਈ ਪ੍ਰਾਰਥਨਾ ਕੀਤੀ। ਮੈਂ ਉਸ ਤੋਂ ਬਗੈਰ ਆਪਣੀ ਜਿੰਦਗੀ ਦੀ ਕਦੀ ਕਲਪਨਾ ਵੀ ਨਹੀਂ ਸੀ ਕੀਤੀ।

ਬਿਲਕਿਅਸ ਨੂੰ ਆਕਸੀਜਨ ਦੇ ਯੰਤਰ ਥੱਲੇ ਲੰਮਾ ਪਾਇਆ ਹੋਇਆ ਸੀ, ਜਿਥੇ ਉਸ ਦੇ ਸਰੀਰ ਵਿਚ ਕਈ ਟਿਊਬਾਂ ਲੱਗੀਆਂ ਹੋਈਆ ਸਨ, ਜੋ ਸੱਚਾਈ ਦਾ ਸਮਰਥਨ ਕਰ ਰਹੀਆਂ ਸਨ। ਮੈਂ ਉਦੋਂ ਤਕ ਉਸ ਦੇ ਮੰਜੇ ਦੇ ਕੋਲ ਬੈਠਾ ਰਿਹਾ ਜਿਨ੍ਹਾਂ ਚਿਰ ਉਸ ਨੇ ਅੱਖਾਂ ਨਾ ਖੋਹਲੀਆਂ, ਜਿਨ੍ਹਾਂ ਵਿਚ ਮੈਂ ਉਸ ਦੀ ਇਕ ਵਿਸ਼ੇਸ਼ਤਾਈ ਵਾਲਾ ਸੰਬੰਧ ਵੇਖਿਆ ਜੋ ਸਿਰਫ ਮੇਰੇ ਲਈ ਸੀ। ਜੇ ਉਹ ਬੋਲ ਸਕਦੀ ਤਾਂ ਉਹ ਕਹਿੰਦੀ, "ਮੈਂ ਵਾਅਦਾ ਕਰਦੀ ਹਾਂ, ਮੈਂ ਠੀਕ ਹੋ ਜਾਵਾਂਗੀ। ਡਰੋ ਨਹੀਂ, ਵੇਖੋ ਮੈਂ ਅਜ੍ਹੇ ਵੀ ਇਥੇ ਹਾਂ।" ਬਿਲਕਿਅਸ, 12 ਦਿਨ ਇਨਟੈਨਸਿਵ ਕੇਅਰ ਵਿਚ ਰਹੀ ਅਤੇ ਹੋਰ 12 ਦਿਨ ਦਿਲ ਦੇ ਰੋਗਾਂ ਦੀ ਵਾਰਡ ਵਿਚ।

ਦਿਨ ਵੇਲੇ *ਖਾਲਾ,* ਰਾਬੀਆ ਮਾਂ ਅਤੇ ਸਾਡੀਆਂ ਲੜਕੀਆਂ ਵਾਰੀ-ਵਾਰੀ ਉਸ ਦਾ ਖਿਆਲ ਰੱਖਦੀਆਂ। ਮੈਂ ਸਵੇਰ ਹੋਣ ਤੋਂ ਬਾਅਦ ਇਕ ਘੰਟਾ ਉਸ ਕੋਲ ਰਹਿੰਦਾ ਅਤੇ ਫਿਰ ਰਾਤ ਨੂੰ। ਦੋਵਾਂ ਸਮਿਆਂ 'ਤੇ ਮੈਂ ਆਪਣੇ ਜ਼ਜ਼ਬਾਤ ਕਾਬੂ ਰੱਖਦਾ, ਪਰ ਭਾਵੇਂ ਉਸ ਨੂੰ ਨਾ ਬੋਲਣ ਲਈ ਕਿਹਾ ਗਿਆ ਸੀ, ਉਹ ਬੋਲ ਕੇ ਮੈਨੂੰ ਫਿਰ ਯਕੀਨ ਦੁਆਉਣ ਦੀ ਕੋਸ਼ਿਸ਼ ਕਰਦੀ। ਮੈਂ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦਾ। ਪਰ ਉਹ ਆਪ ਮੇਰੇ ਬਾਰੇ ਆਪਣਾ ਫਿਕਰ ਦੱਸ ਜਾਂਦੀ, "ਪ੍ਰਮਾਤਮਾ ਮੈਨੂੰ

ਤੁਹਾਡੇ ਕੋਲੋਂ ਨਹੀਂ ਲਵੇਗਾ। ਉਸ ਨੇ ਤੁਹਾਡੀ ਜਿੰਦਗੀ ਮਨੁੱਖ ਜਾਤੀ ਨੂੰ ਇਕ ਤੋਹਫੇ ਦੇ ਰੂਪ ਵਿਚ ਦਿੱਤੀ ਹੈ, ਅਤੇ ਮੇਰੀ ਜਿੰਦਗੀ ਤੁਹਾਨੂੰ। ਉਸ ਵਿਚ ਵਿਸ਼ਵਾਸ ਰੱਖੋ। ਮੈਂ ਛੇਤੀ ਨਾਲ ਕਹਿੰਦਾ, "ਮੈਂ ਜਾਣਦਾ ਹਾਂ, ਮੈਂ ਜਾਣਦਾ ਹਾਂ, ਬਿਲਕਿਅਸ ਗੱਲਾਂ ਨਾ ਕਰ, ਇਥੋਂ ਤਕ ਕਿ ਸੋਚ ਵੀ ਨਾ," ਪਰ ਹਾਂ, ਮੈਂ ਇਸ ਦੇ ਗੈਰ-ਮਾਮੂਲੀ ਸਿੱਟਿਆਂ ਨੂੰ ਸੋਚ ਕੇ ਪੱਥਰ ਹੋ ਜਾਂਦਾ ਸਾਂ ਅਤੇ ਮੇਰਾ ਸ਼ੱਕੀ ਸੁਭਾਅ ਇਸ ਡਰ ਨੂੰ ਹੋਰ ਵਧਾ ਦਿੰਦਾ ਸੀ। ਐਂਬੂਲੈਂਸ ਨੂੰ ਚਲਾਉਂਦਿਆਂ ਹੋਇਆਂ ਮੈਂ ਸੋਚਦਾ, "ਪ੍ਰਮਾਤਮਾ ਮੈਨੂੰ ਇਕਲਿਆਂ ਕਰਕੇ ਇਮਤਿਹਾਨ ਲੈਣਾ ਚਾਹੁੰਦਾ ਹੈ। ਬਿਲਕਿਅਸ ਦੀ ਮਦਦ ਹੋਰ ਸਾਰਿਆਂ ਦੀ ਕਮੀ ਨੂੰ ਪੂਰਾ ਕਰ ਦਿੰਦੀ ਹੈ।" ਜਦੋਂ ਮੈਂ ਉਸ ਕੋਲ ਹੁੰਦਾ ਤਾਂ ਉਹ ਮੱਧਮ ਜਿਹਾ ਪਰ ਅਜੇ ਵੀ ਸ਼ਰਾਰਤ ਨਾਲ ਮੁਸਕਰਾ ਦਿੰਦੀ ਅਤੇ ਉਹ ਮੇਰੇ ਦਿਮਾਗ ਨੂੰ ਹੌਲਾ ਅਤੇ ਸਾਫ ਕਰ ਦਿੰਦੀ, "ਉਹ ਫਾਉਂਡੇਸ਼ਨ ਨੂੰ ਸੁਰੱਖਿਅਤ ਕਰੇਗਾ, ਜੇ ਉਸ ਨੂੰ ਚੰਗਾ ਲੱਗਾ ਤਾਂ ਮੈਂ ਜੀਵਾਂਗੀ।"

ਮੀਠਾਦਾਰ ਵਿਚ ਉਦਾਸੀ ਰਹਿੰਦੀ ਸੀ। ਉਸ ਤੋਂ ਬਚਦਾ ਹੋਇਆ ਮੈਂ ਇਕ ਕੇਂਦਰ ਤੋਂ ਦੂਸਰੇ ਕੇਂਦਰ ਤੁਰਿਆ ਰਹਿੰਦਾ, ਇਕ ਆਪਾਤ ਸਥਿਤੀ ਤੋਂ ਦੂਜੀ ਆਪਾਤ ਸਥਿਤੀ ਵੱਲ, ਪਰ ਮੇਰਾ ਫਿਕਰ ਮੇਰੇ ਨਾਲ ਰਹਿੰਦਾ। ਮੈਂ ਕਈ ਵਾਰ ਮੌਤ ਦੇ ਵਿਸ਼ੇ ਦਾ ਵਿਸ਼ਲੇਸ਼ਣ ਕੀਤਾ ਸੀ ਅਤੇ ਇਸ ਦਾ ਸਿੱਟਾ ਇਹ ਹੀ ਕੱਢਦਾ ਸਾਂ ਕਿ ਇਹ ਕਿਸੇ ਰਿਸ਼ਤੇ 'ਤੇ ਨਿਰਭਰ ਨਹੀਂ ਕਰਦਾ, ਹੁਣ ਮੈਂ ਇਸ ਨੂੰ ਨਕਾਰਦਾ ਸਾਂ, ਕੋਸ਼ਿਸ਼ ਕਰਦਾ ਸਾਂ ਕਿ ਇਹ ਖਿਆਲ ਨਿਕਲ ਜਾਵੇ, ਪਰ ਇਹ ਮੈਨੂੰ ਫਿਰ ਵਾਰ-ਵਾਰ ਵਾਪਸ ਮੋੜ ਲੈਂਦਾ ਸੀ। ਉਸ ਦਾ ਚਲੇ ਜਾਣਾ ਮੇਰੇ ਸਖ਼ਤ ਸੁਭਾਅ ਕਾਰਨ ਮੰਨਣ ਵਿਚ ਨਹੀਂ ਸੀ ਆਉਂਦਾ, ਨਾ ਹੀ ਇਸ ਉੱਤੇ ਕਾਬੂ ਪਾ ਸਕਦਾ ਸਾਂ ਤੇ ਨਾ ਹੀ ਮੈਂ ਇਸ ਨਾਲ ਸਮਝੌਤਾ ਕਰ ਸਕਦਾ ਸਾਂ। ਜਦੋਂ ਡਾਕਟਰਾਂ ਨੇ ਉਸ ਨੂੰ ਛੁੱਟੀ ਦੇ ਦਿੱਤੀ, ਉਸ ਵੇਲੇ ਵੀ ਇਹ ਡਰ ਨਾਲ ਹੀ ਰਹਿੰਦਾ।

ਬਿਲਕਿਅਸ ਪਿਆਰ ਦੀਆਂ ਮਜ਼ਬੂਤ ਭਾਵਨਾਵਾਂ ਸਨ, ਉਹ ਹੁਣ ਉਸ ਦੀ ਘਰ ਵਾਪਸੀ 'ਤੇ ਖੁਸ਼ੀ ਇਕ ਧਮਾਕੇ ਨਾਲ ਪ੍ਰਗਟਾਈਆਂ ਗਈਆਂ। ਮੈਂ ਵੀ ਉਸ ਦਿਨ ਸਿਰਫ ਇਕ ਹੀ ਵਿਸ਼ੇ 'ਤੇ ਗੱਲ ਕੀਤੀ ਅਤੇ ਹਰ ਇਕ ਨੂੰ ਇਥੋਂ ਤਕ ਕਿ ਗਲੀ ਦੇ ਦੁਕਾਨਦਾਰਾਂ ਨੂੰ ਵੀ ਦੱਸਿਆ। ਖੁਸ਼ੀ ਨਾਲ ਹੱਸਦੇ ਹੋਏ ਮੈਂ ਕਹਿੰਦਾ, "ਬਿਲਕਿਅਸ ਅੱਜ ਘਰ ਆ ਰਹੀ ਹੈ, ਉਹ ਵਾਪਸ ਆ ਰਹੀ ਹੈ। ਹੁਣ ਅਸੀਂ ਲਗਾਤਾਰ ਉਸ ਦੀਆਂ ਗੱਲਾਂ ਸੁਣਿਆ ਕਰਾਂਗੇ ਅਤੇ ਪੈਸੇ ਬਾਰੇ ਸ਼ਿਕਾਇਤਾਂ ਸ਼ੁਰੂ ਹੋ ਜਾਣਗੀਆਂ।" ਅੰਦਰੂਨੀ ਤੌਰ 'ਤੇ ਫਿਕਰ ਇਕ ਪਲ ਵੀ ਨਾ ਘਟਿਆ।

ਉਹ ਇਕ ਬਹੁਤ ਹੁਸ਼ਿਆਰ ਔਰਤ ਸੀ। ਜਦੋਂ ਆਪਣੀ ਮੰਜੀ 'ਤੇ ਉਹ ਬਿਲਕੁਲ ਠੀਕ ਹੋ ਗਈ ਤਾਂ ਆਮ ਤਰ੍ਹਾਂ ਹੀ ਸਭ ਗੰਭੀਰ ਮਸਲੇ ਉਸ ਨੇ ਆਪਣੇ ਹੱਥ ਵਿਚ ਲੈ ਲਏ। ਮੇਰੀ ਸ਼ੁਰੂ ਦੀ ਦਖ਼ਲ ਅੰਦਾਜੀ ਦੇ ਜਵਾਬ ਵਿਚ ਮਜ਼ਬੁਤੀ ਨਾਲ ਉਸ

ਨੇ ਕਿਹਾ, "ਮੈਂ ਤੁਹਾਡੇ ਲਈ ਆਪਣੀ ਕੀਮਤ ਨੂੰ ਜਾਣਦੀ ਹਾਂ। ਪਰ ਮੈਂ ਹਰ ਉਹ ਕੰਮ ਕਰਾਂਗੀ ਜਿਸ ਨਾਲ ਮਰ ਨਾ ਸਕਾਂ। ਮੇਰੇ ਕੰਮ ਵਿਚ ਦਖ਼ਲ ਦੇਣਾ ਅਤੇ ਮੇਰਾ ਫਿਕਰ ਕਰਨਾ ਬੰਦ ਕਰ ਦਿਉ।" ਛੇਤੀ ਹੀ ਉਹ ਇਸ ਘਟਨਾ ਨੂੰ ਭੁੱਲ ਗਈ ਅਤੇ ਉਸ ਨੇ ਯਕੀਨੀ ਬਣਾ ਲਿਆ ਕਿ ਉਸ ਦੀ ਬਿਮਾਰੀ ਮੈਨੂੰ ਭੁੱਲ ਗਈ ਸੀ।

ਈਦੀ ਫਾਊਂਡੇਸ਼ਨ ਇਕ ਵਿਰਾਸਤੀ ਅਦਾਰਾ ਨਹੀਂ ਸੀ ਅਤੇ ਇਸ ਨੂੰ ਸਥਾਪਿਤ ਕਰਨ ਲਈ ਮੈਂ ਬਹੁਤ ਸਾਲ ਲਾ ਦਿੱਤੇ ਸਨ ਤਾਂ ਕਿ ਇਹ ਇਕ ਸੰਸਥਾ ਬਣ ਜਾਵੇ। ਮੇਰੀ ਪਤਨੀ ਦੀ ਬਿਮਾਰੀ ਦੇ ਦੁੱਖ ਨੇ ਇਸ ਨੂੰ ਹੋਰ ਜ਼ਰੂਰੀ ਬਣਾ ਦਿੱਤਾ, ਮੈਂ ਇਸ ਦੇ ਸੰਵਿਧਾਨ ਨੂੰ ਬਨਾਉਣ ਅਤੇ ਬੋਰਡ ਆਫ ਗਵਰਨਰਜ਼ ਨੂੰ ਬਨਾਉਣ ਦੀ ਯੋਜਨਾ ਨੂੰ ਪੂਰਾ ਕੀਤਾ।

ਇਸ ਮੌਕੇ 'ਤੇ ਮੈਂ ਆਪਣੇ ਅਤੇ ਬਿਲਕਿਅਸ ਦੇ ਦਫਨਾਉਣ ਦੀ ਜਗਾਹ ਬਾਰੇ ਵੀ ਫੈਸਲਾ ਕਰ ਲਿਆ। ਉਸਨੇ ਵਿਸ਼ੇਸ਼ ਟਿੱਪਣੀ ਕੀਤੀ, "ਤੁਸੀਂ ਸਾਡੇ ਦੁਨੀਆਂ ਤੋਂ ਚਲੇ ਜਾਣ ਲਈ ਮੇਰੀ ਬਿਮਾਰੀ ਤੋਂ ਬਾਅਦ ਸੋਚਣ ਲੱਗ ਪਏ ਹੋ। ਕੋਈ ਵੀ ਸਿਹਤਮੰਦ ਇਸ ਤਰ੍ਹਾਂ ਦਾ ਵਿਵਹਾਰ ਨਹੀਂ ਕਰਦਾ। ਹੁਣ ਤੁਸੀਂ ਇਸ ਤੋਂ ਬਗੈਰ ਹੋਰ ਕੋਈ ਗੱਲ ਨਹੀਂ ਕਰਦੇ।" ਮੇਰੀ ਨਕਲ ਕਰਕੇ ਉਹ ਮਖੌਲ ਕਰਨ ਲੱਗ ਪਈ, "ਬਿਲਕਿਅਸ, ਜਦੋਂ ਅਸੀਂ ਮਰ ਗਏ, ਬਿਲਕਿਅਸ ਜਦੋਂ ਅਸੀਂ ਦਫਨਾਏ ਗਏ ਬਿਲਕਿਅਸ, ਜਦੋਂ ਅਸੀਂ ਚਲੇ ਗਏ ਬਿਲਕਿਅਸ!" ਉਸ ਨੇ ਮੇਰੇ ਵੱਲ ਵੇਖ ਕੇ ਆਪਣਾ ਸਿਰ ਝੱਟਕਿਆ, "ਉਹ ਖਿਆਲ ਵਿਚ ਜੋ ਕਈ ਸਾਲ ਤੁਸੀਂ ਆਪਣੇ ਕੰਮ ਵਿਚ ਖੁਬਦਿਆ ਬਿਤਾਏ ਹਨ, ਉਹ ਮੇਰੇ ਮਨ ਵਿਚ ਬੜੇ ਹੌਲੇ ਹਨ। ਮੌਤ ਬਹੁਤ ਭਾਰੀ ਹੈ।" ਪਰ ਇਕ ਸੱਚਾਈ ਨੇ ਠੋਕਰ ਮਾਰੀ ਸੀ। ਜਿਥੋਂ ਤਕ ਮੇਰਾ ਸੰਬੰਧ ਸੀ ਮੈਂ ਬਿਲਕਿਅਸ ਤੋਂ ਬਗੈਰ ਤਾਂ ਜਿੰਦਗੀ ਪ੍ਰਵਾਨ ਹੀ ਨਹੀਂ ਸਾਂ ਕਰਦਾ। ਸਾਡੇ ਦੋਵਾਂ ਦੇ ਚਲੇ ਜਾਣ ਨਾਲ ਮੈਂ ਛੇਤੀ ਹੀ ਸਮਝੌਤਾ ਕਰ ਲੈਂਦਾ ਸਾਂ।

ਕਰਾਚੀ ਤੋਂ ਉੱਤਰ ਵੱਲ ਜਾਂਦੀ ਗਰੈਂਡ ਟਰੰਕ ਰੋਡ 'ਤੇ ਕਰਾਚੀ ਤੋਂ 70 ਕਿਲੋਮੀਟਰ ਦੂਰ ਮੁੱਖ ਹਾਈਵੇ 'ਤੇ 65 ਏਕੜ ਵਿਚ ਈਦੀ ਪਿੰਡ ਖੜਾ ਸੀ। ਇਸ ਦੀ ਬਾਹਰ ਦੀ ਕੰਧ ਦਾ ਸਾਹਮਣੇ ਦੀ ਜਗਾਹ ਨੂੰ ਮੈਂ ਆਪਣੀਆਂ ਕਬਰਾਂ ਲਈ ਆਪਣੀ ਆਖਰੀ ਅਰਾਮ ਘਰ ਦੀ ਘੋਸ਼ਨਾ ਕਰ ਦਿੱਤੀ। ਆਦਮੀ ਦੇ ਸੁਭਾਅ ਨੂੰ ਸਮਝਦਿਆਂ ਹੋਇਆਂ ਮੈਂ ਆਪਣੀ ਪਤਨੀ ਨੂੰ ਐਲਾਨ ਕੀਤਾ, "ਉਹ ਇਸ ਨੂੰ ਇਕ ਵੱਡਾ ਤੀਰਥ ਅਸਥਾਨ ਬਨਾਉਣਗੇ, ਇਕ ਸੰਤ ਲਈ ਇਕ *ਮਜ਼ਾਰ*। ਲੋਕ ਦੂਰ ਨੇੜੇ ਤੋਂ ਆਪਣੀਆਂ ਮਨੱਤਾਂ ਮੰਗਣ ਲਈ ਇਥੇ ਆ ਕੇ ਪ੍ਰਾਰਥਨਾਵਾਂ ਕਰਨਗੇ।" ਬਿਲਕਿਅਸ ਇਸ ਨੂੰ ਨਾ ਮੰਨਦੀ ਹੋਈ ਇਕ ਦਮ ਬੋਲੀ, "ਸਾਨੂੰ ਇਸ ਦੀ ਕੀ ਲੋੜ ਹੈ ? ਮੈਂ ਕਿਤੇ ਚੁੱਪ ਚਾਪ ਦਫਨਾਈ ਜਾਣਾ ਚਾਹੁੰਦੀ ਹਾਂ, ਅਸੀਂ ਜ਼ਿਆਦਾ ਟਰੈਫਿਕ ਦੇ ਧੂੰਏਂ ਅਤੇ ਆਵਾਜ਼ਾਂ ਵਿਚ ਕਿਵੇਂ ਆਰਾਮ ਕਰਾਂਗੇ।" ਮੈਂ ਇਕ ਦਮ ਪਲਟ ਕੇ ਇਸ ਦਾ ਜਵਾਬ

ਦਿੱਤਾ, "ਅਸੀਂ ਆਪਣੀਆਂ ਮੌਤਾਂ ਫਜ਼ੂਲ ਕਿਉਂ ਜਾਣ ਦੇਈਏ ਅਤੇ ਮਰ ਕੇ ਦੂਰ ਕਿਉਂ ਜਾਈਏ ? ਸਾਡੀਆਂ ਕਬਰਾਂ ਦਾ ਮਾਨਸਿਕ ਤੌਰ 'ਤੇ ਰੋਗੀਆਂ ਨੂੰ ਲਾਭ ਹੋਵੇਗਾ। ਅਸੀਂ ਉਹਨਾਂ ਲਈ ਹਮੇਸ਼ਾ ਲਈ ਸਰਪਰਸਤ ਹੋਵਾਂਗੇ।"

ਬਿਲਕਿਅਸ ਨੇ ਇਸ ਖਿਆਲ ਬਾਰੇ ਫਿਰ ਦਲੀਲ ਦਿੱਤੀ, "ਚਲੋ ਦੁਨੀਆਂ ਦੇ ਬਾਕੀ ਮਰਨ ਵਾਲਿਆਂ ਨੂੰ ਇਸ ਬਾਰੇ ਸੋਚਣ ਦਿਉ, ਇਹ ਸਾਡਾ ਅਖੀਰ ਵਿਚ ਇੱਕਠਿਆਂ ਆਰਾਮ ਕਰਨ ਦਾ ਸਮਾਂ ਹੋਵੇਗਾ।" ਮੈਂ ਉਸ ਦੇ ਇਸ ਛੋਟੇ ਸੁਝਾਅ ਨੂੰ ਅਣਗੌਲਿਆਂ ਕਰ ਦਿੱਤਾ ਅਤੇ ਮੇਰਾ ਫੈਸਲਾ ਆਖਰੀ ਸੀ, "ਸਾਡੇ ਪਵਿੱਤਰ ਸਥਾਨ ਦੇ ਬਾਹਰ ਮੈਂ ਪੈਸੇ ਇੱਕਠੇ ਕਰਨ ਵਾਲਾ ਵੱਡਾ ਬਕਸਾ ਲਾ ਦਿਆਂਗਾ ਜਿਸ 'ਤੇ ਇਕ ਬੈਨਰ 'ਤੇ ਲਿਖਿਆ ਹੋਵੇਗਾ ਜੋ ਇਹ ਸੁਨੇਹਾ ਦੇਵੇਗਾ, "ਅਪੰਗਾਂ ਅਤੇ ਹੋਰਨਾਂ ਲਈ ਦਾਨ ਦਿਉ......।" ਮੈਂ ਆਪਣੀ ਬਾਂਹ ਅੱਗੇ ਵੱਲ ਸਿੱਧੀ ਫੈਲਾਈ 'ਤੇ ਉੱਚੀ ਸਾਰੀ ਬੋਲਿਆ, "ਐਕਸੀਡੈਂਟ।"

ਹਾਈਵੇ 'ਤੇ ਦੁਰਘਟਨਾਵਾਂ ਦਾ ਵਾਪਰਨਾ ਇਕ ਆਮ ਗੱਲ ਸੀ, ਹੁਣੇ ਹੀ ਕਹਾਣੀਆਂ ਫੈਲ ਜਾਣਗੀਆਂ, ਮਨਘੜਤ ਗੱਲਾਂ ਫੈਲਾਈਆਂ ਜਾਣਗੀਆਂ ਅਤੇ ਕੋਈ ਵੀ ਆਪਣੀ ਜਿੰਦਗੀ ਦੇ ਸੁਪਨੇ ਪੂਰੇ ਕਰਨ ਲਈ ਪੈਸੇ ਪਾਉਣ ਤੋਂ ਬਗੈਰ ਨਹੀਂ ਲੰਘੇਗਾ। ਇਸ ਤੋਂ ਮੈਂ ਸਦਾ ਲਈ ਮਾਨਸਿਕ ਰੋਗੀਆਂ ਲਈ ਘਰ ਚਲਾਵਾਂਗਾ। ਜਦੋਂ ਬਿਲਕਿਅਸ ਨੂੰ ਸਮਝ ਲੱਗੀ ਤਾਂ ਉਹ ਮੇਰੀ ਬਣਾਈ ਹੋਈ ਯੋਜਨਾ ਦੇ ਜਾਲ ਬਾਰੇ ਸੋਚ ਕੇ ਜ਼ੋਰ-ਜ਼ੋਰ ਨਾਲ ਹੱਸਣ ਲੱਗੀ।

ਮੌਤ ਮੈਨੂੰ ਬਹੁਤਾ ਬਦਲ ਨਹੀਂ ਸੀ ਸਕਦੀ। ਮੈਂ ਬਹੁਤ ਪਹਿਲਾਂ ਹੀ ਮਰ ਗਿਆ ਹੁੰਦਾ ਅਤੇ ਇਹ ਸਫਰ ਘੱਟ ਗਿਆ ਹੁੰਦਾ ਅਤੇ ਜਿੰਦਗੀ ਅਤੇ ਮੌਤ ਦਾ ਅੰਤਰ ਵੀ ਘੱਟ ਗਿਆ ਹੁੰਦਾ ਕਿਉਂਕਿ ਦੋਵੇਂ ਇਕੋ ਜਿਹੇ ਸਨ। ਮੇਰੀ ਕਬਰ ਉਸ ਲਗਾਤਾਰ ਚੱਲਣ ਵਾਲੀ ਸਕੀਮ ਦਾ ਹਿੱਸਾ ਸੀ, ਜੋ ਕਿਸੇ ਤਰ੍ਹਾਂ ਵੀ ਮੇਰੇ ਸਿਧਾਤਾਂ ਨੂੰ ਨਹੀਂ ਸੀ ਬਦਲ ਸਕਦੀ : "ਉਹਨਾਂ ਨੂੰ ਇਹ ਵੀ ਸਮਝ ਲੈਣ ਦਿਉ ਕਿ ਮੈਂ ਉਹਨਾਂ ਨੂੰ ਦਾਨ ਦੇਣ ਦੇ ਜਾਲ ਵਿਚ ਫਸਾ ਰਿਹਾ ਹਾਂ। ਉਹਨਾਂ ਨੂੰ ਇਹ ਵੀ ਸਮਝ ਲੈਣ ਦਿਉ ਕਿ ਇਹ ਦਬਾਅ ਜਾਇਜ ਹੈ ਅਤੇ ਇਹ ਖੇਡ ਸੱਚ ਦੀ ਹੈ। ਮੌਤ ਦਾ ਡਰ ਪ੍ਰੇਰਣਾ ਦੀ ਇਕ ਬਹੁਤ ਵੱਡੀ ਸ਼ਕਤੀ ਹੈ ਅਤੇ ਇਸ ਤੋਂ ਲਾਭ ਉਠਾਉਣ ਦਾ ਇਹ ਯੋਗ ਕਾਰਨ ਹੈ। ਇਹ ਇਕ ਨੇਕ ਕੰਮ ਹੈ ਜੋ ਪ੍ਰਮਾਤਮਾ ਦੇ ਢੰਗ ਵਿਚ ਨਾ ਕੇਵਲ ਵਾਧਾ ਹੀ ਕਰਦਾ ਹੈ...... ਬਲਕਿ ਚੰਗਾ ਕੰਮ ਕਰੋ ਨਹੀਂ ਤਾਂ ਤੁਸੀਂ ਨਰਕ ਵਿਚ ਜਾਉਗੇ।"

ਮੌਤ ਦਾ ਵਿਸ਼ਾ ਮੇਰੇ ਪਿੱਛੇ ਪੈ ਗਿਆ। ਮੈਂ ਇਸ ਦੀ ਕਲਪਨਾ 'ਤੇ, ਪਰ ਇਸ ਦੀ ਮਹੱਤਵਪੂਰਨ ਪੱਧਰ 'ਤੇ ਲਗਾਤਾਰ ਸੰਬੰਧ ਰੱਖਦਾ ਅਤੇ ਪੂਰਾ ਧਿਆਨ ਦਿੰਦਾ। ਬਿਲਕਿਅਸ ਦੇ ਵੱਡੇ ਭਰਾ ਮਹਿਮੂਦ ਨੂੰ ਛਾਤੀ ਦੀ ਪੀੜ ਕਰਕੇ ਇਕ ਦਮ ਹਸਪਤਾਲ ਲੈ ਜਾਣਾ ਪਿਆ ਜਦੋਂ ਮੇਰੀ ਪਤਨੀ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹ ਸਭ ਕੁਝ

ਛੱਡ ਕੇ ਤੇਜੀ ਨਾਲ ਉਸ ਕੋਲ ਚਲੀ ਗਈ। ਉਸ ਨੇ ਨੋਟਿਸ ਬੋਰਡ ’ਤੇ ਉਸ ਦਾ ਨਾਂ ਪੜ੍ਹਿਆ ਜਿਸ ਵਿਚ ਉਸ ਦੇ ਮਰ ਜਾਣ ਦੀ ਘੋਸ਼ਨਾ ਕੀਤੀ ਗਈ ਸੀ, ਪਰ ਐਂਬੂਲੈਂਸ ਜਾ ਚੁੱਕੀ ਸੀ ਅਤੇ ਉਹ ਸੜਕ ’ਤੇ ਦੌੜ ਪਈ, ਉਸ ਨੇ ਰਿਕਸ਼ਾ ਲਿਆ ਅਤੇ ਖਾਰਦਾਰ ਵਾਪਸ ਰਾਬੀਆ ਮਾਂ ਕੋਲ ਪਹੁੰਚ ਗਈ।

ਬਿਲਕਿਅਸ ਬਹੁਤ ਰੋ ਰਹੀ ਸੀ ਅਤੇ ਉਹ ਹੌਂਸਲਾ ਨਹੀਂ ਸੀ ਕਰ ਰਹੀ ਅਤੇ ਉਸ ਦੀ ਹਾਲਤ ਮੈਨੂੰ ਫਿਕਰਮੰਦ ਕਰ ਰਹੀ ਸੀ। ਮੈਂ ਉਸ ਦੇ ਦਰਦ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, “ਬਿਲਕਿਅਸ, ਕਿਸੇ ਦੀ ਵੀ ਮੌਤ ਨੂੰ ਦਿਲ ’ਤੇ ਨਾ ਲਾਉ। ਪ੍ਰਮਾਤਮਾ ਨੂੰ ਉਸ ਦੀ ਬਰਾਬਰੀ ਰੱਖਣ ਦੇ ਗੁਣ ਕਰਕੇ ਯਾਦ ਰੱਖੋ, ਜਿਸ ਨਾਲ ਉਹ ਇਸ ਨੂੰ ਨਿਭਾਉਂਦਾ ਹੈ। ਕੋਈ ਵੀ ਵੱਖਰਾ ਨਹੀਂ, ਅਮੀਰ ਤੋਂ ਲੈ ਕੇ ਗ਼ਰੀਬ ਤਕ, ਉਹ ਇਥੋਂ ਲੈ ਕੇ ਦੁਨੀਆਂ ਦੇ ਅੰਤ ਤਕ ਬਰਾਬਰੀ ਨਾਲ ਵਰਤਦਾ ਹੈ। ਇਹ ਬਰਾਬਰੀ ਦੀ ਕਿਹੋ ਜਹੀ ਮਿਸਾਲ ਹੈ।” ਜਦ ਮੈਂ ਆਪਣੀ ਚਿੰਤਾ ਨੂੰ ਆਪਣੇ ਅਨੁਕੂਲ ਮਹਿਸੂਸ ਨਾ ਕਰ ਸਕਿਆ, ਤਾਂ ਬਿਲਕਿਅਸ ਉਸ ਸਥਿਤੀ ਨੂੰ ਜਲਦੀ ਹੀ ਮਹਿਸੂਸ ਕਰ ਗਈ ਤਾਂ ਉਸ ਨੇ ਆਪਣਾ ਕੰਮ ਅਗਲੀ ਸਵੇਰ ਤੋਂ ਸ਼ੁਰੂ ਕਰ ਦਿੱਤਾ।

ਮੈਂ ਆਪਣੀ ਸੰਸਥਾ ਬਨਾਉਣ ਸੰਬੰਧੀ ਯੋਜਨਾਵਾਂ ਵਿਚ ਫਿਰ ਰੁੱਝ ਗਿਆ। ਸਕੀਮਾਂ ਦੀ ਕੁਸ਼ਲਤਾ ਅਤੇ ਉਹਨਾਂ ਨੂੰ ਛੇਤੀ ਲਾਗੂ ਕਰਨ ਕੁਸ਼ਲਤਾ ਦੇ ਉਦੇਸ਼ ਨਾਲ ਮੈਂ ਫਾਊਂਡੇਸ਼ਨ ਦੇ ਮੁੱਖ ਬੋਰਡ ਦੇ ਅਧੀਨ ਇਸ ਨੂੰ 16 ਹਿੱਸਿਆਂ ਵਿਚ ਵੰਡਿਆ ਅਤੇ ਉਹਨਾ ਲਈ ਫੰਡ ਸੁਰੱਖਿਅਤ ਕੀਤੇ। 16 ਹਿੱਸਿਆਂ ਨੂੰ ਪੈਸਾ ਉਹਨਾਂ ਦੇ ਲਾਭ ਵਿਚੋਂ ਭੇਜਿਆ ਜਾਵੇਗਾ। ਸਰਕਾਰੀ, ਵਿਦੇਸ਼ੀ ਮਦਦ ਅਤੇ ਲੋਕਾਂ ਦੇ ਦਾਨ ਦੀ ਲੋੜ ਨਹੀਂ ਪਵੇਗੀ। ਛੋਟੇ-ਛੋਟੇ ਕਰਜੇ, ਜਿਵੇਂ 5 ਕੁਕੜੀਆਂ ਖਰੀਦਨ ਲਈ, ਦੋ ਬੱਕਰੀਆਂ ਜਾਂ 2 ਗਾਵਾਂ ਖਰੀਦਨ ਲਈ ਦਿੱਤੇ ਜਾਣਗੇ ਤਾਂ ਕਿ ਲਗਾਤਾਰ ਆਮਦਨ ਮਿਲ ਸਕੇ, ਜਿਨ੍ਹਾਂ ਦਾ ਮੇਰੇ ਤਜ਼ਰਬੇ ਅਨੁਸਾਰ ਵਿਸਥਾਰ ਕੀਤਾ ਗਿਆ ਜੋ ਬਹੁਸੰਮਤੀ ਦੀਆਂ ਜ਼ਰੂਰੀ ਅਤੇ ਮੁੱਢਲੀਆਂ ਲੋੜਾਂ ’ਤੇ ਆਧਾਰਿਤ ਸੀ। ਪਸ਼ੂਆਂ ਦੀ ਭਲਾਈ, ਛੋਟੇ-ਛੋਟੇ ਘਰਾਂ ਲਈ ਕਰਜ਼ੇ, ਖਾਸ ਇਲਾਜ, ਐਂਬੂਲੈਂਸ ਦੀ ਖਰੀਦੋ-ਫਰੋਕਤ, ਰਾਸ਼ਟਰੀ ਮੁਸੀਬਤਾਂ, ਕੈਦੀਆਂ ਨੂੰ ਰਾਹਤ, ਚਾਲੂ ਖ਼ਰਚ ਅਤੇ ਲੰਮੇ ਸਮੇਂ ਦੇ ਪ੍ਰੋਜੈਕਟ, ਅਰਜ਼ੀਆਂ ਦੇ ਆਧਾਰ ’ਤੇ, ਸੰਬੰਧਿਤ ਪ੍ਰਬੰਧਕੀ ਵਿਭਾਗ ਰਾਹੀਂ ਦਿੱਤੇ ਜਾਣਗੇ। ਸਾਡੇ ਸਾਧਾਰਨ ਅਤੇ ਮੁੱਢਲੇ ਢਾਂਚੇ ਅਨੁਸਾਰ, ਲੋੜੀਂਦੀ ਕਾਰਵਾਈ ਛੇਤੀ ਤੋਂ ਛੇਤੀ ਕੀਤੀ ਜਾਵੇਗੀ। ਸਾਡੇ ਅਜਮਾਏ ਹੋਏ ਢੰਗ ਵਿਚ ਭ੍ਰਿਸ਼ਟਾਚਾਰ ਦੇ ਰਾਹ ਦੀ ਗੁੰਜਾਇਸ਼ ਅਸਲ ਵਿਚ ਅਸੰਭਵ ਹੋਵੇਗੀ।

ਅਜੇ ਤਕ ਪਾਕਿਸਤਾਨ ਨੇ ਬਜ਼ੁਰਗ ਲੋਕਾਂ ਲਈ ਕੋਈ ਵੀ ਪ੍ਰਣਾਲੀ ਵਿਕਸਤ ਨਹੀਂ ਸੀ ਕੀਤੀ। ਫਾਊਂਡੇਸ਼ਨ ਨੇ ਇਸ ਨੂੰ ਆਪਣੇ 16 ਵਿਭਾਗਾਂ ਨਾਲ ਜੋੜ ਦਿੱਤਾ। ਮਨੁੱਖੀ ਮਨੋਵਿਗਿਆਨ, ਰਸਮ, ਰਿਵਾਜ ਅਤੇ ਸੱਭਿਆਚਾਰ ਦੀਆਂ ਹੱਦਾਂ

ਦੇ ਅੰਦਰ, ਮੈਂ ਇਕ ਬਹੁਤ ਵੱਡਾ ਪ੍ਰੋਗਰਾਮ ਬਣਾਇਆ। ਕਿਉਂ ਜੋ ਮਾਂ-ਬਾਪ ਅਤੇ ਰਿਸ਼ਤੇਦਾਰਾਂ ਨੂੰ ਇਕਲਿਆਂ ਛੱਡ ਦੇਣਾ ਇਕ ਬੇਇੱਜ਼ਤੀ ਹੈ, ਬਹੁਤ ਸਾਰੇ ਪਰਿਵਾਰ ਉਹਨਾਂ ਦੇ ਜੀਵਨ ਦੇ ਅਖੀਰ ਤਕ ਉਹਨਾਂ ਨੂੰ ਕੋਲ ਰੱਖਦੇ ਹਨ, ਪਰ ਉਹਨਾਂ ਦੇ ਪੁਰਾਣੇ ਦਿਮਾਗ ਤੇ ਮਾਨਸਿਕ ਖਰਾਬੀਆਂ ਆਉਣੀਆਂ ਇਕ ਕੁਦਰਤੀ ਕ੍ਰਿਆ ਹੈ, ਜਿਸ ਨਾਲ ਉਹਨਾਂ ਦੇ ਬੋਲਣ ਦੀ ਰਫਤਾਰ ਵੱਧ ਜਾਂਦੀ ਹੈ ਜੋ ਉਹਨਾਂ ਪਰਿਵਾਰਾਂ ਦੀ ਮਾਨਸਿਕਤਾ ਵਿਚ ਤਨਾਅ ਵੀ ਪੈਦਾ ਕਰਦੀਆਂ ਹਨ ਅਤੇ ਜਿਨ੍ਹਾਂ ਨੂੰ ਕਮਾਈ ਵੀ ਕਰਨੀ ਪੈਂਦੀ ਹੈ ਅਤੇ ਬਜ਼ੁਰਗਾਂ ਨੂੰ ਵੀ ਸੰਭਾਲਣਾ ਹੁੰਦਾ ਹੈ। ਮੈਂ ਵਿਅਕਤੀਗਤ ਲੋੜਾਂ 'ਤੇ ਆਧਾਰਿਤ ਦੋ ਵੱਖ-ਵੱਖ ਵਿਚਾਰ ਅਪਨਾਏ।

ਕਿਉਂ ਜੋ ਸੰਪ੍ਰਦਾਈ ਘਰਾਂ ਵਿਚ ਕਈਆਂ ਨੂੰ ਪ੍ਰੇਸ਼ਾਨੀ ਅਤੇ ਮਾਨਸਿਕ ਤਨਾਅ ਆ ਜਾਂਦਾ ਹੈ, ਮੈਂ ਭੱਤਾ ਦੇਣ ਨੂੰ, ਜਿਸ ਤਰ੍ਹਾਂ ਜਾਪਾਨ ਵਿਚ ਇਸ ਦਾ ਚਲਨ ਸੀ, ਲਾਭਦਾਇਕ ਸਮਝਿਆ। ਇਹ ਸੁਤੰਤਰ ਵਾਤਾਵਰਣ ਦੀ ਧਾਰਨਾ ਨੂੰ ਪ੍ਰਵਾਨ ਕਰਦਾ ਸੀ। ਆਪਣੇ ਜਾਪਾਨ ਦੇ ਕੇਂਦਰ ਨੂੰ ਅਧਿਐਨ ਕਰਨ ਨਾਲ, ਮੈਂ ਇਸ ਢੰਗ ਵਿਚ ਰਹਿ ਗਈਆਂ ਕਮੀਆਂ ਨੂੰ ਅਜਮਾਇਸ਼ ਅਤੇ ਗ਼ਲਤੀ ਠੀਕ ਕਰਨ ਦੇ ਆਧਾਰ 'ਤੇ ਠੀਕ ਕਰ ਲਈਆਂ ਗਈਆਂ। ਇਸ ਪ੍ਰਣਾਲੀ ਨਾਲ ਕਈ ਦਿਨਾਂ ਤਕ ਬਜ਼ੁਰਗ ਲੋਕ ਜੋ ਇਕਲੇ ਰਹਿੰਦੇ ਸਨ, ਉਹਨਾਂ ਦੇ ਸਰੀਰ ਨਾ ਲੱਭ ਸਕੇ। ਰਿਕਾਰਡ ਬਣਾਉਂਦਿਆਂ ਹੋਇਆਂ, ਅਤੇ ਵਲੰਟੀਅਰ ਭਰਤੀ ਕੀਤੇ ਗਏ ਜੋ ਲਗਾਤਾਰ ਇਲਾਕੇ ਵਿਚ ਜਾਂਦੇ ਸਨ ਅਤੇ ਉੱਚੀ ਆਵਾਜ਼ ਲਗਾ ਕੇ ਜਵਾਬ ਦੀ ਉਡੀਕ ਕਰਦੇ ਸਨ, ਅਸੀਂ ਗਲ ਸੜ ਰਹੀਆਂ ਲਾਸ਼ਾਂ ਦੀ ਮੁਸ਼ਕਲ ਹੱਲ ਕਰ ਲਈ।

ਦੂਸਰੇ ਢੰਗ ਵਿਚ, ਕਿਉਂਕਿ ਜਦੋਂ ਬੁੱਢੇ ਲੋਕ ਇੱਕਠਾ ਰਹਿਣ ਲੱਗ ਪੈਂਦੇ ਸਨ ਤਾਂ ਖੁਦਕੁਸ਼ੀਆਂ ਦੀ ਦਰ ਘੱਟ ਜਾਂਦੀ ਸੀ, ਮੈਂ ਛੋਟੇ-ਛੋਟੇ ਸਾਂਝੇਘਰ ਪੱਛਮ ਦੇ ਦੇਸ਼ਾਂ ਦੀ ਤਰ੍ਹਾਂ ਬਨਾਉਣ ਦੀ ਯੋਜਨਾ ਬਣਾਈ। ਸੰਨ 1991 ਤਕ ਸਾਰੇ ਹੀ ਪਾਕਿਸਤਾਨ ਦੇ ਸਾਰੇ ਹੀ ਕੇਂਦਰਾਂ ਵਿਚ ਬਜ਼ੁਰਗ ਵਿਅਕਤੀਆਂ ਦੀ ਗਿਣਤੀ ਬਹੁਤ ਵੱਧ ਗਈ। ਉਹਨਾਂ ਨੂੰ ਕਰਾਚੀ ਵਿਚ ਲਿਆਂਦਾ ਗਿਆ ਅਤੇ ਰੱਖਿਆ ਗਿਆ, ਜਿਥੇ ਅਸੀਂ ਘਰੇਲੂ ਵਾਤਾਵਰਣ ਬਣਾ ਕੇ ਰੱਖਿਆ ਹੋਇਆ ਸੀ। ਮਹੀਨੇ ਦਾ ਭੱਤਾ ਦਿੱਤਾ ਜਾਂਦਾ ਸੀ, ਇਕ ਰੋਜ਼ਾਨਾ ਅਖ਼ਬਾਰ ਅਤੇ ਲੋੜੀਂਦੀਆਂ ਵਸਤੂਆਂ ਦਾ ਗੁਦਾਮ ਵੀ ਰੱਖਿਆ ਹੋਇਆ ਸੀ।

ਆਪਣੇ ਬਚਤ ਵਾਲੇ ਢੰਗਾਂ ਨੂੰ ਲਾਗੂ ਕਰਨ ਤੋਂ ਕਾਫੀ ਸਮਾਂ ਬਾਅਦ ਮੈਂ ਹੁਣੇ ਜਿਹੇ ਹੀ ਬਹੁਤ ਪ੍ਰਸਿੱਧ ਫਾਊਂਡੇਸ਼ਨ ਅਤੇ ਟਰੱਸਟਾਂ ਦੇ ਤਰੀਕੇ ਲੱਭੇ ਸਨ। ਫੋਰਡ ਫਾਊਂਡੇਸ਼ਨ, ਰਾਕਫੈਲਰ ਫਾਊਂਡੇਸ਼ਨ ਵੀ ਅਤੇ ਉਹਨਾਂ ਵਰਗੀਆਂ ਹੋਰ ਫਾਊਂਡੇਸ਼ਨਾਂ ਸਨ ਜੋ ਮਿਆਦੀ ਜਮਾਂ ਖਾਤੇ ਵਿਚ ਸਾਡੀ ਤਰ੍ਹਾਂ ਨਿਵੇਸ਼ ਕਰਦੀਆਂ ਸਨ। ਉਹਨਾਂ ਦਾ ਫਰਕ ਇਹ ਸੀ ਕਿ ਉਹ ਮੁੱਢਲੇ ਤੌਰ 'ਤੇ ਵਿਦਵਾਨਾਂ ਨੂੰ ਉਹਨਾਂ ਸਿੱਖਿਆਦਾਇਕ

ਖੋਜ ਲਈ ਵਜੀਫੇ ਅਤੇ ਗਰਾਂਟਾਂ ਦਿੰਦੀਆਂ ਸਨ ਅਤੇ ਸੱਭਿਆਚਾਰਕ ਕਾਰਵਾਈਆਂ ਦੀ ਸਰਪ੍ਰਸਤੀ ਕਰਦੀਆਂ ਸਨ, ਜਦੋਂ ਕਿ ਅਸੀਂ ਦੇਸ਼ ਦੀ ਸਾਰੀ ਹੀ ਵਸੋਂ ਲਈ ਇਕ ਰਾਸ਼ਟਰੀ ਪ੍ਰਣਾਲੀ ਵਿਕਸਤ ਕਰ ਰਹੇ ਸਾਂ। ਉਹ ਪ੍ਰਸਿੱਧ ਫਾਊਂਡੇਸ਼ਨਾਂ ਸਾਡੇ ਨਾਲੋਂ ਇਸ ਕਰਕੇ ਵੀ ਵੱਖਰੀਆਂ ਸਨ ਕਿ ਉਹਨਾਂ ਨੇ ਆਪਣੇ ਸੰਸਥਾਪਕਾਂ ਦੀ ਬਹੁਤ ਵੱਡੀ ਆਰਥਿਕ ਮਦਦ ਨਾਲ ਆਪਣਾ ਕੰਮ ਸ਼ੁਰੂ ਕੀਤਾ ਸੀ; ਅਸੀਂ ਤਾਂ ਸਿਰਫ ਮੰਗਣ ਦੇ ਬਾਟੇ ਨਾਲ ਕੰਮ ਸ਼ੁਰੂ ਕੀਤਾ ਸੀ, ਜਿਸ ਵਿਚ ਛੋਟੇ ਤੋਂ ਛੋਟਾ ਦਾਨ 4 ਆਨੇ ਅਤੇ ਇਕ ਰੁਪਏ ਦੇ ਨੋਟ ਵੀ ਇੱਕਠੇ ਕੀਤੇ ਜਾਂਦੇ ਸਨ।

ਮੈਂ ਇਹ ਵੀ ਸੁਣਿਆ ਸੀ ਕਿ ਨੋਬੇਲ ਪ੍ਰਾਈਜ਼ ਦੇ ਬਾਨੀ ਨੇ ਸ਼ੁਰੂ ਵਿਚ 40 ਸਾਲ ਤਕ ਆਪਣਾ ਪੈਸਾ ਰੋਕ ਛੱਡਿਆ ਸੀ, ਉਸ ਤੋਂ ਬਾਅਦ ਉਸ ਪੈਸੇ ਨੂੰ ਵਿਸ਼ੇਸ਼ ਉਦੇਸ਼ ਲਈ ਕੱਢਿਆ ਗਿਆ ਸੀ। ਇਸ ਤਰ੍ਹਾਂ ਹੀ 10, 20 ਅਤੇ 40 ਸਾਲਾਂ ਦੀਆਂ ਸਟੇਜਾਂ ਵਿਚ ਈਦੀ ਫਾਊਂਡੇਸ਼ਨ ਇਕ 'ਰਾਸ਼ਟਰੀ ਬਜਟ ਦੀ ਮਦ' ਬਣ ਜਾਵੇਗੀ।

ਕਈ ਉਤਸਵਾਂ 'ਤੇ ਮੈਂ ਸਟੇਜ ਤੇ ਉਹਨਾਂ ਲੋਕਾਂ ਦੀ ਵੱਡੀ ਅਲੋਚਨਾ ਕਰਦਾ, ਜਿਨ੍ਹਾਂ ਨੇ ਆਪਣੇ ਆਪ ਦੇ ਭਲੇ ਲਈ ਢਾਂਚੇ ਨੂੰ ਬਰਬਾਦ ਕਰ ਦਿੱਤਾ ਸੀ। ਉਸ ਵੇਲੇ ਮੈਂ ਇਹ ਨਹੀਂ ਜਾਣਦਾ ਹੁੰਦਾ ਕਿ ਮੈਂ ਕੀ ਕਹਿ ਰਿਹਾ ਹਾਂ, ਕਿਸ ਦੀ ਮੌਜੂਦਗੀ ਵਿਚ ਕਹਿ ਰਿਹਾ ਹਾਂ ਜਾਂ ਮੈਂ ਕਿਸ ਸ਼ਖ਼ਸ ਦੇ ਹੱਕ ਵਿਚ ਜਾਂ ਖਿਲਾਫ ਬੋਲ ਰਿਹਾ ਹਾਂ। ਉਸ ਵੇਲੇ ਮੇਰੇ ਸ਼ਬਦਾਂ ਦਾ ਵਹਾਉ ਮੇਰੇ ਆਪਣੇ ਕਾਬੂ ਵਿਚ ਨਹੀਂ ਹੁੰਦਾ। ਇਕ ਵਾਰ ਮੈਨੂੰ ਮੇਰੇ ਗੁੱਸੇ ਦੀ ਵਿਆਖਿਆ ਕਰਨ ਲਈ ਕਿਹਾ ਗਿਆ, ਪਰ ਮੈਂ ਇਕ ਦਮ ਵਿਆਖਿਆ ਕੀਤੀ, "ਜਦੋਂ ਮੈਂ ਬੋਲਦਾ ਹਾਂ ਤਾਂ ਮੈਂ ਸੱਚ ਦੇ ਕਾਬੂ ਵਿਚ ਹੁੰਦਾ ਹਾਂ। ਮੇਰਾ ਇਹ ਢੰਗ ਨਹੀਂ ਕਿ ਮੈਂ ਆਪਣੀ ਗੱਲ ਪਹੁੰਚਾਉਣ ਲਈ ਕੀਮਤੀ ਪਲ ਫਜ਼ੂਲ ਹੀ ਗੈਰ ਜ਼ਰੂਰੀ ਮਾਮਲਿਆਂ ਵਿਚ ਗਵਾਂ ਲਵਾਂ। ਤੁਹਾਨੂੰ ਮੇਰਾ ਪਿੱਛਲਾ ਰਿਕਾਰਡ ਵੇਖ ਲੈਣਾ ਚਾਹੀਦਾ ਸੀ ਅਤੇ ਮੈਨੂੰ ਨਹੀਂ ਸੀ ਬੁਲਾਉਣਾ।" ਜਦੋਂ ਮੈਨੂੰ ਟੋਕਿਆ ਗਿਆ ਤਾਂ ਮੈਂ ਇਕ ਹੱਥ ਖੜਾ ਕੀਤਾ ਅਤੇ ਬੋਲਣਾ ਜਾਰੀ ਰੱਖਿਆ, "ਮੈਨੂੰ ਠੀਕ-ਠੀਕ ਯਾਦ ਨਹੀਂ ਕਿ ਮੈਂ ਸਿਆਸਤਦਾਨਾਂ ਨੂੰ ਦੁੱਖੀ ਕਰਨ ਲਈ ਕੀ ਕਹਿ ਗਿਆ ਸੀ। ਜੋ ਉਹ ਸੁਣਨਾ ਚਾਹੁੰਦੇ ਸਨ ਜੇ ਇਹ ਉਹਨਾਂ ਦੇ ਖਿਲਾਫ ਸੀ, ਤਾਂ ਇਹ ਮੇਰੇ ਕੋਲੋਂ ਬਦਲਿਆ ਨਹੀਂ ਸੀ ਜਾ ਸਕਦਾ। ਸੱਚਾਈ ਸਭ ਤੋਂ ਵੱਡੀ ਹੈ ਅਤੇ ਮੈਂ ਇਸ ਵਿਚ ਗੁਆਚ ਗਿਆ ਸਾਂ।"

ਘਰ ਵਿਚ ਬਿਲਕਿਅਸ ਨੇ ਮੈਨੂੰ ਚਿਤਾਵਨੀ ਦਿੱਤੀ, "ਤੁਸੀਂ ਸ਼ੁਰੂ ਕਿਸੇ ਹੋਰ ਮੁੱਦੇ ਤੋਂ ਕਰਦੇ ਹੋ, ਅਤੇ ਖ਼ਤਮ ਕਿਸੇ ਹੋਰ ਮੁੱਦੇ 'ਤੇ ਕਰਦੇ ਹੋ। ਕਿਸੇ ਦਿਨ ਉਹ ਤੁਹਾਨੂੰ ਜੇਲ੍ਹ ਵਿਚ ਬੰਦ ਕਰ ਦੇਣਗੇ।" ਮੈਂ ਹੱਸ ਪੈਂਦਾ, ਪਰ ਮੰਨ ਜਾਂਦਾ, "ਕਈ ਵਾਰ ਮੈਂ ਸੋਚਦਾ ਹਾਂ ਕਿ ਮੈਂ ਇਕ ਭੀੜੀ ਗਲੀ ਵਿਚ ਮੰਗਤਿਆਂ ਦੇ ਸਾਹਮਣੇ ਬੋਲ ਰਿਹਾ ਹਾਂ, ਨਾ ਕਿ ਦੇਸ਼ ਦੇ ਹਾਕਮਾਂ ਦੇ ਸਾਹਮਣੇ, ਪਰ ਕੀ ਇਹ ਉਨ੍ਹਾਂ ਨਾਲ

ਸੰਬੰਧਿਤ ਨਹੀਂ ? ਕੀ ਲੀਡਰਾਂ ਨੂੰ ਉਹਨਾਂ ਦੀ ਸ਼ਕਤੀ ਦੇ ਸਾਧਨ ਤਕ ਪਿੱਛੇ ਨਹੀਂ ਲਿਆਉਣਾ ਚਾਹੀਦਾ ?" ਉਸ ਦਾ ਜਵਾਬ ਠੀਕ ਸੀ, "ਪਰ ਤੁਸੀਂ ਉਹਨਾਂ ਮੁੱਦਿਆਂ 'ਤੇ ਬੋਲਦੇ ਹੋ ਜਿਨ੍ਹਾਂ ਮੁੱਦਿਆਂ ਨੂੰ ਉਹਨਾਂ ਨੇ ਆਪਣੇ ਏਜੰਡੇ ਵਿਚ ਨਕਾਰ ਦਿੱਤਾ ਹੋਇਆ ਹੈ। ਤੁਸੀਂ ਉਹਨਾਂ ਦੇ ਰੰਗੀਨ ਸੁਪਨਿਆਂ ਦੀ ਖੇਡ ਦੇ ਮੈਦਾਨ ਨੂੰ ਤੋੜ ਦਿੰਦੇ ਹੋ, ਜਦੋਂ ਤੁਸੀਂ ਆਪਣੇ ਦੁੱਖੀ ਮੁੱਦੇ ਉਹਨਾਂ ਦੀ ਖੇਡ ਵਿਚ ਸ਼ਾਮਿਲ ਕਰਵਾਉਣਾ ਚਾਹੁੰਦੇ ਹੋ।" ਮੇਰੇ ਕੋਲ ਕਹਿਣ ਨੂੰ ਹੋਰ ਕੁਝ ਨਹੀਂ ਸੀ, "ਬਿਲਕਿਅਸ, ਉਹ ਲੋਕ ਜੋ ਜੋ ਸਾਸ਼ਨ ਚਲਾਉਣ ਦੀ ਜਗ੍ਹਾ 'ਤੇ ਹਨ ਅਤੇ ਨੀਤੀਆਂ ਲਾਗੂ ਕਰਨ ਵਾਲੇ ਹਨ, ਉਹ ਜਦ ਮੈਨੂੰ ਮਿਲਣਗੇ ਤਾਂ ਉਹਨਾਂ ਨੂੰ ਮੇਰੀਆਂ ਗੱਲਾਂ ਸੁਨਣੀਆਂ ਹੀ ਪੈਣਗੀਆਂ। ਪਤਲੇ ਚਿੱਕੜ ਵਿਚ ਰੀਂਘਣ ਵਾਲੇ ਬੇ-ਸਹਾਰਿਆਂ ਦੀਆਂ ਸੁਬਕੀਆਂ ਤੋਂ ਜੇ ਤਾਕਤਵਰ ਡਰ ਜਾਣ ਤਾਂ ਇਹ ਮੇਰੀ ਮੁਸ਼ਕਲ ਨਹੀਂ ਹੈ। ਜੇ ਇਹ ਕਮਜ਼ੋਰ ਸਿਸਕੀਆਂ ਚੀਕਾਂ ਵਿਚ ਬਦਲ ਕੇ ਇਨ੍ਹਾਂ ਦੇ ਕੰਨਾਂ ਵਿਚ ਇਕ ਜ਼ੋਰ ਦਾ ਧਮਾਕਾ ਕਰ ਦੇਣ ਤਾਂ ਉਹਨਾਂ ਨੂੰ ਮੇਰੀ ਰਾਇ ਪੁੱਛਣੀ ਹੀ ਨਹੀਂ ਚਾਹੀਦੀ ?" ਮੈਂ ਹਮੇਸ਼ਾ ਵੱਡੇ ਹਿੱਤ ਦੀ ਖ਼ਾਤਰ ਬੋਲਦਾ ਹਾਂ, ਨਾ ਕਿ ਹੁਣ ਦੀ ਹਕੂਮਤ ਦੇ ਗਰੁੱਪਾਂ ਲਈ। ਅਸੀਂ ਦੁਨੀਆ ਦਾ ਹਿੱਸਾ ਹੁੰਦੇ ਹੋਏ ਜੋ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਾਂ, ਉਹ ਉਸ ਸੰਬੰਧ ਵਿਚ ਬਹੁਤ ਛੋਟੇ ਹਨ।

ਅਖੀਰ 70 ਸਾਲਾਂ ਦੀ ਸੁਖ ਪੂਰਣ ਉਤੇਜਨਾ ਦੀ ਸਥਿਤੀ ਅਤੇ ਉਲਝਨ ਤੋਂ ਬਾਅਦ ਸੋਵੀਅਤ ਯੂਨੀਅਨ ਬਿਖਰ ਗਿਆ। ਇਕ ਸਿਧਾਂਤ ਦੀ ਮੌਤ ਉਹਨਾਂ ਲੋਕਾਂ ਲਈ ਬਹੁਤ ਉਦਾਸੀ ਦਾ ਕਾਰਣ ਸੀ ਜਿਨ੍ਹਾਂ ਨੇ ਇਸ ਦੀ ਸ਼ਕਤੀ ਵਿਚ ਵਿਸ਼ਵਾਸ ਕੀਤਾ ਸੀ; ਅਸਲ ਵਿਚ ਉਸ ਦੇ ਫੇਲ੍ਹ ਹੋ ਜਾਣ ਨੂੰ ਕਈਆਂ ਨੇ ਇਕ ਜਾਤੀ ਸਮਝ ਦੀ ਕਮੀ ਸਮਝਿਆ ਸੀ। ਭਾਵੇਂ ਕਿ ਇਸ ਨੂੰ ਲਾਗੂ ਕਰਨ ਦਾ ਰਸਤਾ ਮੇਰਾ ਆਪਣਾ ਵੀ ਸੀ, ਪਰ ਮੈਂ ਉਸ ਦੇ ਮੁੱਢਲੇ ਸਿਧਾਂਤਾਂ ਦਾ ਸੁਆਗਤ ਕਰਦਾ ਸਾਂ। ਸੋਵੀਅਤ ਯੂਨੀਅਨ ਦਾ ਟੁੱਟ ਜਾਣਾ ਉਹਨਾਂ ਬੁਨਿਆਦੀ ਸਿਧਾਂਤਾਂ ਤੋਂ ਵਿਚਲਨ ਹੋ ਜਾਣਾ ਸੀ।

ਸਾਰੀ ਦੁਨੀਆ ਦੇ ਆਦਰਸ਼ਵਾਦੀ ਲੋਕਾਂ ਵਿਚ ਨਾ ਬਰਾਬਰੀ ਅਤੇ ਪਦਾਰਥਵਾਦ ਦੇ ਖਿਲਾਫ ਜਾਗ੍ਰਤੀ ਪੈਦਾ ਕੀਤੀ ਗਈ ਪਰ ਇਕ ਅਗਵਾਈ ਛੇਤੀ ਹੀ ਆਪਣੇ ਆਪ ਇਸ ਦਾ ਸ਼ਿਕਾਰ ਹੋ ਗਈ। ਇਸ ਦੇ ਪ੍ਰਭਾਵ ਦਾ ਖ਼ਾਸ ਆਧਾਰ ਹੀ ਖ਼ਤਮ ਹੋ ਗਿਆ। ਮੈਨੂੰ ਉਹਨਾਂ ਦੇ ਸ਼ੁਰੂ ਦੇ ਇਰਾਦਿਆਂ ਬਾਰੇ ਕੋਈ ਸ਼ੱਕ ਨਹੀਂ ਸੀ, ਪਰ ਇਸ ਅਗਵਾਈ ਨੇ ਦੁਨੀਆਂ ਨੂੰ ਧੋਖਾ ਦਿੱਤਾ, ਇਰਾਦੇ ਅਤੇ ਸੋਚ ਵਿਚ ਹੀ ਨਹੀਂ ਮਨੁੱਖੀ ਰੁਚੀ ਦਾ ਜਾਤੀ ਲਾਲਚਾਂ ਬਾਰੇ ਖਿਆਲ ਨਾ ਕੀਤਾ ਗਿਆ। ਲੰਮੇ ਸਮੇਂ ਦੀ ਸੋਚ ਕੋਮਲ ਸਿਧਾਂਤ ਨੂੰ ਪਹਿਲੀ ਸਟੇਜ 'ਤੇ ਹੀ ਨਾ ਬਚਾ ਸਕੀ। ਉਹ ਸ਼ੁਰੂ ਤੋਂ ਛਾਲ ਮਾਰ ਕੇ ਅੱਗੇ ਨਿਕਲ ਗਏ ਅਤੇ ਨੀਂਹਾਂ ਨੂੰ ਅਣਗੌਲਿਆਂ ਕਰ ਦਿੱਤਾ।

ਜਦੋਂ ਲੀਡਰਸ਼ਿਪ ਉਹਨਾਂ ਤੋਂ ਵੱਖ ਹੋ ਗਈ, ਜਿਨ੍ਹਾਂ ਨੇ ਇਸ ਨੂੰ ਉੱਪਰ ਚੁੱਕਣਾ ਸੀ, ਤਾਂ ਇਹ ਪ੍ਰੋਜੈਕਟ ਕੰਮ ਦਾ ਨਾ ਰਿਹਾ ਅਤੇ ਇਹ ਖੇਡ ਮਾਫੀਆ ਦੇ ਅਧੀਨ ਬਦਲ ਗਈ, ਜਿਨ੍ਹਾਂ ਨੇ ਇਸ ਨੂੰ ਲੁਟਿਆ ਅਤੇ ਕਾਨੂੰਨ ਅਤੇ ਪ੍ਰਬੰਧ ਦੇ ਜ਼ਰੂਰੀ ਢਾਂਚੇ ਦੀ ਗ਼ਲਤ ਵਰਤੋਂ ਕੀਤੀ। 'ਹੈਰੋਇਨ' ਦਾ ਵਪਾਰ ਆਮ ਹੋ ਗਿਆ। ਇਸ ਸੰਬੰਧੀ ਮੈਂ ਆਪਣੇ ਸਾਥੀਆਂ ਨੂੰ ਕਹਿੰਦਾ, ਅਤੇ ਇਸ ਨੂੰ ਆਪਣੇ ਆਪ ਵਿਚ ਦੁਹਰਾਉਂਦਾ ਵੀ, "ਇਕ ਅਮਲ ਵਿਚ ਨਾ ਲਿਆਉਣ ਵਾਲਾ ਸਿਧਾਂਤ ਕੀ ਫਾਇਦਾ ਕਰੇਗਾ, ਅਤੇ ਲੋਕ ਇਸ ਨੂੰ ਕਿਸ ਤਰ੍ਹਾਂ ਅਪਨਾਉਣਗੇ, ਜਦੋਂ ਕਿ ਇਸ ਦਾ ਪ੍ਰਚਾਰ ਕਰਨ ਵਾਲੇ ਹੀ ਇਸ ਤੋਂ ਪਰੇ ਜਾ ਰਹੇ ਹਨ ? ਲੀਡਰਾਂ ਦੇ ਇਸ ਨੂੰ ਨਕਾਰਣ ਨਾਲ ਹੀ ਇਸ ਦੀ ਸੱਚਾਈ ਵਿਚ ਵਿਸ਼ਵਾਸ ਮਰ ਗਿਆ ਹੈ। ਇਹ ਮਰ ਗਿਆ ਹੈ ਕਿਉਂਕਿ ਇਸ ਦੀ ਸ਼ਕਤੀ ਵਿਚ ਹੁਣ ਬਹੁਤੀ ਇਸ ਦੇ ਲੀਡਰਾਂ ਦੀ ਕੋਈ ਦਿਲਚਸਪੀ ਨਹੀਂ ਰਹੀ। ਇਸ ਲਈ ਇਹ ਉਹਨਾਂ ਦੀ ਕਲਪਨਾ ਨੂੰ ਆਕ੍ਰਸ਼ਿਤ ਨਹੀਂ ਕਰ ਸਕਦੀ, ਜੋ ਇਸ ਵਿਚਾਰ ਦੇ ਸੋਮੇ ਤੋਂ ਬਹੁਤ ਦੂਰ ਹਨ।"

ਫਿਰ ਵੀ ਤਾਕਤ ਨੇ ਇਤਿਹਾਸਕ ਤੌਰ 'ਤੇ ਇਹ ਸਿੱਧ ਕਰ ਦਿਖਾਇਆ ਹੈ ਕਿ ਇਹ ਵਰਗਲਾਉਂਦੀ ਹੈ, ਲਾਲਚ ਦੇ ਕੇ ਇਕ ਦੈਂਤ ਦੀ ਤਰ੍ਹਾਂ ਨਸ਼ਟ ਕਰ ਦਿੰਦੀ ਹੈ ਅਤੇ ਕੁਝ ਲੋਕ ਜੋ ਇਸ ਦੇ ਦਰਵਾਜ਼ਿਆਂ ਵਿਚ ਪ੍ਰਵੇਸ਼ ਕਰ ਗਏ, ਉਹ ਬਿਨਾਂ ਬਦਲੇ ਨਿਕਲ ਨਹੀਂ ਸਕੇ। ਫਿਰ ਵੀ ਲੀਡਰ ਸਿੱਖਣ ਤੋਂ ਵਾਂਝੇ ਰਹੇ ਸਨ। ਮੈਨੂੰ ਇਹ ਲੱਗਦਾ ਕਿ ਇਹ ਗਿਰਾਵਟ 20 ਸਾਲ ਪਹਿਲਾਂ ਸ਼ੁਰੂ ਹੋਈ ਸੀ, ਜਦੋਂ ਮੇਰੇ ਬੰਟਵਾ ਵਾਲੇ ਚਾਰ ਦੋਸਤ ਜੋ ਮਾਸਕੋ ਤੋਂ ਵਾਪਸ ਪਰਤੇ ਸਨ, ਉਹਨਾਂ ਨੇ ਦੁਖਦਾਈ ਕਹਾਣੀਆਂ ਸੁਣਾਈਆਂ ਸਨ। ਇਸ ਸਿਧਾਂਤ ਨੇ ਉਸ ਵਕਤ ਹੀ ਇਸ ਦੇ ਖ਼ਤਮ ਹੋਣ ਦੀ ਘੋਸ਼ਣਾ ਕਰ ਦਿੱਤੀ ਸੀ ਜਦੋਂ ਇਸ ਦੀਆਂ ਟਰੇਡ ਯੂਨੀਅਨਾਂ ਅਤੇ ਇਸ ਦੇ ਸ਼ਾਹੀ ਸਮਾਜਵਾਦੀ ਵਜ਼ੀਰਾਂ ਨੇ ਆਪਣੇ ਚਿਹਰਿਆਂ 'ਤੇ ਮੋਖਟੇ ਪਹਿਨ ਲਏ ਸਨ। ਸੋਵੀਅਤ ਯੂਨੀਅਨ ਦੀਆਂ ਮਜ਼ਬੂਤ ਮੋਟਰ ਗੱਡੀਆਂ ਨੂੰ ਜਾਪਾਨ ਦੇ ਟਿਓਟਾ ਅਤੇ ਜਰਮਨੀ ਦੀਆਂ ਮਰਸਡੀਜ਼ ਬੈਂਜ ਨਾਲ ਬਦਲ ਦਿੱਤਾ ਸੀ, ਜੋ ਉਥੋਂ ਦੀ ਆਮ ਗ਼ਰੀਬੀ ਦੇ ਬਿਲਕੁਲ ਉਲਟ ਸੀ। 15 ਸਾਲ ਮੈਂ ਉਹਨਾਂ ਵਲੋਂ ਹਥਿਆਰਾਂ 'ਤੇ ਜ਼ੋਰ ਦੇਣ ਬਾਰੇ ਪੜ੍ਹਦਾ ਰਿਹਾ ਅਤੇ ਉਹਨਾਂ ਦੀ ਆਉਣ ਵਾਲੀ ਤਬਾਹੀ ਤੋਂ ਚੁਕੰਨਾ ਹੋ ਗਿਆ ਸਾਂ, "ਅਮਰੀਕਾ 'ਤੇ ਅੱਗੇ ਜਾਣ ਦੀ ਤਰਜੀਹ 'ਤੇ ਕੇਂਦਰਿਤ ਰਹਿਣ ਕਰਕੇ, ਉਹਨਾਂ ਨੇ ਆਪਣੀ ਪ੍ਰਣਾਲੀ ਵਿਚ ਕੀਤੇ ਸੁਧਾਰਾਂ ਨੂੰ ਉਹ ਉਦੇਸ਼ ਪੂਰਾ ਕਰਨ ਲਈ ਸਿਰਫ ਸਾਧਨ ਬਣਾ ਲਿਆ। ਬਜਟ ਦਾ ਬਹੁਤ ਸਾਰਾ ਹਿੱਸਾ ਹਥਿਆਰਾਂ ਲਈ ਕੱਢ ਲਿਆ ਗਿਆ, ਅਤੇ ਥੋੜ੍ਹਾ ਜਿਹਾ ਹੀ ਆਮ ਲੋਕਾਂ ਤਕ ਪਹੁੰਚਦਾ ਸੀ।"

ਮੇਰਾ ਪੁਰਾਣਾ ਕਾਮਰੇਡਾਂ ਦਾ ਗਰੁੱਪ ਮੇਰੇ ਸਾਹਮਣੇ ਉਦਾਸ ਚਿਹਰੇ ਲੈ ਕੇ ਬੈਠਾ ਸੀ : "ਉਹ ਪ੍ਰਣਾਲੀ ਕਿਸ ਤਰ੍ਹਾਂ ਚਲ ਸਕਦੀ ਸੀ ਜਿਸ ਵਿਚ ਜ਼ਿੰਦਗੀ ਨਹੀਂ

ਝੂਮਦੀ। ਘੱਟੋ ਘੱਟ 25 ਸਾਲ ਦਾ ਸਮਾਂ ਸਮਰਪਿਤ ਕਰਨਾ ਪੈਣਾ ਹੈ, ਇਸ ਦਾ ਠੋਸ ਆਧਾਰ ਬਨਾਉਣ ਦੇ ਲਈ ਜਦੋਂ ਉੱਪਰ ਦੇ ਅਧਿਕਾਰੀ ਆਮ ਭ੍ਰਿਸ਼ਟਾਚਾਰ ਨੂੰ ਅਪਨਾ ਲੈਣਗੇ ਤਾਂ ਦੇਸ਼ ਭੰਬਲਭੂਸੇ ਵਿਚ ਫਸ ਜਾਵੇਗਾ, ਡਾਵਾਂਡੋਲ ਅਤੇ ਘਬਰਾ ਜਾਵੇਗਾ। ਹਾਕਮ ਜਮਾਤਾਂ ਦੀਆਂ ਕਹਾਣੀਆਂ ਆਮ ਲੋਕਾਂ ਤਕ ਪਹੁੰਚ ਜਾਂਦੀਆਂ ਹਨ, ਅਤੇ ਥੱਲੇ ਤੋਂ ਪ੍ਰਣਾਲੀ ਵਿਚ ਬੇ-ਵਿਸ਼ਵਾਸੀ ਪੈਦਾ ਹੋ ਜਾਂਦੀ ਹੈ। ਇਸ ਨੂੰ ਥੱਲੇ ਦੀ ਪੱਧਰ 'ਤੇ ਭ੍ਰਿਸ਼ਟਾਚਾਰ ਦੀ ਮੰਡੀ ਵਿਚ ਪ੍ਰਗਟ ਕੀਤਾ ਜਾਂਦਾ ਹੈ, ਵਿਦੇਸ਼ਾਂ ਦੀਆਂ ਸਿਗਰਟਾਂ ਅਤੇ ਸਮੱਗਲ ਕੀਤੀਆਂ ਵਸਤੂਆਂ, ਸਟੋਰਾਂ ਵਿਚ ਆਮ ਵਿਕਦੀਆਂ ਸਨ। ਲਾਲਚ ਨੇ ਦੇਸ਼ ਦੇ ਵਿਕਾਸ ਦੀ ਰਫਤਾਰ ਨੂੰ ਰੋਕ ਦਿੱਤਾ ਸੀ, ਫਸਲਾਂ ਤਬਾਹ ਕਰ ਦਿੱਤੀਆਂ ਗਈਆਂ ਸਨ, ਇਸ ਲਈ ਕਿ ਕਣਕ ਅਯਾਤ ਕਰਨੀ ਪਵੇ, ਇਹ ਪ੍ਰਣਾਲੀ ਪ੍ਰਬੰਧ ਦੇ ਧੋਖੇ ਕਰਕੇ ਫੇਲ੍ਹ ਹੋ ਗਈ।"

ਇਹ ਬਹਿਸ ਕਈ ਦਿਨ ਅਤੇ ਕਈ ਲੋਕਾਂ ਨਾਲ ਚਲਦੀ ਰਹੀ, ਜਿਸ ਨੂੰ ਮੈਂ ਵੱਡੀ ਬੇਵਕੂਫੀ ਸਮਝਦਾ ਸਾਂ, ਮੈਂ ਉਸ ਦੀ ਵਿਆਖਿਆ ਕੀਤੀ, "ਉਹਨਾਂ ਅਲੱਗ ਸੁਧਾਰਕਾਂ ਦੀ ਤਰ੍ਹਾਂ ਜੋ ਬਹੁਤ ਹੀ ਗੰਭੀਰਤਾ ਨਾਲ *ਚਟਾਈ* ਦੀ ਵਿਚਾਰਧਾਰਾ ਦਾ ਅਨੁਸਰਣ ਕਰਦੇ ਸਨ, ਉਹ ਲਗਾਤਾਰ ਨਿਮਾਣਾਪਨ ਅਤੇ ਆਪਣੇ ਉਦੇਸ਼ ਨਾਲ ਜੁੜੇ ਰਹਿੰਦੇ ਸਨ, ਸੋਸ਼ਲਿਸਟ ਅਤੇ ਕਮਿਊਨਿਸਟ ਲੀਡਰਸ਼ਿਪ ਉਪਰਲੀ ਪੱਧਰ 'ਤੇ ਗਤੀਸ਼ੀਲ ਹੋ ਗਈ ਸੀ। ਹਰ ਤਰ੍ਹਾਂ ਦੀ ਪ੍ਰਣਾਲੀ ਵਿਚ ਇਕ *ਅਮੀਰ* (Head of a state) ਹੋਣਾ ਚਾਹੀਦਾ ਹੈ, ਜੋ ਮਾਰਗ-ਪ੍ਰਦਰਸ਼ਨ ਕਰੇ, ਪ੍ਰਬੰਧ ਕਰੇ ਅਤੇ ਵਿਅਕਤੀਗਤ ਉਦਾਹਰਨ ਬਣੇ ਅਤੇ ਕਮਿਊਨਿਸਟ ਹਾਕਮਾਂ ਦੇ ਸਖ਼ਤ ਮੁਕਾਬਲੇ ਵਿਚ ਜਿਨ੍ਹਾਂ ਨੇ ਆਪਣੇ ਆਪ ਨੂੰ ਜਾਰਜ, ਗਾਂਧੀ, ਜਲਾਲੁਦੀਨ ਅਫਗਾਨੀ ਅਤੇ ਅਲਾਮਾਂ ਮਸ਼ਕਰੀ ਦੇ ਤੌਰ 'ਤੇ ਬਦਲ ਲਿਆ ਹੁੰਦਾ ਹੈ, ਉਹ ਹਮੇਸ਼ਾ ਲੋਕਾਂ ਦੀ ਪਹੁੰਚ ਵਿਚ ਹੁੰਦੇ ਹਨ।"

ਮੇਰੀਆਂ ਵਿਦ੍ਰੋਹੀ ਸੋਚਾਂ ਨੇ ਮੈਨੂੰ ਇਸ ਅਗਾਂਹ ਵਧੂ ਵਿਚਾਰਧਾਰਾ ਵੱਲ ਅਗੇ ਲਿਆਂਦਾ ਅਤੇ ਮੇਰੇ ਮੈਮਨ ਵਿਰੋਧੀਆਂ ਨੇ ਇਕ ਦਮ ਮੈਨੂੰ ਝੂਠ ਬੋਲ ਕੇ ਕਮਿਊਨਿਸਟ ਕਰਾਰ ਦੇ ਦਿੱਤਾ ਅਤੇ ਇਕ ਭਾਰਤੀ ਅਖ਼ਬਾਰ ਨੇ ਵੀ ਇਸ ਤਰ੍ਹਾਂ ਹੀ ਕੀਤਾ। ਮੈਂ ਆਪਣੇ ਦੋਸਤਾਂ ਨੂੰ ਇਸ ਦੀ ਵਿਆਖਿਆ ਕੀਤੀ।" ਕਿਸੇ ਇਨਕਲਾਬ ਦੇ ਫਜ਼ੂਲ ਜਾਣ 'ਤੇ ਉਦਾਸ ਹੋਣ ਕਰਕੇ ਇਹ ਨਿਆਂ ਸੰਗਤ ਨਹੀਂ ਕਿ ਤੁਸੀਂ ਉਦਾਸੀਨਤਾ ਕਾਰਣ ਆਤਮ-ਸਮਰਪਣ ਕਰ ਦਿਓ। ਹਰ ਸੌ ਸਾਲ ਬਾਅਦ ਇਤਿਹਾਸ ਆਪਣੀ ਪ੍ਰਣਾਲੀ ਅਤੇ ਵਿਚਾਰਧਾਰਾ ਬਦਲ ਦਿੰਦਾ ਹੈ, ਜਿਵੇਂ ਧਰਮ ਵੀ ਸਿਰਫ ਗੱਲਾਂ ਕਰਨ ਲਈ ਰਹਿ ਜਾਂਦੇ ਹਨ, ਉਹਨਾਂ ਸਮਿਆਂ 'ਤੇ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਚੰਗਿਆਂ ਮੁੱਦਿਆਂ ਨੂੰ ਪਾਣੀ ਜਾਂ ਅੱਗ ਤੋਂ ਬਚਾਇਆ ਜਾਵੇ। ਹਰ ਸਦੀ ਦੇ ਬਾਅਦ, ਫਿਰ ਵਾਪਸੀ ਹੁੰਦੀ ਹੈ। ਇਹ ਸ਼ੁਰੂ ਹੋ ਗਿਆ ਹੈ। ਪਲਾਸਟਿਕ ਦੇ ਬੈਗ ਲਗਭਗ 40

ਸਾਲਾਂ ਤਕ ਪ੍ਰਸਿੱਧ ਰਹੇ ਹਨ, ਹੁਣ ਉਹ ਖ਼ਤਰਨਾਕ ਸਮਝੇ ਜਾਂਦੇ ਹਨ, ਕਿਉਂ ਜੋ ਉਹਨਾਂ ਨੂੰ ਦੁਬਾਰਾ ਨਹੀਂ ਬਣਾਇਆ ਜਾ ਸਕਦਾ। ਇਹ ਦੁਨੀਆਂ ਦਾ ਪੂਰਾ ਚੱਕਰ ਕੱਢਣ ਦਾ ਇਕ ਢੰਗ ਹੈ।"

ਕਈ ਸਾਲ ਪਹਿਲਾਂ ਮੈਂ *ਹਕੂਕ-ਅਲ-ਇਬਾਦ* ਦਾ ਮੁੱਦਾ ਲਿਆ ਸੀ ਅਤੇ ਇਸ ਨੂੰ ਲਾਗੂ ਕਰਨ ਲਈ ਇਸ ਦੇ ਸੰਬੰਧਿਤ ਮੁੱਦਿਆਂ ਦੀਆਂ ਗ਼ਲਤੀਆਂ ਕੱਢ ਕੇ ਇਸ ਦੀਆਂ ਅਮਲ ਵਿਚ ਲਿਆਂਦੇ ਜਾਣ ਵਾਲੇ ਬਦਲ ਦੱਸੇ ਸਨ। ਮੇਰੇ ਨਾਲ ਦੇ ਦਿਲ ਛੱਡ ਚੁੱਕਿਆਂ ਨੇ ਮੈਨੂੰ ਬੜੀ ਫਿਕਰਮੰਦ ਹੋ ਕੇ ਸੁਣਿਆ ਸੀ : "ਸਮਾਜਵਾਦ ਫੇਲ੍ਹ ਹੋ ਗਿਆ ਅਤੇ ਪੂੰਜੀਵਾਦ ਚਲ ਰਿਹਾ ਹੈ, ਪਰ ਇਸ ਦਾ ਕਦੀ ਵੀ ਇਹ ਅਰਥ ਨਹੀਂ ਕਿ ਪੂੰਜੀਵਾਦ ਠੀਕ ਪ੍ਰਣਾਲੀ ਹੈ । ਕੋਈ ਹੋਰ ਪ੍ਰਣਾਲੀ ਇਸ ਨੂੰ ਇਨਸਾਫ ਅਤੇ ਸੰਤੁਲਨ ਨਾਲ ਬਦਲ ਦੇਵੇਗੀ। ਇਹ ਤਜ਼ਰਬੇ ਵਿਚੋਂ ਦੋਵਾਂ ਦੇ ਅਧਿਐਨ ਵਿਚੋਂ ਪੈਦਾ ਹੋਵੇਗਾ। ਜੇ ਪਦਾਰਥਵਾਦ ਹੁਣ ਦੀ ਵਿਚਾਰਧਾਰਾ ਹੈ ਤਾਂ ਇਹ ਕੇਵਲ ਇਨਸਾਨੀਅਤ ਨਾਲ ਲੜ ਸਕਦੀ ਹੈ। ਸਮਾਜ ਕਲਿਆਣ ਹੀ ਇਕ ਪੂਰਨ ਅਤੇ ਸਾਰੀ ਦੁਨੀਆਂ ਦਾ ਦਰਸ਼ਨ ਸ਼ਾਸਤਰ ਹੈ, ਜੋ ਅਖੀਰ ਵਿਚ ਇਕ ਪ੍ਰਣਾਲੀ ਦੇ ਤੌਰ 'ਤੇ ਚਲੇਗੀ।"

ਇਕ ਵਿਦਵਾਨ ਨਾਲ ਚਰਚਾ ਦੇ ਦੌਰਾਨ, ਮੈਂ ਕਿਹਾ, "ਮੈਂ ਸਾਰੇ ਧਰਮਾਂ ਵਿਚ ਸਮਾਜਵਾਦ ਸੋਚ ਅਤੇ ਪੂੰਜੀਵਾਦ ਲੋਕ ਭਲਾਈ ਵਿਚ ਬਹੁਤ ਥੋੜ੍ਹਾ ਫ਼ਰਕ ਅਤੇ ਜ਼ਿਆਦਾ ਇਕਸਾਰਤਾ ਵੇਖਦਾ ਹਾਂ। ਹਰ ਇਕ ਦੇ ਸਿਧਾਂਤ ਇਨਸਾਨੀਅਤ 'ਤੇ ਜ਼ੋਰ ਦਿੰਦੇ ਹਨ। *ਹਕੂਕ-ਅਲ-ਇਬਾਦ* ਦਾ ਵਿਚਾਰ ਫੇਲ੍ਹ ਨਹੀਂ ਹੋਇਆ।" ਮੈਂ ਇਸ ਦੀ ਵਿਆਖਿਆ ਕਰਦਾ, "ਜਿਨ੍ਹਾਂ ਨੇ ਸਮਾਜਵਾਦ ਪ੍ਰਣਾਲੀ ਦਾ ਪ੍ਰਚਾਰ ਕੀਤਾ ਅਤੇ ਇਸ ਨੂੰ ਵਧਾਇਆ, ਉਹ ਅਸਲ ਵਿਚ ਪੱਛੜੇ ਲੋਕਾਂ ਦੀ ਪ੍ਰਣਾਲੀ ਸੀ। ਪੁਰਾਣੇ ਜ਼ਮਾਨੇ ਵਿਚ ਇਹ ਅਵਤਾਰਾਂ ਨੇ ਅਪਨਾਈ ਸੀ, ਜਿਨ੍ਹਾਂ ਨੇ ਬੜੀ ਸਫਲਤਾ ਨਾਲ ਸਮਾਜ ਵਿਚ ਬਰਾਬਰੀ ਅਤੇ ਲੋਕ ਭਲਾਈ ਨੂੰ ਲਾਗੂ ਕੀਤਾ ਸੀ। ਰਿਵਾਜਾਂ ਦੇ ਹੁੰਦਿਆਂ-ਸੁੰਦਿਆਂ ਸਾਰੇ ਧਰਮਾਂ ਅਤੇ ਪ੍ਰਣਾਲੀਆਂ ਜੋ ਸਮਾਜ ਭਲਾਈ ਦਾ ਅਨੁਸਰਣ ਕਰਦੀਆਂ ਹਨ, ਉਹ *ਹਕੂਕ-ਅਲ-ਇਬਾਦ* ਦਾ ਸਮਰਥਨ ਕਰਦੀਆਂ ਹਨ।"

ਪੱਛਮੀ ਦੇਸ਼ਾਂ ਦੀਆਂ ਪੂੰਜੀਵਾਦੀ ਲੋਕਰਾਜਾਂ ਨੇ ਕਮਿਊਨਿਸਟਾਂ ਦੇ ਪ੍ਰਭਾਵ ਨੂੰ ਉਸ ਦੇ ਮੁਕਾਬਲੇ 'ਤੇ ਲੋਕ ਭਲਾਈ ਦੇ ਸੰਤੁਲਨ ਨਾਲ ਬਹੁਤ ਚੰਗੀ ਤਰ੍ਹਾਂ ਰੋਕਿਆ ਸੀ। ਲੋਕ ਰਾਜ ਉਦੋਂ ਹੀ ਸਥਾਪਿਤ ਹੁੰਦਾ ਹੈ ਅਤੇ ਚਲਦਾ ਹੈ, ਜਦੋਂ ਪੇਟ ਭਰੇ ਹੋਣ। ਮੈਂ ਆਮ ਕਹਿੰਦਾ ਸਾਂ, "ਭਾਵੇਂ ਕਿ ਇਸਲਾਮ ਇਕ ਪੂਰਨ ਪ੍ਰਣਾਲੀ ਹੈ, ਮੁਸਲਿਮ ਉਦਾਹਰਨ ਨੇ ਇਸ ਨੂੰ ਦੁਨੀਆਂ ਦੀ ਵਿਚਾਰਧਾਰਾ ਦੇ ਤੌਰ 'ਤੇ ਇਸ ਦੀ ਮੁਕਾਬਲਾ ਕਰਨ ਦੀ ਸ਼ਕਤੀ ਨੂੰ ਖ਼ਤਮ ਕਰ ਦਿੱਤਾ ਹੈ, ਜਦੋਂ ਕਿ ਇਸਲਾਮ ਨੂੰ ਨਾ ਤਾਂ ਪਰਖਿਆ ਗਿਆ ਹੈ ਅਤੇ ਨਾ ਹੀ ਇਹ ਫੇਲ੍ਹ ਹੋਇਆ ਹੈ।"

ਕਮਿਊਨਿਸਟ ਪ੍ਰਣਾਲੀ ਨੇ ਜਾਤੀ ਤੌਰ ਦੇ ਵਿਕਾਸ ਨੂੰ ਕੁਚਲਿਆ ਸੀ ਅਤੇ ਵਿਅਕਤੀਗਤ ਅਗਵਾਈ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਹੋਇਆ ਸੀ। ਇਸਲਾਮ ਵਿਚ ਮਨੁੱਖੀ ਸ਼ਕਤੀ ਨੂੰ ਸਾਂਝੇ ਤੌਰ 'ਤੇ ਅਤੇ ਜਾਤੀ ਤੌਰ 'ਤੇ ਉੱਪਰ ਚੁੱਕਣ ਲਈ ਜਾਗ੍ਰਤ ਕੀਤਾ ਗਿਆ ਅਤੇ ਮੈਂ ਉਸ ਨੂੰ ਅਪਨਾਇਆ ਸੀ। ਮੇਰਾ ਢੰਗ ਜਾਤੀ ਮਦਦ ਜਾਂ ਦਾਨ ਤਕ ਸੀਮਿਤ ਨਹੀਂ ਸੀ। ਇਹ ਇਕ ਸਾਂਝਾ ਕੰਮ ਸੀ, ਜਿਸ ਨੂੰ ਜਾਤੀ ਪ੍ਰੇਰਣਾ ਨਾਲ ਚਲਾਇਆ ਗਿਆ ਸੀ। ਨਾ ਤਾਂ ਇਹ ਇਕ ਫਿਰਕੇ ਦਾ ਅੰਦੋਲਨ ਸੀ, ਜਾਂ ਨਾ ਹੀ ਜਾਤੀ ਸੰਘਰਸ਼ ਸੀ, ਜਿਨ੍ਹਾਂ ਨੇ ਲੰਮੇ ਸਮੇਂ ਵਿਚ ਕੋਈ ਸਿੱਟੇ ਨਹੀਂ ਦਿੱਤੇ। ਮੈਂ ਇਕ ਹੀ ਕੋਸ਼ਿਸ਼ ਨਾਲ ਬਹੁਸੰਮਤੀ ਨੂੰ ਬਦਲਣ ਅਤੇ ਉੱਪਰ ਚੁੱਕਣ ਦਾ ਉਦੇਸ਼ ਰੱਖਦਾ ਸਾਂ।

ਜਦੋਂ ਮੈਂ ਆਪਣੇ ਢੰਗਾਂ ਬਾਰੇ ਤੁਲਨਾਤਮਕ ਤੌਰ 'ਤੇ ਬੋਲਦਾ ਸਾਂ ਤਾਂ ਮੇਰੇ ਸਾਥੀ ਮੁਸਕਰਾਉਂਦੇ ਸਨ : "ਭਾਵੇਂ ਕਿ ਮਾਰਕਸ ਦੇ ਬਹੁਤ ਨੇੜੇ ਦਾ ਸਾਥੀ ਇਕ ਬਹੁਤ ਅਮੀਰ ਆਦਮੀ ਸੀ, ਜਿਸ ਕੋਲ ਅਮਲ ਵਿਚ ਲਿਆਉਣ ਵਾਲੀਆਂ ਸੋਚਾਂ ਸਨ। ਆਪਣੇ ਆਪ ਦਾ ਪ੍ਰਚਾਰ ਕਰਨ ਵਾਲੇ ਸੂਟਿਡ ਬੂਟਿਡ ਲੋਕਾਂ ਤੋਂ ਮੈਂ ਬਹੁਤ ਸੁਚੇਤ ਸਾਂ। ਪੰਜਵੇਂ ਸਤੰਭ-ਲੇਖਕਾਂ ਨੇ ਬੜੀ ਸਫਲਤਾ ਨਾਲ ਬਹੁਤ ਸਾਰੇ ਅੰਦੋਲਨ ਤਬਾਹ ਕੀਤੇ ਹਨ। ਸਮਾਜਵਾਦੀ ਪ੍ਰਣਾਲੀ ਵੀ ਉਹ ਹੀ ਖਾ ਗਏ ਹਨ।"

ਰਵਾਂਡਾ ਅਤੇ ਯਮਨ ਦੀਆਂ ਬਹੁਤ ਜ਼ਿਆਦਾ ਭਿਆਨਕ ਹਾਲਤਾਂ ਵਿਚ ਥੋੜੀ ਜਿਹੀ ਤਾਕਤ ਹਾਸਲ ਕਰਨ ਵਾਲੇ ਲੋਕਾਂ ਦੀ ਹਥਿਆਰਾਂ ਦੀ ਦੌੜ ਵੇਖੀ ਜਾ ਸਕਦੀ ਸੀ, "ਹਰ ਕੁਝ ਸਾਲਾਂ ਬਾਅਦ ਬਗੈਰ ਜ਼ਮੀਰ ਦੇ ਕੁਝ ਲੁਟੇਰੇ ਲੋਕਾਂ ਨੂੰ ਖ਼ਤਮ ਕਰਨ ਲਈ ਅੱਗੇ ਆਉਂਦੇ ਹਨ। ਪਾਕਿਸਤਾਨ ਵਿਚ ਜ਼ਿੰਮੀਦਾਰ, ਜਗੀਰਦਾਰ ਅਤੇ ਸਰਮਾਏਦਾਰ, ਉਸ ਹੀ ਕਿਸਮ ਦੇ ਲੋਕ ਹਨ। ਕਿਉਂ ਜੋ ਮਨੁੱਖ ਭਲਾਈ ਸੰਬੰਧੀ ਸੋਚ ਰੱਖਣ ਵਾਲਿਆਂ ਨੂੰ ਹਮੇਸ਼ਾ ਮਜ਼ਬੂਰੀ ਵਸ ਸਮਝੌਤੇ ਕਰਨੇ ਪੈਂਦੇ ਹਨ, ਸਿਰਫ ਕੁਝ ਹੀ ਅਪਵਾਦ ਹਨ, ਜਿਨ੍ਹਾਂ ਨੂੰ ਅਸ਼ੁੱਧ ਨਹੀਂ ਕੀਤਾ ਗਿਆ ਸੀ।"

ਮੈਂ ਕਦੀ ਵੀ ਚਰਚਾ ਕਰਨ ਦੇ ਵਿਸ਼ੇ ਬਾਰੇ ਚਰਚਾ ਕਰਨ ਤੋਂ ਨਹੀਂ ਰੁਕਿਆ, "ਅਸੈਂਬਲੀਆਂ, ਰਾਜਨੀਤਕ ਪਾਰਟੀਆਂ, ਤਾਕਤਵਰ ਗਰੁੱਪਾਂ, ਲੋਕਰਾਜ ਅਤੇ ਤਾਨਾਸ਼ਾਹੀ ਸਭ ਇਕੋ ਜਿਹੇ ਹੀ ਹਨ। ਅਮੀਰਾਂ ਲਈ ਇਹ ਇਕ ਹੋਰ ਖੇਡ ਹੈ। ਇਸ ਦੇ ਖਿਡਾਰੀ ਫਜ਼ੂਲ ਅਤੇ ਉਜਾੜੂ ਲੋਕ ਹਨ, ਜੋ ਸਮਾਜਿਕ ਭਲਾਈ ਦੇ ਰਾਹ ਵਿਚ ਵੱਡੀਆਂ ਰੁਕਾਵਟਾਂ ਬਣ ਗਈਆਂ ਹਨ। ਗ਼ਰੀਬ ਲੋਕ ਕੰਮ ਕਰਨ ਚਲੇ ਜਾਂਦੇ ਹਨ ਅਤੇ ਆਪਣੇ ਧਿਆਨ ਵਿਚ ਲਿਆਉਂਦੇ ਹਨ, ਛੇਤੀ ਹੀ ਉਹ ਉਹਨਾਂ ਦੀ ਸਥਿਤੀ ਬਾਰੇ ਸੁਆਲ ਕਰਨਗੇ। ਇਕ ਇਨਕਲਾਬੀ ਖਾਹਿਸ਼ ਨੂੰ ਘਟਾਉਣ ਲਈ ਮਿਸ਼ਰਤ ਆਰਥਿਕਤਾ ਦੀ ਜ਼ਰੂਰਤ ਹੈ।"

ਆਪਣੇ ਸਟਾਫ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆਂ, ਮੈਂ ਸਾਡੇ ਆਪਣੇ ਢੰਗ ਦੀ ਵਿਆਖਿਆ ਕੀਤੀ : "ਲੋਕ ਭਲਾਈ ਨੂੰ ਸਰਕਾਰ ਤੋਂ ਵੱਖ ਕਰਨਾ ਉਨਾਂ ਹੀ ਮਹੱਤਵਪੂਰਨ ਹੈ, ਜਿੰਨਾਂ ਨਿਆਂਪਾਲਕਾ ਨੂੰ ਕਾਰਜਕਰਨੀ ਤੋਂ ਵੱਖ ਕਰਨਾ। ਜਦੋਂ ਕਿ ਪੱਛਮ ਦੀ ਲੋਕ ਭਲਾਈ ਦੀ ਪ੍ਰਣਾਲੀ, ਸਰਕਾਰ ਦੇ ਰਾਹੀਂ ਹੈ, ਸਾਡੀ ਇਸ ਦੇ ਸਮਾਨਅੰਤਰ ਚਲੇਗੀ। 40 ਸਾਲਾਂ ਵਿਚ ਪਾਕਿਸਤਾਨ ਨੂੰ ਇਸ ਦੇ ਲੋਕ ਭਲਾਈ ਦੀ ਪ੍ਰਣਾਲੀ ਕਰਕੇ ਜਾਣਿਆ ਜਾਵੇਗਾ। ਇਹ ਤੀਸਰੀ ਦੁਨੀਆਂ ਲਈ ਇਕ ਨਮੂਨਾ ਹੋਵੇਗਾ, ਪਰ ਸਾਨੂੰ ਅਜੇ ਕੁਝ ਹੋਰ ਸਮਾਂ ਇਸ ਦੇ ਵਿੱਤੀ ਚੱਕਰ ਨੂੰ ਪੂਰਾ ਕਰਨ ਲਈ ਚਾਹੀਦਾ ਹੈ।"

ਇਸ ਦੇ ਬਾਵਜੂਦ ਕਿ ਦਾਨ ਦੇਣ ਵਾਲੇ ਲੋਕ ਕੁਲ ਜਨਸੰਖਿਆ ਦਾ ਸਿਰਫ ਇਕ ਫੀਸਦੀ ਹੀ ਸੀ ਅਤੇ ਇਨ੍ਹਾਂ 45 ਸਾਲਾਂ ਵਿਚ ਮੈਂ ਬੋਲੀ, ਫਿਰਕੂ ਅਤੇ ਸੰਪ੍ਰਦਾਇਕ ਵੰਡ ਨੂੰ ਖ਼ਤਮ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ, ਮੈਂ ਜੋ ਕੁਝ ਫਾਊਂਡੇਸ਼ਨ ਲਈ ਸੋਚਿਆ ਸੀ, ਉਸ ਸਥਿਤੀ ਦੇ ਬਹੁਤ ਨਜ਼ਦੀਕ ਸੀ। "ਬਗੈਰ ਕਿਸੇ ਦਬਾਅ ਦੇ ਜਾਂ ਰੁਕਾਵਟ ਦੇ ਅਸੀਂ ਸਰਕਾਰ ਦੀ ਸੱਜੀ ਬਾਂਹ ਬਣ ਜਾਵਾਂਗੇ, ਪਰ ਆਪਣੀ *ਆਵਾਮੀ* ਪਹਿਚਾਣ ਬਣਾਈ ਰੱਖਦੇ ਹੋਏ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਸਾਨੂੰ ਕਿਸੇ ਨੇ ਚੁਣੌਤੀ ਨਹੀਂ ਦਿੱਤੀ ਅਤੇ ਸਾਡੇ ਕੰਮ ਵਿਚ ਕੋਈ ਰੁਕਾਵਟ ਨਹੀਂ ਆਈ।" ਮੇਰੇ ਸਾਥੀ ਮੇਰੀਆਂ ਯੋਜਨਾਵਾਂ ਬਾਰੇ ਬਹੁਤੇ ਫਿਕਰਮੰਦ ਨਹੀਂ ਸਨ, ਉਹ ਇਨ੍ਹਾਂ ਯੋਜਨਾਵਾਂ 'ਤੇ ਉਨ੍ਹਾਂ ਨੂੰ ਉਂਨਾਂ ਹੀ ਵਿਸ਼ਵਾਸ ਸੀ ਜਿੰਨਾਂ ਮੈਨੂੰ।

ਮੈਂ ਆਪਣੇ ਸਾਥੀਆਂ ਅਤੇ ਵਲੰਟੀਅਰਾਂ ਦੇ ਸਾਹਮਣੇ ਘੋਸ਼ਣਾ ਕੀਤੀ, "ਬਗੈਰ ਕਿਸੇ ਖ਼ੂਨ ਖ਼ਰਾਬੇ ਦੇ ਇਕ ਇਤਿਹਾਸਕ ਤਬਦੀਲੀ ਕਰਨਾ ਮੇਰੀ ਸੋਚ ਹੈ। ਇਕ ਸਮਾਜਿਕ ਭਲਾਈ ਵਾਲਾ ਦੇਸ਼ ਸਥਾਪਿਤ ਕਰਨਾ, ਇੰਨੇ ਹੀ ਅਮਨ ਨਾਲ ਜਿਸ ਤਰ੍ਹਾਂ ਅਸੀਂ ਹੁਣ ਕਰ ਰਹੇ ਹਾਂ, ਇਹ ਇਕ ਉਹ ਢੰਗ ਹੈ, ਜਿਸ ਨੂੰ ਆਜ਼ਾਦੀ ਲਈ ਜੰਗ ਦਾ ਬਦਲ ਬਣਨਾ ਚਾਹੀਦਾ ਹੈ। ਅਸੀਂ ਸਰਕਾਰ ਦੀ ਮਦਦ ਕਰਾਂਗੇ, ਉਹ ਸਾਨੂੰ ਅਮਨ ਨਾਲ ਅਪਨਾ ਲਵੇਗੀ। ਮੌਜੂਦਾ ਢੰਗ ਇਕ ਕਲਿਆਣ ਦੇ ਵਿਕਲਪ ਨਾਲ ਬਦਲਿਆ ਜਾ ਸਕੇਗਾ।" ਮੈਂ ਉਹਨਾਂ ਨੂੰ ਹਦਾਇਤ ਕਰਦਾ ਕਿ ਆਪਣਾ ਦੂਰ ਅੰਦੇਸ਼ੀ ਦੇ ਉਦੇਸ਼ ਨੂੰ ਪ੍ਰਾਪਤ ਕਰਨਾ ਆਪਣੇ ਦਿਮਾਗ ਵਿਚ ਰੱਖੋ, ਅਤੇ ਕੰਮ ਕਰਦੇ ਸਮੇਂ ਦੇ ਮੁੱਦੇ ਅਣਗੌਲੇ ਨਾ ਕਰੋ, "ਇਕ ਵਿਅਕਤੀ ਦੂਸਰੇ ਦੀ ਮਦਦ ਤੋਂ ਬਗੈਰ ਫੇਲ੍ਹ ਹੋ ਜਾਵੇਗਾ।" ਮੈਂ ਉਹਨਾਂ ਨੂੰ ਇਹ ਵੀ ਯਾਦ ਰੱਖਣ ਲਈ ਕਹਿੰਦਾ, "ਅਸੀਂ ਸਰਕਾਰ ਨਾਲੋਂ ਜ਼ਰੂਰ ਹੀ ਇਕ ਵੱਖਰਾ ਅਦਾਰਾ ਹਾਂ ਜੋ ਆਪਸੀ ਉਦੇਸ਼ਾਂ ਅਤੇ ਮਿਲਵਰਤਣ ਨਾਲ ਜੁੜਿਆ ਹੋਇਆ ਹੈ।"

ਅਕਤੂਬਰ 1992 ਵਿਚ ਮੈਂ ਮਿਸਰ ਚਲਾ ਗਿਆ, ਜਿਥੇ ਮੈਂ ਕਾਹਿਰਾ ਵਿਚ ਤਬਾਹਕੁੰਨ ਭੂਚਾਲ ਦੇ ਪੀੜ੍ਹਿਤਾਂ ਦੀ ਮਦਦ ਲਈ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਮੈਂ

ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਅਤੇ ਇਕ 20 ਮੰਜ਼ਲੀ ਇਮਾਰਤ ਜੋ ਭੂਚਾਲ ਨਾਲ ਡਿੱਗ ਪਈ ਸੀ, ਉਸ ਦੇ ਸਾਹਮਣੇ ਖੜਾ ਹੋ ਗਿਆ। ਮੈਂ ਛੇਤੀ ਹੀ ਸਮਝ ਗਿਆ ਕਿ ਅਧਿਕਾਰੀਆਂ ਨੂੰ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ ਕਿ ਇਸ ਦੇ ਥੱਲੇ ਦਬੇ ਹੋਏ ਜਿੰਦਾ ਲੋਕਾਂ ਦੇ ਬਚੇ ਹੋਣ ਦੀ ਸੰਭਾਵਨਾ ਨੂੰ ਹਟਾਉਣ ਤੋਂ ਬਗੈਰ ਇਸ ਮਲਬੇ ਨੂੰ ਕਿਵੇਂ ਹਟਾਇਆ ਜਾਵੇ। ਮੈਂ ਪੱਥਰ-ਗਿੱਟਿਆਂ, ਟੁੱਟੀਆਂ ਇੱਟਾਂ, ਸ਼ਤੀਰ, ਗਾਡਰ ਆਦਿ, ਸੱਪਾਂ ਵਾਂਗ ਖਿਲਰੀਆਂ ਤਾਰਾਂ ਅਤੇ ਘਰ ਦੀਆਂ ਖਿਲਰੀਆਂ ਵਸਤੂਆਂ ਦੇ ਗਿਰਦ ਚੱਕਰ ਲਾਇਆ। ਅਪ੍ਰੇਸ਼ਨ ਸ਼ੁਰੂ ਕਰਦਿਆਂ, ਮੈਂ ਬਚਾਉ ਟੀਮ ਨੂੰ ਹਦਾਇਤ ਕੀਤੀ ਕਿ ਉਹ ਇਕ ਜਗਾਹ ਤੋਂ ਮਿੱਟੀ ਹਟਾਉਣ ਅਤੇ ਛੇਤੀ ਹੀ ਉਹਨਾਂ ਇਕ ਤੋਂ ਬਾਅਦ ਇਕ ਅੰਗ-ਭੰਗ ਹੋਈਆਂ ਲਾਸ਼ਾਂ ਨੂੰ ਬਾਹਰ ਕੱਢਿਆ, ਜਦੋਂ ਕਿ ਮੈਂ ਇਕ ਜਗਾਹ ਤੋਂ ਦੂਜੀ ਜਗਾਹ ਜਾਂਦਾ ਸਾਂ ਤਾਂ ਕਿ ਹਰ ਜਗਾਹ ਤੋਂ ਹੋਰ ਲਾਸ਼ਾਂ ਲੱਭ ਸਕਾਂ। ਮਿਸਰ ਦੇ ਲੋਕ ਮੇਰੀ ਯੋਗਤਾ ’ਤੇ ਹੈਰਾਨ ਸਨ, ਜੋ ਉਸ ਨੂੰ ਉਹ ਆਪਣੀ ਮੌਜੂਦਗੀ ਵਿਚ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਅਤੇ ਉਹ ਇਸ ਨੂੰ ਕੋਈ ਅਲੌਕਿਕ ਸ਼ਕਤੀ ਸਮਝਦੇ ਸਨ। ਆਪਣੀ ਜਿੰਦਗੀ ਵਿਚ ਗਲੀਆਂ ਸੜੀਆਂ ਲਾਸ਼ਾਂ ਦੀ ਬਦਬੂ ਮੇਰੀਆਂ ਨਾਸਾਂ ਵਿਚ ਜਾਂਦੀ ਰਹੀ ਸੀ ਅਤੇ ਮੈਂ ਪ੍ਰਮਾਤਮਾ ਦਾ ਧੰਨਵਾਦੀ ਸਾਂ ਕਿ ਮੈਂ ਉਸ ਬਦਬੂ ਤੋਂ ਮੁਕਤ ਨਹੀਂ ਹੋ ਗਿਆ।

ਇਹ ਜ਼ਿੰਮੇਵਾਰੀ ਮੈਂ ਆਪਣੇ ਉੱਤੇ ਲਈ ਸੀ ਕਿ ਮਨੁੱਖ ਦੀ ਸਥਿੱਤੀ ਨੂੰ ਉੱਚਾ ਚੁੱਕ ਕੇ *ਅਸ਼ਰਾਫੁਲ ਮਖਲੂਕਾਤ* ਬਨਾਉਣਾ, ਜਿਥੇ ਖੁਦਾ ਇਕ ਹੈ ਅਤੇ ਹਰ ਵਿਅਕਤੀ ਵਿਚ ਖੁਦਾ ਦੀ ਰੂਹ ਹੈ। ਇਸ ਸ਼ਕਤੀ ਨੂੰ ਮਹਿਸੂਸ ਕਰਦੇ ਹੋਏ ਅਤੇ ਲੋੜ ਅਨੁਸਾਰ ਉਸ ਯੋਗਤਾ ਨੂੰ ਲੈ ਕੇ, ਮੇਰੇ ਆਪਣੇ ਅਨੁਮਾਨ ਅਤੇ ਫੈਸਲੇ ਮੇਰੀ ਸਫਲਤਾ ਦੇ ਔਜ਼ਾਰ ਬਣ ਗਏ ਸਨ। ਮੈਂ ਜਿਥੋਂ ਤਕ ਹੋ ਸਕਦਾ ਆਪਣੇ ਸਰੀਰ ਨੂੰ ਇਸ ਦੀ ਗ਼ਲਤ ਵਰਤੋਂ ਤੋਂ ਬਚਾਉਂਦਾ ਹਾਂ, ਇਹ ਇਕ ਸਾਧਨ ਸੀ ਜਿਸ ਨਾਲ ਰੂਹ ਦਾ ਉਦੇਸ਼ ਪੂਰਾ ਕੀਤਾ ਜਾਂਦਾ ਹੈ। ਮੈਂ ਆਪਣੇ ਦੋਸਤਾਂ ਨੂੰ ਕਹਿੰਦਾ ਸਾਂ, “ਮੈਂ ਹੁਣ ਇਸ ਹਾਲਤ ਵਿਚ ਹਾਂ ਕਿ ਵਿਕਾਸ ਅਤੇ ਪੈਸੇ ’ਤੇ ਧਿਆਨ ਕੇਂਦਰਿਤ ਕਰ ਸਕਾਂ। ਮੇਰੇ ਪਿੱਛੇ ਧਾਰਮਿਕ ਸ਼ਕਤੀ ਅਤੇ ਰਫਤਾਰ ਹੈ।”

ਜੋਤਸ਼ੀ ਮੇਰਾ ਹੱਥ ਵੇਖਦੇ ਅਤੇ ਕਹਿੰਦੇ ਸਨ, “ਤੁਹਾਡੇ ਕੋਲ ਬਹੁਤ ਜ਼ਿਆਦਾ ਧਨ ਹੋਵੇਗਾ, ਪਰ ਇਹ ਆਵੇਗਾ ਅਤੇ ਚਲਾ ਜਾਵੇਗਾ, ਤੁਹਾਡਾ ਤੇਜ ਦਿਮਾਗ ਦੁਨੀਆਂ ਲਈ ਬਹੁਤ ਕੁਝ ਪ੍ਰਾਪਤ ਕਰੇਗਾ।” ਮੈਂ ਬਿਲਕਿਅਸ ਨਾਲ ਹੱਸਦਾ ਸਾਂ, “ਜੇ ਕਿਸੇ ਨੇ ਇਹ ਪੇਸ਼ਨਗੋਈ ਮੇਰੇ ਜਨਮ ਦਿਨ ’ਤੇ ਕੀਤੀ ਹੁੰਦੀ ਤਾਂ ਮੈਂ ਇਸ ਨੂੰ ਪ੍ਰਵਾਨ ਕਰ ਲੈਂਦਾ, ਹੁਣ ਤਾਂ ਉਹ ਜਾਣਦੇ ਹਨ।”

ਜਦੋਂ ਮੈਨੂੰ ਇਹ ਖ਼ੱਤ ਮਿਲਿਆ ਕਿ ਸਾਡੇ ਮੁਲਤਾਨ ਦੇ ਕੇਂਦਰ ਤੋਂ ਲੱਖਾਂ ਰੁਪਏ ਚੋਰੀ ਹੋ ਗਏ ਸਨ, ਮੈਂ ਇਸ ਨੂੰ ਪਰੇ ਸੁੱਟ ਦਿੱਤਾ, “ਜਦੋਂ ਉਥੇ ਲੱਖਾਂ ਰੁਪਏ ਚੋਰੀ ਕਰਨ

ਨੂੰ ਹੈ ਹੀ ਨਹੀਂ ਸਨ ਤਾਂ ਉਹ ਕਿੱਦਾਂ ਹੋ ਸਕਦੇ ਸਨ ?" ਤਜ਼ਰਬੇ ਨੇ ਮੈਨੂੰ ਇਹ ਸਿਖਾਇਆ ਸੀ ਕਿ ਛਾਣ-ਬੀਣ ਦੇ ਚੱਕਰਾਂ ਵਿਚ ਨਾ ਪਉ ਜਿਨ੍ਹਾਂ ਦੇ ਨਤੀਜੇ ਮੈਂ ਜਾਣਦਾ ਸਾਂ। ਤਿੰਨਾਂ ਵਿਚੋਂ ਦੋ ਵਿਅਕਤੀ ਮੇਰੀਆਂ ਪ੍ਰਾਪਤੀਆਂ ਕਰ ਕੇ ਖਿਲਾਫ ਸਨ, ਉਹ ਮੇਰੀ ਵਿਰੋਧਤਾ ਲਈ ਹਰ ਵਕਤ ਤਿਆਰ-ਬਰ-ਤਿਆਰ ਰਹਿੰਦੇ ਸਨ। ਉਹ ਇਸ ਗੱਲ ਨੂੰ ਨਹੀਂ ਸਮਝਦੇ ਸਨ ਕਿ ਮੈਂ ਉਹਨਾਂ ਦੇ ਮਨੋਰਥ ਕਰਕੇ ਆਪਣੀ ਜਿੰਦਗੀ ਦੇ ਉਦੇਸ਼ ਵਿਚੋਂ ਇਕ ਪਲ ਵੀ ਨਹੀਂ ਬਦਲਿਆ। ਉਹਨਾਂ ਦੀ ਅਲੋਚਨਾ ਨਾਲ ਮੇਰਾ ਕੁਝ ਵੀ ਨਹੀਂ ਗਿਆ, ਜੋ ਕੁਝ ਵੀ ਮੇਰੇ ਪੈਰਾਂ ਅਤੇ ਮੋਢਿਆਂ ਤੋਂ ਉੱਪਰ ਰਿਹਾ ਸੀ। ਜੋ ਇਸ ਤਰ੍ਹਾਂ ਦੇ ਇਲਜ਼ਾਮ ਮੇਰੇ ਕੋਲ ਪਹੁੰਚਾਉਂਦੇ ਸਨ ਮੈਂ ਉਹਨਾਂ 'ਤੇ ਜ਼ੋਰ ਨਾਲ ਕਹਿੰਦਾ ਸੀ, "ਜੇ ਮੈਂ ਤਾਕਤਵਰਾਂ ਦੇ ਗਰੁੱਪਾਂ ਦਾ ਏਜੰਟ ਬਣਨਾ ਹੁੰਦਾ, ਤਾਂ ਉਹ ਮੈਨੂੰ ਟੈਲੀਵਿਜ਼ਨ 'ਤੇ ਮੇਰੀ ਮਸ਼ਹੂਰੀ ਕਰਦੇ। ਮੀਡੀਆ ਮੇਰੀਆਂ ਸਿਫਤਾਂ ਦੇ ਪੁਲ ਬੰਨ੍ਹਦਾ, ਧਾਰਮਿਕ ਗਰੁੱਪ ਮੇਰਾ ਸੁਆਗਤ ਕਰਦੇ ਅਤੇ ਮੈਨੂੰ ਹੱਲਾਸ਼ੇਰੀ ਦਿੰਦੇ, ਸਿਆਸਤਦਾਨ ਮੈਨੂੰ ਖੁਸ਼ ਕਰਦੇ। ਪਰ ਕਾਸ਼ ! ਇਹ ਇਸ ਤਰ੍ਹਾਂ ਨਹੀਂ ਹੈ ਅਤੇ ਉਹ ਮੇਰੇ ਲਾਭਾਂ ਨੂੰ ਨਕਾਰਦੇ।" ਮੈਂ ਹਮੇਸ਼ਾ ਕੁਝ ਖਾਸ ਸੁਆਲ ਪੁੱਛਦਾ ਸਾਂ ਪਰ ਕਦੀ ਵੀ ਕਿਸੇ ਨੇ ਉਸ ਨਾਲ ਸੰਬੰਧਿਤ ਜਵਾਬ ਨਹੀਂ ਦਿੱਤਾ, "ਜਦੋਂ ਮੈਂ 99 ਫੀਸਦੀ ਦੇਂਦਾ ਹਾਂ ਤਾਂ ਕੀ ਮੈਂ ਕੁਝ ਵਾਪਸ ਲੈਂਦਾ ਹਾਂ ?"

ਇਸ ਤਰ੍ਹਾਂ ਦੇ ਹੀ ਨਕਾਰਾਤਮਕ ਵਿਵਹਾਰਾਂ ਕਰਕੇ ਪਿੱਛਲੇ 50 ਸਾਲਾਂ ਤੋਂ ਤੀਸਰੀ ਦੁਨੀਆਂ ਦੇ ਲੋਕਾਂ ਨੇ ਕੁਝ ਵੀ ਪ੍ਰਾਪਤ ਨਹੀਂ ਕੀਤਾ....... ਉਹਨਾਂ ਦੇ ਅਧਿਕਾਰਾਂ ਦੀਆਂ ਸ਼ਖਸੀਅਤਾਂ ਦਾ ਇਕ ਰਾਜ ਸੀ। ਮੈਂ ਜਰਨਲਿਸਟਾਂ ਕੋਲ ਸ਼ਿਕਾਇਤ ਕਰਦਾ ਸਾਂ, "ਰਾਜ ਕਰਨ ਵਾਲੇ ਚੋਣਵੇਂ ਲੋਕ ਪੱਕੀ ਤਰ੍ਹਾਂ ਸਥਾਪਿਤ ਹੋਏ ਹੋਏ ਹਨ। ਉਹਨਾਂ ਦੀਆਂ ਸਥਿਤੀਆਂ ਨੂੰ ਉਹਨਾਂ ਦੇ ਥੱਲੇ ਜੰਗਾਲ ਲੱਗ ਗਿਆ ਹੈ, ਉਹ ਆਪਣੀ ਮੌਤ ਦੇ ਵਕਤ ਵੀ ਤਾਕਤ ਪਕੜੀ ਰੱਖਣਗੇ। ***ਤਾਜਪੋਸ਼ੀ*** ਨਾਲ ਇਕ ਦਮ ਉਹਨਾਂ ਦੇ ਵਾਰਿਸਾਂ ਨੂੰ ਉਹ ਪਦਵੀ ਦੇ ਦਿੱਤੀ ਜਾਂਦੀ ਹੈ।"

ਕਈ ਸਿਆਸਤਦਾਨਾਂ ਨੂੰ ਜਿਨ੍ਹਾਂ ਨੇ ਚੋਣਾਂ ਵਿਚ ਵੋਟ ਬੈਂਕ ਕਬਜ਼ੇ ਵਿਚ ਕਰਕੇ ਜਿੱਤ ਪ੍ਰਾਪਤ ਕੀਤੀ ਸੀ ਮੈਂ ਉਹਨਾਂ ਨੂੰ ਵਿਆਖਿਆ ਕਰਦਾ, "ਲੋਕ ਭਲਾਈ ਦੀ ਲੋੜ ਹੁਣ ਇਸ ਤੋਂ ਜ਼ਿਆਦਾ ਬਣ ਗਈ ਹੈ ਜਿੰਨੀ ਕੋਈ ਅੱਜ ਸੋਚਦਾ ਹੈ। ਕਿਉਂ ਜੋ ਥੱਲੇ ਦੇ ਲੋਕਾਂ ਲਈ ਇਕ ਇਹ ਹੀ ਉਮੀਦ ਹੈ, ਇਸ ਨੂੰ ਦਬਾਇਆ ਨਹੀਂ ਜਾਵੇਗਾ। ਹੋਰ ਕੋਈ ਨਾਅਰਾ ਯੋਗ ਜਾਂ ਸੱਚਾ ਨਹੀਂ। ਜੇ ਇਸ ਮੰਗ ਦਾ ਕੋਈ ਜਵਾਬ ਨਾ ਮਿਲਿਆ ਤਾਂ ਅਸੀਂ ਡਾਕੇ, ਲੁੱਟਖੋਹ, ਅਗਵਾਹ, ਕਤਲ ਅਤੇ ਤਸ਼ੱਦਦ ਕਿਸੇ ਨੈਤਿਕ ਕੰਟਰੋਲ ਤੋਂ ਬਗੈਰ ਇਨ੍ਹਾਂ ਦੀ ਚੜ੍ਹਤ ਵੇਖਾਂਗੇ। ਤੁਸੀਂ ਉਹਨਾਂ ਲੋਕਾਂ ਕੋਲੋਂ ਨੈਤਿਕ ਕੰਟਰੋਲ ਦੀ ਮੰਗ ਕਿਸ ਤਰ੍ਹਾਂ ਕਰ ਸਕਦੇ ਹੋ, ਜਿਨ੍ਹਾਂ 'ਤੇ ਗੰਦੀਆਂ ਉਦਾਹਰਨਾਂ ਤੁਸੀਂ ਸਦੀਆਂ ਤੋਂ ਠੋਸੀਆਂ ਹੋਈਆਂ ਹਨ ?" ਮੈਂ ਉਹਨਾਂ ਨੂੰ ਚਿਤਾਵਨੀ ਦਿੰਦਾ ਸਾਂ,

"ਲੋਕਾਂ ਨੇ ਬੇਮਿਸਾਲ ਸਹਿਣਸ਼ੀਲਤਾ ਵਿਖਾਈ ਹੈ। ਉਹਨਾਂ ਦੇ ਉਸ ਗੁਣ ਕਰਕੇ ਹੀ ਉਹ ਅਣਗੌਲੇ ਰਹੇ ਹਨ ਅਤੇ ਧਿਆਨ ਵਿਚ ਨਹੀਂ ਆਏ। ਜਦੋਂ 99 ਫੀਸਦੀ ਜਨਸੰਖਿਆ 'ਤੇ ਇਕ ਫੀਸਦੀ ਲੋਕ ਰਾਜ ਕਰ ਰਹੇ ਹਨ, ਉਥੇ ਬਹੁਸੰਮਤੀ ਕਿਥੇ ਜਾਵੇ ? ਕੀ ਉਹ ਪ੍ਰਵਾਸੀ ਬਣ ਕੇ ਬੇਘਰੇ ਰਿਫਊਜੀ ਬਣ ਜਾਣ ? ਸਾਨੂੰ ਸਲਾਹ ਦਿਉ ਅਤੇ ਦੱਸੋ ਕਿ ਅਸੀਂ ਕਿਥੇ ਚਲੇ ਜਾਈਏ, ਕੋਈ ਭਿਅੰਕਰ ਤਬਾਹੀ ਕਰਾਉਣ ਦੀ ਸਲਾਹ ਦਿਉ, ਜਿਹੜੀ ਸਾਨੂੰ ਖ਼ਤਮ ਕਰ ਦੇਵੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਦੇ ਹੱਲ ਲਈ ਅੱਗੇ ਆਉਗੇ।"

ਮੈਂ ਕਈ ਪ੍ਰਮੁੱਖ ਜਰਨਲਿਸਟਾਂ ਨੂੰ ਕਿਹਾ, "ਈਦੀ ਫਾਊਂਡੇਸ਼ਨ ਦੀ ਮਿਸਾਲ ਇਨ੍ਹਾਂ ਸਿਆਸਤਦਾਨਾਂ ਦੇ ਬਣਾਉਟੀ ਨਾਅਰਿਆਂ, ਲੇਖਾਂ, ਬਿਆਨਾਂ ਅਤੇ ਭਾਸ਼ਣਾਂ ਦੇ ਖਿਲਾਫ ਹੈ। ਜੇ ਲੋਕ ਸਿਰਫ ਵੇਖ ਸਕਦੇ ਹੋਣ।" ਮੈਂ ਉਹਨਾਂ ਨੂੰ ਕਿਹਾ ਕਿ ਉਹ ਲੋਕਾਂ ਵਲੋਂ ਸਿਆਸਤਦਾਨਾਂ ਨੂੰ ਪੁੱਛਣ, "ਆਪਣਾ ਕੰਮ ਵਿਖਾਉ, ਤੁਸੀਂ ਸਾਰੇ ਅੱਗੇ ਆਉ, ਜੋ ਤੁਸੀਂ ਕਈ ਸਾਲਾਂ ਤੋਂ ਰਾਜ ਕਰ ਰਹੇ ਹੋ। ਤੁਸੀਂ ਕੀ ਕੀਤਾ ਹੈ ? ਰਾਸ਼ਟਰ ਨੇ ਜੋ ਇੱਜ਼ਤ ਅਤੇ ਪਦਵੀ ਤੁਹਾਨੂੰ ਦਿੱਤੀ ਹੈ, ਤੁਸੀਂ ਉਸ ਨੂੰ ਕੀ ਦਿੱਤਾ ਹੈ ? ਅੱਗੇ ਆਉ ਅਤੇ ਸਾਨੂੰ ਦੱਸੋ ? ਤੁਸੀਂ ਪ੍ਰਛਾਵੇਂ ਵਿਚ ਕਿਉਂ ਲੁਕਦੇ ਹੋ ? ਕੁਝ ਵੀ ਮੁਫਤ ਵਿਚ ਨਹੀਂ ਹੋਣਾ ਚਾਹੀਦਾ, ਨਾ ਸਾਡੇ ਲਈ ਅਤੇ ਨਾ ਤੁਹਾਡੇ ਲਈ। ਸਾਡੇ ਕਰਜ਼ੇ ਦਾ ਹੱਲ ਕਰੋ।"

ਇਨ੍ਹਾਂ ਸਮਿਆਂ ਵਿਚ ਮੈਂ ਵੇਖਿਆ ਕਿ ਮੇਰੇ ਲਈ ਚੁਪ ਹੋਣਾ ਮੁਸ਼ਕਲ ਸੀ, "ਕੀ ਮੇਰੇ ਕੋਲ ਤਾਕਤ ਸੀ ? ਕੀ ਮੈਂ ਪੜ੍ਹਿਆ ਲਿਖਿਆ ਸੀ ? ਕੀ ਮੇਰੇ ਕੋਲ ਕੋਈ ਮਦਦ ਸੀ ? ਇਕ ਹਲਕਾ ਸੀ ਜੋ ਮੈਨੂੰ ਮੇਰੇ ਪਿਉ ਦਾਦੇ ਦੇ ਸਮਿਆਂ ਤੋਂ ਚੁਣਦਾ ਆ ਰਿਹਾ ਹੈ ? ਫ਼ਰਕ ਇਹ ਸੀ ਕਿ ਮੈਂ ਲੋਕਾਂ ਦਾ ਸੇਵਾਦਾਰ ਸਾਂ ਅਤੇ ਉਹਨਾਂ ਦੀਆਂ ਕਈ ਪੀੜ੍ਹੀਆਂ ਨੇ ਜਾਤੀ ਖੁਸ਼ਹਾਲੀ ਨੂੰ ਆਪਣਾ ਪੇਸ਼ਾ ਬਣਾ ਲਿਆ।" ਸਾਡੀ ਚਾਰ ਦਹਾਕਿਆਂ ਦੀ ਲੋਕ ਸੇਵਾ ਨੇ ਨਾ ਮੇਰੀ ਗਟਰ ਸਾਫ ਕਰਨ ਦੀ, ਦਫਤਰ ਸਾਫ ਕਰਨ ਦੀ, ਟੱਟੀਆਂ ਸਾਫ ਕਰਨ ਦੀ ਜਾਂ ਆਪਣੇ ਕੱਪੜੇ ਆਪ ਧੋਣ ਦੀ ਆਦਤ ਬਦਲੀ। ਅੱਜ ਜਿਹੜੇ ਮੇਰੀ ਸਾਖ ਬਾਰੇ ਫੈਸਲਾ ਦਿੰਦੇ ਹਨ, ਉਹਨਾਂ ਨੇ ਵੀ ਆਪਣੀਆਂ ਵਿਸ਼ੇਸ਼ਤਾਈਆਂ ਨਹੀਂ ਬਦਲੀਆਂ।

ਸੰਨ 1993 ਵਿਚ ਪ੍ਰਧਾਨ ਗੁਲਾਮ ਇਸ਼ਹਾਕ ਖਾਨ ਨੇ ਫਿਰ ਆਪਣੀ ਤਾਕਤ ਦੀ ਵਰਤੋਂ ਕੀਤੀ। ਇਸ ਵਾਰੀ ਉਸ ਨੇ ਮੀਆਂ ਨਵਾਜ਼ ਸ਼ਰੀਫ ਦੀ ਸਰਕਾਰ ਤੋੜ ਦਿੱਤੀ ਅਤੇ ਇਕ ਹੋਰ ਅੰਤਰਿਮ ਸਰਕਾਰ ਦੀ ਘੋਸ਼ਣਾ ਕੀਤੀ ਗਈ, ਅਤੇ ਇਕ ਹੋਰ ਆਮ ਚੋਣਾਂ ਦੀ ਘੋਸ਼ਣਾ ਕੀਤੀ ਗਈ। ਮੈਂ ਆਪਣਾ ਸਿਰ ਝਟਕਾਇਆ, "ਵਿਰੋਧੀ ਪਾਰਟੀਆਂ ਕਦੀ ਵੀ ਪਹਿਲਾਂ ਜਨਤਾ ਦੁਆਰਾ ਪ੍ਰਤਿਨਿਧਾਂ ਨੂੰ ਦਿੱਤੇ ਗਏ ਅਧਿਕਾਰਾਂ ਦੀ ਉਡੀਕ ਨਹੀਂ ਕਰਦੀਆਂ। ਚੋਣਾਂ ਦੀ ਘੋਸ਼ਣਾ ਦੇ ਨਾਲ ਹੀ ਉਹ ਇਸ ਦੇ

ਨਤੀਜਿਆਂ ਤੋਂ ਪਹਿਲਾਂ ਹੀ ਇਸ ਨੂੰ ਬਦਲਣ ਦੀ ਸਾਜਿਸ਼ ਸ਼ੁਰੂ ਕਰ ਦਿੰਦੀਆਂ ਹਨ, ਸਰਕਾਰ ਆਪਣੀ ਮਿਆਦ ਨੂੰ ਇਸ ਡਰ ਕਰਕੇ ਆਪਣੀ ਖੁਸ਼ਹਾਲੀ ਵਧਾਉਣ ਅਤੇ ਜੋ ਕੁਝ ਸੰਭਵ ਹੋਵੇ ਖਾਣ ਵਿਚ ਗਵਾ ਦਿੰਦੀ ਹੈ। ਆਪਣੇ ਪਿੱਛਲੇ ਕੰਮਾਂ ਦੀਆਂ ਕਮੀਆਂ ਨੂੰ ਪੂਰਿਆਂ ਕਰਦਿਆਂ ਹੋਇਆਂ ਅਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦਿਆਂ, ਉਦੋਂ ਤਕ ਜਦੋਂ ਤਕ ਕਿ ਵਿਰੋਧੀ ਪਾਰਟੀ ਉਸ ਨੂੰ ਧੱਕ ਕੇ ਬਾਹਰ ਕੱਢਣ ਦੀ ਵਿਵਸਥਾ ਕਰ ਦੇਵੇ। ਇਹ ਵਾਰ-ਵਾਰ ਦੇ ਪਰਿਵਾਰਕ ਝਗੜੇ ਮੁੱਢਲੇ ਤੌਰ 'ਤੇ ਦੇਸ਼ ਦੇ ਵਿਰੁੱਧ ਕੰਮ ਕਰਦੇ ਹਨ। ਇਹ ਲੋਕਤੰਤਰ ਦੇ ਪਰਦੇ ਵਿਚ ਇਕ ਕਬੀਲਾ ਪ੍ਰਣਾਲੀ ਹੈ।" ਪੱਛਮ ਵਿਚ ਲੋਕਾਂ ਨੂੰ ਲੋਕ ਭਲਾਈ ਦੇ ਕੇ ਉਸ ਨੇ ਇਸ ਤਰ੍ਹਾਂ ਦਾ ਸਦੀਆਂ ਤੋਂ ਚਲੀ ਆ ਰਹੀ ਸੋਸ਼ਣ ਅਤੇ ਬਦਅਮਨੀ ਖ਼ਤਮ ਕਰ ਦਿੱਤੀ ਸੀ। ਲੋਕ ਭਲਾਈ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕਤੰਤਰ ਲਈ ਲੋਕ ਭਲਾਈ ਹੀ ਸਹੀ ਢੰਗ ਹੈ, ਜਦੋਂ ਕਿ ਅਸੀਂ ਬੜੀ ਵੱਡੀ ਰਫਤਾਰ ਨਾਲ ਪਿੱਛੇ ਵੱਲ ਜਾ ਰਹੇ ਹਾਂ।

ਜਦੋਂ ਕਿ ਵੱਡੇ-ਵੱਡੇ ਉਦਯੋਗਪਤੀ ਟੈਕਸ ਚੋਰੀ ਕਰ ਰਹੇ ਸਨ, ਹਥਿਆਰਾਂ ਦੇ ਵਪਾਰ ਵਿਚ ਲੱਗੇ ਹੋਏ ਸਨ ਅਤੇ ਹੈਰੋਇਨਾਂ ਦਾ ਵਪਾਰ ਅੰਦਰ ਹੀ ਅੰਦਰ ਬਹੁਤ ਵਧ ਰਿਹਾ ਸੀ। ਕੋਈ ਸੁਧਾਰ ਸੰਭਵ ਨਹੀਂ ਸੀ। ਲੀਡਰਸ਼ਿਪ ਦੀ ਗੰਭੀਰਤਾ ਇਰਾਦਿਆਂ ਨਾਲ ਅਤੇ ਦੂਰ ਅੰਦੇਸ਼ੀ ਦੇ ਬਾਵਜੂਦ ਵੀ ਧਿਆਨ ਵਿਚ ਨਹੀਂ ਸੀ ਆ ਰਹੀ। ਜਿਹੜੇ ਛੋਟੇ-ਛੋਟੇ ਕਰਜ਼ਿਆਂ ਦੇ ਥੱਲੇ ਦੱਬੇ ਹੋਏ ਸਖ਼ਤ ਮਿਹਨਤ ਕਰਦੇ ਸਨ, ਉਹ ਉਹਨਾਂ ਦੀ ਸੋਸ਼ਣ ਦੀ ਚੱਕੀ ਵਿਚ ਪਿੱਸੇ ਜਾਂਦੇ ਸਨ ਅਤੇ ਉਨ੍ਹਾਂ ਦੇ ਚਾਪਲੂਸ ਗੁਲਾਮ ਬਣ ਜਾਂਦੇ ਸਨ। ਉੱਚੀ ਸ਼੍ਰੇਣੀ ਦੇ ਲੋਕ ਇਸ ਨੂੰ ਪੈਦਾ ਕਰ ਰਹੇ ਸਨ। ਹਰ ਪ੍ਰਾਂਤ ਇਸ ਦੇ ਬਦਲੇ ਵਿਚ ਇਕ ਨਾਅਰਾ ਉਠਾਉਂਦੇ ਸਨ ਜਿਹੜਾ ਉਹਨਾਂ ਨੂੰ ਦੁਵਾਰਾ ਦੋ ਫਾੜ ਕਰ ਦਿੰਦਾ ਸੀ ਅਤੇ ਦਿਲਾਂ ਵਿਚ ਨਫਰਤ ਪੈਦਾ ਕਰ ਦਿੰਦਾ ਸੀ..... ਇਹ ਸਾਰਾ ਤਾਕਤ ਦੀ ਦੌੜ ਵਿਚ ਮੁਕਾਬਲਾ ਕਰਨ ਵਾਲੇ ਸਨ। ਪਾਕਿਸਤਾਨ ਦੀ ਜਾਤ ਪਾਤ ਦੀ ਪ੍ਰਣਾਲੀ, ਜੋ ਜੱਟ ਰਾਜਪੂਤਾਂ ਦੇ ਖਿਲਾਫ ਅਤੇ ਸਯਦ ਅਰਾਈਂ ਦੇ ਖਿਲਾਫ ਸੀ, ਉਹ ਰਾਸ਼ਟਰੀ ਏਕਤਾ ਨੂੰ ਹੋਰ ਘੱਟ ਕਰ ਦਿੰਦੀ ਸੀ।

ਜਦੋਂ ਸੰਨ 1993 ਵਿਚ ਬੇਨਜ਼ੀਰ ਭੁੱਟੋ ਤਾਕਤ ਵਿਚ ਪਰਤ ਆਈ ਤਾਂ ਮੈਂ ਉਮੀਦ ਕੀਤੀ ਕਿ ਉਹ ਕੁਝ ਸਬਕ ਸਿਖ ਗਈ ਹੋਵੇਗੀ, ਪਰ ਮੈਂ ਆਪਣੇ ਸ਼ੱਕ ਪ੍ਰਗਟਾਏ, "ਕਿ ਉਹ ਜੋ ਵਿਦੇਸ਼ੀ ਰਾਜ ਦੀ ਅਧੀਨਤਾ ਅੱਗੇ ਲੜਾਈ ਝਗੜੇ ਅਤੇ ਝੁੱਕਣ ਵਾਲਿਆਂ ਨਾਲ ਘਿਰੇ ਰਹੇ ਹਨ, ਕਦੀ ਸਬਕ ਸਿੱਖਣ ਦਾ ਮੌਕਾ ਦਿੱਤਾ ਸੀ। ਇਥੋਂ ਤਕ ਕਿ ਕਾਲੇ ਦਿਨਾਂ ਵਿਚ ਚਾਪਲੂਸ ਵਿਰੋਧੀ ਪਾਰਟੀ ਦੇ ਬਣਨ ਵਾਲੇ ਲੀਡਰਾਂ ਨੂੰ ਖੁਸ਼ ਕਰਦੇ ਰਹੇ। ਕਦੀ ਵੀ ਉਹ ਪ੍ਰਸਿੱਧ ਲੀਡਰਾਂ ਦੇ ਇਰਦ ਗਿਰਦ ਘੁੰਮਣ ਤੋਂ ਵਿਹਲੇ ਨਾ ਹੁੰਦੇ ਅਤੇ ਉਹਨਾਂ ਲੀਡਰਾਂ ਦੇ ਕੁਝ ਸਿੱਖਣ ਦੇ ਸਮੇਂ ਨੂੰ ਅਜਾਈਂ ਗਵਾ ਦਿੰਦੇ ਸਨ। ਜਦੋਂ ਕਿ ਲੀਡਰਾਂ ਨੇ ਉਹਨਾਂ ਨੂੰ ਮੁਸ਼ਕਲਾਂ ਦੇ ਦਿਨਾਂ

ਵਿਚ ਹਮਦਰਦਾਂ ਦੇ ਰੂਪ ਵਿਚ ਸਮਝਿਆ। ਉਹ ਮੁਸ਼ਕਲਾਂ ਦਾ ਸਮਾਂ ਵੀ ਫਜ਼ੂਲ ਹੀ ਗਿਆ, ਜਦੋਂ ਕਿ ਗ਼ਲਤੀਆਂ ਨੂੰ ਨਾ ਸਮਝਿਆ ਗਿਆ।" ਤਬਦੀਲੀ ਦੀ ਕੋਈ ਵੀ ਉਮੀਦ ਇਕ ਛੇਤੀ ਗੁਜ਼ਰਨ ਵਾਲੀ ਸੋਚ ਸੀ, ਮੈਂ ਇਸ ਦੇ ਅਸੰਭਵ ਹੋਣ ਬਾਰੇ ਪੂਰੀ ਤਰ੍ਹਾਂ ਸੁਚੇਤ ਸਾਂ।

ਬਿਲਕਿਅਸ ਨੇ ਮੇਰੇ ਸਾਥੀਆਂ ਦੀਆਂ ਲੜਕੀਆਂ ਦੇ ਵਿਆਹਾਂ 'ਤੇ ਜਾਣਾ ਸੀ। ਬਿਲਕਿਅਸ ਜਾਣ ਤੋਂ ਝਿਜਕਦੀ ਸੀ ਜਦੋਂ ਕਿ ਰਾਬੀਆ ਮਾਂ ਉਸ ਨੂੰ ਜਾਣ ਲਈ ਜਿੱਦ ਕਰਦੀ ਸੀ, "ਕਈ ਵਾਰ ਤੁਹਾਨੂੰ ਆਪਣੇ ਆਪ ਤੋਂ ਅੱਗੇ ਵਧਣਾ ਪੈਂਦਾ ਹੈ।" ਇਹ ਮੇਰੀ ਆਦਤ ਨਹੀਂ ਸੀ ਕਿ ਮੈਂ ਆਪਣੇ ਕੰਮ ਨਾਲ ਜੁੜੇ ਵਿਅਕਤੀਆਂ ਤੋਂ ਇਲਾਵਾ ਕਿਸੇ ਨਾਲ ਸੰਬੰਧਿਤ ਹੋਵਾਂ ਅਤੇ ਇਸ ਲਈ ਬਿਲਕਿਅਸ ਨੇ ਮੈਨੂੰ ਆਪਣੇ ਨਾਲ ਜਾਣ ਲਈ ਕਦੀ ਕਿਹਾ ਹੀ ਨਹੀਂ ਸੀ। ਉਹ ਮੇਰੀ ਬੇਧਿਆਨੀ ਬਾਰੇ ਸ਼ਿਕਾਇਤ ਕਰਦੀ, "ਮੈਂ ਕਦੀ ਆਪਣੇ ਕੱਪੜੇ ਬਦਲਣ ਬਾਰੇ ਨਹੀਂ ਸੋਚਦਾ, ਮੈਂ ਜਿਹੜੇ ਕੱਪੜੇ ਪਾਏ ਹੁੰਦੇ ਸਨ, ਉਹਨਾਂ ਨੂੰ ਪ੍ਰੈਸ ਕਰਕੇ ਫਿਰ ਪਾ ਲੈਂਦਾ ਹਾਂ।" *ਖਾਲਾ* ਨੇ ਉਸ ਨੂੰ ਸੋਨੇ ਦੀ ਚੈਨੀ ਦਿੱਤੀ ਅਤੇ ਉਸ ਨੂੰ ਪਰਚਾਉਣ ਲੱਗੀ, "ਘੱਟ ਤੋਂ ਘੱਟ ਇਹ ਪਾ ਲੈ, ਉਹ ਸੋਚਣਗੇ ਕਿ ਤੂੰ ਉਹਨਾਂ ਲਈ ਕੁਝ ਵੀ ਨਹੀਂ ਕੀਤਾ।" ਬਿਲਕਿਅਸ ਚੈਨੀ ਨੂੰ ਪਰੇ ਸੁੱਟ ਦਿੰਦੀ, "ਮੈਨੂੰ ਪਤਾ ਨਹੀਂ ਮੈਂ ਇਸ ਨੂੰ ਕਿਉਂ ਪਸੰਦ ਨਹੀਂ ਕਰਦੀ। ਮੇਰਾ ਸੁਭਾਅ ਹੀ ਮਾੜਾ ਹੈ।" ਮੇਰਾ ਉਸ ਦੀ ਸਿਹਤ ਬਾਰੇ ਚਿੰਤਤ ਹੋਣਾ ਸਪੱਸ਼ਟ ਸੀ ਅਤੇ ਉਸ ਨੇ ਮੈਨੂੰ ਹੌਂਸਲਾ ਦਿੱਤਾ, "ਇਹ ਸਿਰਫ ਮਾੜਾ ਸੁਭਾਅ ਹੈ। ਉਹੋ ਜਿਹਾ ਜਿਹੜਾ ਤੁਹਾਡਾ ਹਮੇਸ਼ਾ ਹੀ ਹੁੰਦਾ ਹੈ।" ਮੈਨੂੰ ਅਨੁਮਾਨ ਹੋਇਆ ਕਿ ਉਹ ਮੇਰੇ ਮਨ ਤੋਂ ਬੋਝ ਹਟਾ ਰਹੀ ਸੀ ਅਤੇ ਜਾਣਦੀ ਸੀ ਕਿ ਉਹ ਬੋਝ ਉਹ ਆਪ ਉਠਾ ਰਹੀ ਹੈ।

ਇਕ ਘੰਟੇ ਬਾਅਦ ਉਹ ਮੀਠਾਦਾਰ ਵਾਪਸ ਮੁੜ ਆਈ, ਮੇਰੇ ਡੈਸਕ ਦੇ ਸਾਹਮਣੇ ਬੈਠ ਗਈ ਅਤੇ ਹੌਕਾ ਲੈ ਕੇ ਕਹਿਣ ਲੱਗੀ, "ਮੈਂ ਬੇ-ਆਰਾਮ ਰਹੀ ਸਾਂ, ਨਾ ਮੈਂ ਕੁਝ ਖਾਧਾ, ਨਾ ਮੇਂ ਕਿਸੇ ਨਾਲ ਕੋਈ ਗੱਲ ਹੀ ਕੀਤੀ। ਸ਼ਰਾਰਤੀ ਬੱਚੇ ਕੁਰਸੀਆਂ ਦੀ ਲੰਮੀ ਲਾਈਨ ਵਿਚ ਭੱਜ ਰਹੇ ਸਨ ਅਤੇ ਉਹਨਾਂ ਮੈਨੂੰ ਇੰਨਾਂ ਤੰਗ ਕਰ ਦਿੱਤਾ ਕਿ ਮੈਂ ਛੱਡ ਕੇ ਆ ਗਈ।" ਇਹ ਬਿਲਕਿਅਸ ਨੂੰ ਨਾ ਪਸੰਦ ਸੀ, ਮੈਂ ਉਸ ਨੂੰ ਪੁੱਛਿਆ ਕਿ ਉਹ ਠੀਕ ਤਾਂ ਸੀ ਤਾਂ ਉਸ ਨੇ ਤੇਜੀ ਨਾਲ ਆਪਣਾ ਸਿਰ ਹਿਲਾਇਆ, "ਨਹੀਂ, ਨਹੀਂ, ਪਰ ਮੇਰੀ ਉਦਾਸੀ ਮੇਰੇ ਦਿਲ ਦੀਆਂ ਗਹਿਰਾਈਆਂ ਤਕ ਉਤਰ ਗਈ ਸੀ।" ਮੈਂ ਉਸ ਨੂੰ ਸੁਝਾਅ ਦਿੱਤਾ ਕਿ ਉਹ ਘਰ ਚਲੀ ਜਾਵੇ ਅਤੇ ਆਰਾਮ ਕਰੇ। ਉਹ ਚਲੀ ਗਈ ਅਤੇ ਉਸ ਦੀ ਉਦਾਸੀ ਮੇਰੇ ਕੋਲ ਰਹੀ।

ਖਾਰਾਦਾਰ ਵਿਚ ਰਾਬੀਆ ਮਾਂ ਆਕਸੀਜਨ ਦੇ ਮਾਸਕ ਨਾਲ ਅੰਦਰ ਸਾਹ ਲੈ ਰਹੀ ਸੀ। ਬਿਲਕਿਅਸ ਦਾ ਭਰਾ, ਇਕਬਾਲ ਉਸ ਦੇ ਕੋਲ ਖੜ੍ਹਾ ਸੀ, ਜਦੋਂ ਕਿ ਡਾਕਟਰ ਉਸ ਦੀਆਂ ਨਾੜਾਂ ਲੱਭ ਰਿਹਾ ਸੀ ਅਤੇ ਉਹਨਾਂ ਨੇ ਉਸ ਨੂੰ ਹਸਪਤਾਲ

ਦਾਖਲ ਕਰਵਾ ਦਿੱਤਾ। ਬਿਲਕਿਅਸ ਨੇ ਮੈਨੂੰ ਇਸ ਬਾਰੇ ਕੁਝ ਵੀ ਨਾ ਦੱਸਿਆ ਜਿੰਨਾਂ ਚਿਰ ਉਹ ਮੀਠਾਦਾਰ ਵਾਪਸ ਆ ਗਈ। ਮੈਂ ਛਾਲ ਮਾਰ ਕੇ ਉੱਠਿਆ, "ਤੁਸੀਂ ਮੈਨੂੰ ਕਿਉਂ ਨਹੀਂ ਬੁਲਾਇਆ ? ਮੈਂ ਤੁਹਾਡੇ ਨਾਲ ਚਲੇ ਜਾਣਾ ਸੀ।" ਉਸ ਨੇ ਬੜੇ ਹੌਂਸਲੇ ਨਾਲ ਆਪਣੇ ਸੁਭਾਅ ਤੋਂ ਉਲਟ ਜਵਾਬ ਦਿੱਤਾ, "ਤੁਸੀਂ ਉਸ ਲਈ ਕੀ ਕਰਦੇ? ਉਹ ਹੁਣ ਕਾਫੀ ਠੀਕ ਹੈ। ਉਹ ਉਸ ਨੂੰ ਸਵੇਰੇ ਵਾਪਸ ਭੇਜ ਦੇਣਗੇ।" ਅਸੀਂ ਦੋਵੇਂ ਖਾਰਾਦਾਰ ਚਲੇ ਗਏ ਅਤੇ ਮੈਂ ਵੇਖਿਆ ਕਿ ਬਿਲਕਿਅਸ ਦੇ ਚਿਹਰੇ 'ਤੇ ਪਹਿਲਾਂ ਵਾਲੀ ਘਬਰਾਹਟ ਖ਼ਤਮ ਹੋ ਗਈ ਸੀ। ਉਸ ਨੇ ਮੇਰਾ ਖਾਣਾ ਗਰਮ ਕੀਤਾ, ਮੇਰੇ ਨਾਲ ਗੱਲਾਂ ਕਰ ਰਹੀ ਸੀ ਅਤੇ ਹੱਸ ਰਹੀ ਸੀ ਜਦੋਂ ਕਿ ਮੈਂ ਖਾ ਰਿਹਾ ਸਾਂ ਅਤੇ ਉਸ ਹੀ ਸਮੇਂ ਉਹ ਆਲਮਾਸ ਦੇ ਲੜਕੇ ਅਹਿਮਦ ਨੂੰ ਖਿਡਾ ਰਹੀ ਸੀ। ਉਹ ਉਸ ਨੂੰ ਉਲਟ ਬਾਜੀਆਂ ਮਰਵਾਉਂਦੀ, ਉਸ ਨੂੰ ਵਾਰ-ਵਾਰ ਇਧਰ ਉਧਰ ਬਦਲ-ਬਦਲ ਕੇ, ਉਸ ਦੇ ਢਿੱਡ ਵਿਚ ਕੁਤਕੁਤਾਰੀਆਂ ਕੱਢਦੀ ਅਤੇ ਇਸ ਕਰਕੇ ਉਹ ਫਰਸ਼ 'ਤੇ ਲੇਟਦਾ ਅਤੇ ਹੱਸਦਾ। ਉਸ ਦਾ ਇਹ ਡਰਾਮਾ ਅਚਾਨਕ ਬੰਦ ਹੋ ਗਿਆ ਜਦੋਂ ਆਲਮਾਸ ਅਤੇ ਜੀਨਤ ਰੋਂਦੇ ਹੋਏ ਆਏ ਅਤੇ ਉਹਨਾਂ ਦੱਸਿਆ ਕਿ ਰਾਬੀਆ ਮਾਂ ਦਿਲ ਫੇਲ੍ਹ ਹੋਣ ਕਰਕੇ ਮਰ ਗਈ ਸੀ।

ਇਕ ਦਮ, ਬਿਲਕਿਅਸ ਨੂੰ ਵੇਖਣ ਤੋਂ ਬਗੈਰ ਹੀ ਮੈਂ ਬਾਹਰ ਚਲਾ ਗਿਆ ਅਤੇ ਸੜਕ 'ਤੇ ਖੜ੍ਹਾ ਹੋ ਗਿਆ। ਮੈਂ ਆਪਣੀ ਪਤਨੀ ਨਾਲ ਅਫਸੋਸ ਨਾ ਕੀਤਾ। ਇਹ ਇੰਨਾ ਵੱਡਾ ਨੁਕਸਾਨ ਸੀ ਜੋ ਅਫ਼ਸੋਸ ਦੇ ਸ਼ਬਦਾਂ ਨਾਲ ਪ੍ਰਗਟ ਨਹੀਂ ਸੀ ਕੀਤਾ ਜਾ ਸਕਦਾ। ਇਹ ਖ਼ਬਰ ਇਕ ਦਮ ਤੰਗ ਗਲੀਆਂ ਵਿਚ, ਖਾਰਾਦਾਰ, ਮੀਠਾਦਾਰ ਅਤੇ ਚੱਬ ਗਲੀ ਅਤੇ ਉਸ ਦੇ ਨਾਲ ਲੱਗਦੇ ਬਜ਼ਾਰਾਂ ਦੀਆਂ ਭਰੀਆਂ ਹੋਈਆਂ ਇਮਾਰਤਾਂ ਵਿਚ ਫੈਲ ਗਈ। ਲੋਕ ਉਥੇ ਇੱਕਠੇ ਹੋਣੇ ਸ਼ੁਰੂ ਹੋ ਗਏ ਅਤੇ ਉਹ ਦੇਵੀਆਂ ਵਰਗੀਆਂ ਔਰਤਾਂ ਜੋ 1947 ਤੋਂ ਹੁਣ ਤਕ ਉਥੇ ਬੜੇ ਆਰਾਮ ਨਾਲ ਰਹਿ ਰਹੀ ਸੀ, ਉਸ ਨੂੰ ਉਡੀਕਣ ਲੱਗੀਆਂ। ਛੇਤੀ ਹੀ ਈਦੀ ਫਾਉਂਡੇਸ਼ਨ ਦੀ ਐਂਬੂਲੈਂਸ ਰਾਬੀਆਂ ਮਾਂ ਦੀ ਲਾਸ਼ ਲੈ ਕੇ ਉਥੇ ਪਹੁੰਚ ਗਈ। ਉਸ ਨੂੰ ਇਕ ਚੁੱਪੀ ਵਿਚ ਇਕ ਸਟਰੈਚਰ 'ਤੇ ਪਾ ਕੇ ਅੱਗੇ ਲਿਆਂਦਾ ਗਿਆ। ਉਥੇ ਕੋਈ ਵਿਰਲਾਪ ਨਹੀਂ ਸੀ। ਉਸ ਦੀ ਆਪਣੀ ਸ਼ਖ਼ਸੀਅਤ ਸੀ, ਜਿਸ ਦਾ ਹਰ ਇਕ 'ਤੇ ਪ੍ਰਭਾਵ ਸੀ ਜੋ ਉਸ ਨੂੰ ਜਾਣਦਾ ਸੀ।

ਸਾਰੀ ਰਾਤ ਤਕ ਨਰਸਾਂ ਅਤੇ ਦਾਈਆਂ ਜਿਨ੍ਹਾਂ ਨੂੰ ਉਸ ਨੇ ਸਿਖਲਾਈ ਦਿੱਤੀ ਸੀ, ਉਹ ਵੀ ਇੱਕਠੀਆਂ ਹੁੰਦੀਆਂ ਗਈਆਂ। ਬਹੁਤ ਸਵੇਰੇ ਉਸ ਨੂੰ ਉਸ ਦੀਆਂ ਵਿਦਿਆਰਥਣਾਂ ਨੇ ਨੁਹਾਇਆ। ਅਸੀਂ ਉਸ ਦੇ ਜਨਾਜੇ ਦੀ ਪ੍ਰਾਰਥਨਾ ਕੀਤੀ ਅਤੇ ਉਸ ਦੀ ਮੰਜੀ ਆਪਣੇ ਮੋਢਿਆਂ 'ਤੇ ਚੁੱਕ ਕੇ ਕਬਰਸਤਾਨ ਵੱਲ ਲੈ ਕੇ ਤੁਰ ਪਏ। ਸਿਰਫ ਪੋਲੀ ਜਿਹੀ ਧਰਤੀ 'ਤੇ ਘਸੀਟ ਕੇ ਚੱਲਣ ਦੀ ਆਵਾਜ਼ ਤੋਂ ਇਲਾਵਾ ਸਭ ਪਾਸੇ ਨਾ ਟੁੱਟਣ ਵਾਲੀ ਚੁੱਪੀ ਰਹਿੰਦੀ ਸੀ, ਇਹ ਚੁੱਪੀ ਉਦੋਂ

ਟੁੱਟਦੀ ਸੀ, ਜਦੋਂ ਕਿ ਉਸ ਦੀ ਅਰਥੀ ਨੂੰ ਮੋਢਾ ਦੇਣ ਲਈ ਹਰ ਕੋਈ ਅੱਗੇ ਭੱਜ ਕੇ ਆਉਂਦਾ ਸੀ। ਜਦੋਂ ਮੇਰੀ ਜਗਾਹ ਕਿਸੇ ਹੋਰ ਨੇ ਲੈ ਲਈ ਤਾਂ ਮੈਂ ਪਰੇ ਹੋ ਕੇ ਖਲੋ ਕੇ ਵੇਖਿਆ ਕਿ ਇੱਜ਼ਤਦਾਰ ਬੰਦਿਆਂ ਦੀਆਂ ਕ੍ਰਿਪਾਲੂ ਲਹਿਰਾਂ ਉਸ ਦੇ ਜਨਾਜੇ ਨੂੰ ਆਪਣੇ ਨਾਲ ਬਹਾ ਕੇ ਲੈ ਜਾਰ ਰਹੀਆਂ ਸਨ। ਇਸ ਇੱਕਠ ਵਿਚ ਮੈਂ ਆਪਣੇ ਭਰਾ ਅਜੀਜ ਨੂੰ ਵੀ ਵੇਖਿਆ।

ਮੈਂ ਉਹਨਾਂ ਅਫਸੋਸ ਕਰਨ ਵਾਲਿਆਂ ਦੇ ਜਲੂਸ ਦੇ ਮਗਰ-ਮਗਰ ਤੁਰ ਰਿਹਾ ਸਾਂ ਅਤੇ ਆਪਣੀ ਮਾਂ ਦੇ ਦਫਨਾਉਣ ਨੂੰ ਯਾਦ ਕਰ ਰਿਹਾ ਸਾਂ। ਜਦ ਮੈਂ ਰਾਬੀਆ ਮਾਂ ਨੂੰ ਦਫਨਾਉਣ ਲਈ ਕਬਰ ਵਿਚ ਰੱਖਿਆ ਤਾਂ ਮੈਨੂੰ ਯਾਦ ਆਇਆ ਕਿ ਉਹ ਕਿਸ ਤਰ੍ਹਾਂ, ਮੇਰੀ ਮਾਂ ਦੀ ਤਰ੍ਹਾਂ ਹੀ ਸਦਾ ਲਈ ਜਾਣ ਤੋਂ ਪਹਿਲਾਂ ਬਿਲਕਿਅਸ ਨੂੰ ਇਕ ਦਿਨ ਵੀ ਨਹੀਂ ਸੀ ਛੱਡਦੀ। ਮੈਂ ਉਸ ਕੋਲੋਂ ਵੀ ਇਕ ਦਮ ਮੁੜ ਆਇਆ ਜਿਸ ਤਰ੍ਹਾਂ ਮੈਂ ਆਪਣੀ ਮਾਂ ਦੇ ਜਨਾਜੇ ਤੋਂ ਮੁੜਿਆ ਸਾਂ। ਇਹ ਉਸ ਦਾ ਸਮਾਂ ਸੀ ਕਿ ਉਹ ਪੈਦਾ ਕਰਨ ਵਾਲੇ ਨੂੰ ਇਕਾਂਤ ਵਿਚ ਮਿਲੇ।

ਮੇਰੀ ਸੱਸ ਨੇ ਆਪਣੇ ਕੰਮ ਨੂੰ ਸਿਰਫ 15 ਦਿਨ ਪਹਿਲਾਂ ਹੀ ਛੱਡਿਆ ਸੀ। ਇਨ੍ਹਾਂ ਪਿੱਛਲੇ ਬੀਤੇ ਕੁਝ ਦਿਨਾਂ ਵਿਚ ਮੈਂ ਉਸ ਦੇ ਚਿਹਰੇ ਦੀ ਸ਼ਾਂਤੀ ਨੂੰ ਵੇਖਦਾ ਰਿਹਾ, ਇਸ ਵਿਚ ਕ੍ਰਿਪਾਲਤਾ ਦੇ ਨਿਸ਼ਾਨ ਸਨ। ਉਸ ਨੇ ਉਹ ਕਦਰਾਂ ਬਿਲਕਿਅਸ ਵਿਚ ਪਾ ਦਿੱਤੀਆਂ ਸਨ, ਜਿਨ੍ਹਾਂ ਕਰਕੇ ਸਾਡਾ ਕੰਮ ਸੰਭਵ ਹੋਇਆ ਸੀ। ਬਿਲਕਿਅਸ ਦੀ ਮੇਰੇ ਲਈ ਅਸੀਮਤ ਸ਼ਰਧਾ ਸਿਰਫ ਰਾਬੀਆ ਮਾਂ ਦੀ ਮਦਦ ਕਰ ਕੇ ਹੀ ਸੀ। ਉਸ ਨੇ ਸਾਡੇ ਬੱਚੇ ਪਾਲੇ, ਸਾਡੀ ਗੈਰ ਹਾਜ਼ਰੀ ਪੂਰੀ ਕੀਤੀ ਤਾਂ ਕਿ ਉਹਨਾਂ ਵਿਚੋਂ ਕੋਈ ਵੀ ਅਣਗੌਲਿਆ ਮਹਿਸੂਸ ਨਾ ਕਰੇ। ਉਸ ਦਾ ਮਨੁੱਖ ਜਾਤੀ ਲਈ ਯੋਗਦਾਨ ਉਸ ਦੁਆਰਾ ਹਜ਼ਾਰਾਂ ਔਰਤਾਂ ਅਤੇ ਜਵਾਨ ਕੁੜੀਆਂ ਨੂੰ ਦਿੱਤੀ ਸਿਖਲਾਈ ਤੋਂ ਸਾਫ ਨਜ਼ਰ ਆਉਂਦਾ ਸੀ, ਜਿਸ ਵਿਚ ਨਾ ਤਾਂ ਉਸ ਦਾ ਕੋਈ ਜਾਤੀ ਫਾਇਦਾ ਸੀ ਅਤੇ ਨਾ ਹੀ ਕੋਈ ਤਨਖਾਹ ਸੀ। ਉਹ ਹੋਰ ਲੋਕਾਂ ਲਈ ਬਹੁਤ ਜ਼ਿਆਦਾ ਕੰਮ ਕਰਨ ਲਈ ਪਿੱਤੇ ਛੱਡ ਗਈ ਸੀ....... ਇੱਜ਼ਤ, ਉਮੀਦ ਅਤੇ ਕਦਰ।

ਜਦੋਂ ਮੇਰਾ ਬਿਲਕਿਅਸ ਨਾਲ ਸਾਹਮਣਾ ਹੋਇਆ ਤਾਂ ਅਸੀਂ ਇੱਕਠੇ ਹੀ ਰੋਏ ਅਤੇ ਸਾਰੀ ਰਾਤ ਜਾਗਦੇ ਰਹੇ ਅਤੇ ਉਸ ਦੇ ਬਹੁਤ ਨਜ਼ਦੀਕੀ ਸਾਥੀ ਦੇ ਨੁਕਸਾਨ ਬਾਰੇ ਗੱਲਾਂ ਕਰਦੇ ਰਹੇ। ਦੂਸਰੀ ਸਵੇਰ ਬਿਲਕਿਅਸ ਆਪਣੀ ਡਿਊਟੀ 'ਤੇ ਚਲੀ ਗਈ, ਜਿਸ ਤਰ੍ਹਾਂ ਮੈਂ ਆਪਣੀ ਮਾਂ ਦੀ ਮੌਤ ਤੋਂ ਇਕ ਦਿਨ ਬਾਅਦ ਕੀਤਾ ਸੀ।

ਜਿੰਦਗੀ ਦੇ ਸਫਰ ਦਾ ਅੰਤ ਫਿਰ ਨਜ਼ਰ ਆਇਆ। ਮੈਂ ਆਪਣੇ ਬਾਅਦ ਦੇ ਸਮੇਂ ਲਈ ਆਪਣਾ ਦਿਮਾਗ ਪੱਕਾ ਕਰ ਲਿਆ ਅਤੇ ਮੈਂ ਆਪਣੇ ਸਾਥੀਆਂ ਦੀ ਇਕ ਮੀਟਿੰਗ ਵਿਚ ਇਹ ਘੋਸ਼ਣਾ ਕੀਤੀ, "ਸਾਨੂੰ ਹੋਰ ਈਦੀ ਦੀ ਲੋੜ ਨਹੀਂ, ਨਾ ਕੋਈ ਹੋਰ ਲੀਡਰ ਦੀ, ਅਸੀਂ ਇਕ ਪ੍ਰਣਾਲੀ ਚਾਹੁੰਦੇ ਹਾਂ। ਇਕ ਇਹੋ ਜਿਹੀ ਪ੍ਰਣਾਲੀ

ਜੋ ਇਹ ਆਪਣੇ ਲਈ ਵਿਅਕਤੀ ਆਪ ਪੈਦਾ ਕਰ ਲਵੇਗੀ, ਇਕ ਦੂਜੇ ਤੋਂ ਚੰਗਾ। ਆਦਮੀ ਭਰੋਸੇਯੋਗ ਨਹੀਂ ਹੈ, ਉਹ ਵਿਛੜਨ ਲਈ ਪੈਦਾ ਹੁੰਦਾ ਹੈ, ਇਸ ਲਈ ਕੋਈ ਸੁਰੱਖਿਆ ਨਹੀਂ ਦੇ ਸਕਦਾ। ਉਹ ਤਾਂ ਸਿਰਫ ਪ੍ਰਣਾਲੀ ਹੀ ਹੈ, ਜਿਸ 'ਤੇ ਅਸੀਂ ਨਿਰਭਰ ਹੋ ਸਕਦੇ ਹਾਂ।" ਜਿਸ ਤਰ੍ਹਾਂ ਮੇਰੇ ਨਾਲ ਆਮ ਹੁੰਦਾ ਸੀ, ਦੁਖਾਂਤ ਤੋਂ ਬਾਅਦ ਕੰਮ ਇਕ ਜ਼ਿਆਦਾ ਮਜ਼ਬੂਰੀ ਬਣ ਗਈ। ਇਹ ਜਾਤੀ ਨੁਕਸਾਨ ਨੂੰ ਭੁੱਲਣ ਲਈ ਇਕ ਬਹੁਤ ਜ਼ਰੂਰੀ ਦਵਾਈ ਸੀ।

ਜਦੋਂ ਵੀ ਮੈਨੂੰ ਮੇਰੀ ਪਤਨੀ ਦੀਆਂ ਸਲਾਹਾਂ ਦੇ ਵਿਪਰੀਤ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈਂਦਾ, ਤਾਂ ਮੈਂ ਆਸਾਨੀ ਨਾਲ ਉਸ ਨੂੰ ਦੋਸ਼ ਦੇ ਦਿੰਦਾ। ਬਿਲਕਿਅਸ ਮੈਨੂੰ ਅਣਗੌਲਿਆ ਕਰ ਦਿੰਦੀ ਅਤੇ ਆਪਣੇ ਰੋਜ਼ਾਨਾ ਦੇ ਕੰਮ ਨਾਲ ਆਪਣੀ ਰਫ਼ਤਾਰ ਤੇਜ ਕਰਕੇ ਰੁੱਝੀ ਰਹਿੰਦੀ, ਜਦੋਂ ਕਿ ਮੈਂ ਉਸ ਦੇ ਪਿੱਛੇ-ਪਿੱਛੇ ਚਲਦਾ ਹੋਇਆ ਉਸ ਨੂੰ ਦੋਸ਼ੀ ਸਮਝ, ਬੁੜ-ਬੁੜ ਕਰਦਾ ਹੋਇਆ ਉਸ ਨੂੰ ਕੋਸਦਾ ਰਹਿੰਦਾ, "ਬਿਲਕਿਅਸ ਇਹ ਮੰਨ ਲੈ ਕਿ ਤੂੰ ਮੈਨੂੰ ਗ਼ਲਤ ਸਲਾਹ ਦਿੱਤੀ ਸੀ। ਤੂੰ ਗ਼ਲਤੀ ਕੀਤੀ ਹੋਈ ਹੈ।" ਉਹ ਇਕ ਦਵਾਈਆਂ ਦੇ ਡੱਬੇ ਤੋਂ ਦੂਜੇ ਕੋਲ ਚਲੀ ਜਾਂਦੀ, ਗੁਦਾਮ ਵਿਚ, ਪੌੜੀਆਂ ਚੜ੍ਹ ਕੇ ਮੈਟਰਨਟੀ ਯੂਨਿਟ ਵਿਚ ਅਤੇ ਫਿਰ ਵਾਪਸ...... ਮੈਂ ਉਸ ਦੇ ਪਿੱਛੇ-ਪਿੱਛੇ ਰਹਿੰਦਾ, "ਇਹ ਇਕ ਪਤਨੀ ਲਈ ਚੰਗਾ ਹੁੰਦਾ ਹੈ ਕਿ ਉਹ ਆਗਿਆਕਾਰੀ ਹੋਵੇ, ਕਿਸੇ ਦੇ ਕੰਮ ਵਿਚ ਦਖ਼ਲ ਨਾ ਦੇਵੇ ਅਤੇ ਸ਼ਰੀਫ ਹੋਵੇ। ਬਹਾਦਰ ਔਰਤਾਂ ਹਮੇਸ਼ਾ ਮੁਸ਼ਕਲਾਂ ਦਾ ਭੰਵਰ ਚੱਕਰ ਹੀ ਪੈਦਾ ਕਰਦੀਆਂ ਹਨ। ਤੂੰ ਇਸ ਨੂੰ ਕਿਉਂ ਨਹੀਂ ਮੰਨਦੀ। ਕੀ ਇਹ ਸੱਚ ਨਹੀਂ ?" ਉਸ ਨੇ ਇਕ ਜਗਾਹ ਪੈਰ ਰੱਖ ਕੇ ਹੱਥ ਉੱਪਰ ਕੀਤੇ, ਉਹ ਜਾਣ ਬੁੱਝ ਕੇ ਅਲਮਾਰੀਆਂ ਨੂੰ ਠੀਕ ਕਰਦੀ ਰਹਿੰਦੀ ਅਤੇ ਮੇਰੇ ਗੁੱਸੇ ਨੂੰ ਆਪਣੇ ਆਪ ਨੂੰ ਰੁੱਝੀ ਹੋਈ ਵਿਖਾ ਕੇ ਅਣਗੌਲਿਆ ਕਰ ਛੱਡਦੀ, "ਬਿਲਕਿਅਸ ਸਿਰਫ ਪ੍ਰਾਪੇਗੰਡੇ ਕਰਨ ਵਾਲੇ ਹੀ ਪਥਰਾਉ ਕਰਦੇ ਹਨ। ਉਹ ਥੋੜੇ-ਥੋੜੇ ਵਕਫੇ ਤੋਂ ਬਾਅਦ ਛੋਟੇ-ਛੋਟੇ ਪੱਥਰ ਸੁੱਟਦੇ ਹਨ ਅਤੇ ਫਿਰ ਕਿਸੇ ਹੋਰ ਸਮੇਂ ਲਈ ਰੁੱਕ ਜਾਂਦੇ ਹਨ, ਮੈਂ ਇਕੋ ਪੱਥਰ ਵਿਚ ਵਿਸ਼ਵਾਸ ਰੱਖਦਾ ਹਾਂ, ਬਹਾਦਰ ਆਦਮੀ ਸਿਰਫ ਇਕ ਹੀ ਪੱਥਰ ਸੁੱਟਦੇ ਹਨ। ਤੂੰ ਮੈਨੂੰ ਗ਼ਲਤ ਕਰਨ ਲਈ ਤਿਆਰ ਕੀਤਾ।" ਅਖ਼ੀਰ ਵਿਚ ਮੈਂ ਛੱਡ ਦਿੱਤਾ ਅਤੇ ਬਾਹਰ ਆ ਗਿਆ। ਤਾਂ ਹੀ ਉਹ ਫਿਰ ਆਪਣਾ ਸਿਰ ਫੜ ਕੇ ਬੈਠ ਗਈ।

ਮੈਂ ਜਿੰਨਾਂ ਵੀ ਇਸ ਮਨੁੱਖੀ ਕਮਜ਼ੋਰੀ ਕਰਕੇ ਆਪਣੀ ਪਤਨੀ ਨੂੰ ਉਸਦੇ ਗ਼ਲਤ ਫੈਸਲੇ ਦੇ ਸਿੱਟੇ ਦਾ ਜ਼ਿੰਮੇਵਾਰ ਸਮਝਦਾ, ਮੈਂ ਫੇਲ੍ਹ ਹੋ ਜਾਂਦਾ। ਮੈਂ ਇਸ ਸਮੇਂ ਜਦੋਂ ਵੀ ਉਸ ਨੂੰ ਵੇਖਦਾ ਮੈਂ ਸ਼ਿਕਾਇਤ ਕਰਦਾ : "ਔਰਤਾਂ ਸਿਰਫ ਤਬਾਹੀ ਹਨ, ਉਹ ਤੁਹਾਨੂੰ ਗ਼ਲਤੀਆਂ ਕਰਨ ਲਈ ਪ੍ਰਭਾਵਿਤ ਕਰਦੀਆਂ ਹਨ। ਤੈਨੂੰ ਮੇਰੇ ਕੰਮ ਵਿਚ ਫਿਰ ਦਖ਼ਲ ਨਹੀਂ ਦੇਣਾ ਚਾਹੀਦਾ।" ਉਹ ਮੇਰੇ 'ਤੇ ਹੱਸ ਛੱਡਦੀ, "ਇਸ

ਹਾਲਤ ਵਿਚ ਮੀਠਾਦਾਰ ਵਿਚ ਸੁਰੱਖਿਅਤ ਰਹੋਗੇ, ਉਥੇ ਕਿਸੇ ਵੀ ਗੱਲ ਦੀ ਚਰਚਾ ਦੀ ਲੋੜ ਨਹੀਂ।" ਜਦੋਂ ਉਹ ਇਸ ਵਿਸ਼ੇ ਤੋਂ ਥੱਕ ਜਾਂਦੀ ਤਾਂ ਉਹ ਧਮਾਕੇ ਨਾਲ ਬੋਲਦੀ, "ਤੁਸੀਂ ਮੈਨੂੰ ਸੁਣਦੇ ਹੀ ਕਿਉਂ ਹੋ ? ਕੀ ਤੁਸੀਂ ਇਸ ਦੇ ਇੰਨਚਾਰਜ ਹੋ ਜਾਂ ਮੈਂ ?" ਮੈਂ ਉਸ ਦੀ ਇਸ ਟਿੱਪਣੀ ਦਾ ਹੱਕਦਾਰ ਸਾਂ, ਜੋ ਮੇਰੇ ਮੋਢਿਆਂ 'ਤੇ ਹੋਰ ਭਾਰ ਪਾ ਦਿੰਦੀ।

ਈਦੀ ਫਾਊਂਡੇਸ਼ਨ ਦੀ ਜਾਇਦਾਦ ਦਾ ਮੁੱਲ ਇਕ ਸੌ ਕਰੋੜ ਰੁਪਏ ਤੋਂ ਵੱਧ ਗਿਆ ਸੀ। ਕੋਈ ਇਕ ਚੌਥਾਈ ਰਹਿ ਗਿਆ ਉਸਾਰੀ ਦਾ ਕੰਮ ਲਾਭ ਵਿਚੋਂ ਪੂਰਾ ਕਰਨਾ ਸੀ ਤਾਂ ਕਿ ਪੂੰਜੀ ਬਧੀ ਰਹੇ। ਇਸ ਸਟੇਜ ਦੇ ਪੂਰਾ ਹੋਣ 'ਤੇ, ਖ਼ਰਚ ਅਤੇ ਬਚਤ ਵਿਚ ਫਰਕ ਘੱਟ ਜਾਵੇਗਾ ਅਤੇ ਲਾਭਾਂ ਨੂੰ ਬਚਤ ਸਕੀਮਾਂ ਵੱਲ ਬਦਲ ਦਿੱਤਾ ਜਾਵੇਗਾ। 10 ਸਾਲਾਂ ਵਿਚ ਪੂੰਜੀ ਆਪਣੇ ਆਪ ਹੀ ਦੋ ਗੁਣਾਂ ਹੋ ਜਾਵੇਗੀ। ਕੀਮਤਾਂ ਦੇ ਵਾਧੇ ਨੇ ਸਾਡੇ ਵਿਸਥਾਰ ਦੀ ਰਫਤਾਰ ਨੂੰ ਹੌਲੀ ਕਰ ਦਿੱਤਾ ਸੀ ਅਤੇ ਅਸੀਂ ਉਦੋਂ ਹੀ ਖ਼ਰਚ ਕਰ ਰਹੇ ਸਾਂ, ਜਦੋਂ ਸਾਨੂੰ ਸਮੇਂ ਦੇ ਅਨੁਸਾਰ ਬਚਤਾਂ ਹੋਣੀਆਂ ਸਨ।

ਕਈ ਕਾਰਨਾਂ ਕਰ ਕੇ ਮੈਨੂੰ ਕਈ ਲੋਕਾਂ ਨੇ ਪਾਕਿਸਤਾਨ ਵਿਚ ਨਿਵੇਸ਼ ਕਰਨ ਦੇ ਖਿਲਾਫ ਚਿਤਾਵਨੀ ਦਿੱਤੀ। ਮੈਂ ਇਸ ਨਾਲ ਸਹਿਮਤ ਨਾ ਹੋਇਆ, "ਜੇ ਕਿਸੇ ਦੀ ਖੁਦਗਰਜ਼ੀ ਕਰਕੇ ਕੋਈ ਸਾਡੇ ਵਿਸਥਾਰ ਤੋਂ ਡਰਦੇ ਹਨ, ਜੇ ਉਹ ਮੇਰੇ ਕੰਮ ਨੂੰ ਜ਼ਬਤ ਕਰ ਲੈਣਗੇ ਜਾਂ ਉਸ 'ਤੇ ਕਬਜ਼ਾ ਕਰ ਲੈਣਗੇ, ਤਾਂ ਮੈਂ ਉਹਨਾਂ ਨਾਲ ਵਿਦੇਸ਼ਾਂ ਤੋਂ ਲੜਾਂਗਾ ਤਾਂ ਕਿ ਮੈਂ ਆਪਣੇ ਵੱਲੋਂ ਨਿਰਧਾਰਤ ਕੀਤੇ ਉਦੇਸ਼ ਨੂੰ ਪੂਰਾ ਕਰ ਸਕਾਂ। ਪਰ ਫਾਊਂਡੇਸ਼ਨ ਦੀ ਜਾਇਦਾਦ ਦੇਸ਼ ਦੀ ਹੈ।" ਸਾਰੇ ਨਿਵੇਸ਼ ਪਾਕਿਸਤਾਨ ਸਰਕਾਰ ਵਿਚ ਕੀਤੇ ਗਏ ਸਨ ਅਤੇ ਇਸ ਦਾ ਉਦੇਸ਼ ਸੀ ਕਿ ਸਰਕਾਰ ਦਾ ਲੋਕ ਭਲਾਈ ਦਾ ਕੰਮ ਹੌਲੀ-ਹੌਲੀ ਘਟਾਇਆ ਜਾਵੇ। ਜਦੋਂ ਕਿ ਪੱਛਮ ਦੇ ਦੇਸ਼ ਕਲਿਆਣ ਲਈ ਲਗਾਤਾਰ ਟੈਕਸ ਇੱਕਠਾ ਕਰਦੇ ਸਨ, ਮੈਂ ਇਸ ਲਈ ਯੋਜਨਾ ਬਣਾਉਂਦਾ ਸਾਂ ਕਿ ਇਹ ਖ਼ਰਚ 7 ਸਾਲਾਂ ਦੇ ਸਮੇਂ ਵਿਚ ਇੱਕਠੀ ਕੀਤੀ ਆਮਦਨ ਵਿਚੋਂ ਕੀਤਾ ਜਾਵੇ। ਟੋਕਨਾਂ ਦੀ ਵਿਕਰੀ ਦੀ 7 ਸਾਲਾਂ ਦੀ ਸਕੀਮ ਨਾਲ ਇੱਕਠੀ ਕੀਤੀ ਆਮਦਨ ਨਾਲ ਸਾਲਾਨਾ ਖ਼ਰਚ ਅਤੇ ਚਾਲੂ ਲਾਗਤਾਂ ਪੂਰੀਆਂ ਹੋ ਜਾਣਗੀਆਂ। ਉਸ ਤੋਂ ਬਾਅਦ ਲੋਕਾਂ ਕੋਲੋਂ ਹੋਰ ਦਾਨ ਲੈਣ ਦੀ ਜ਼ਰੂਰਤ ਨਹੀਂ ਰਹੇਗੀ। ਮੈਂ ਛੋਟੇ-ਛੋਟੇ ਨਿੱਜੀ ਸਾਧਨਾਂ ਤੋਂ ਲਗਾਤਾਰ ਆਮਦਨ ਲੈਣਾ ਠੀਕ ਨਹੀਂ ਸਮਝਦਾ। ਮੈਂ ਇਕ ਅਰਥ ਸ਼ਾਸਤਰੀ ਨੂੰ ਇਹ ਵਿਆਖਿਆ ਕੀਤੀ, "7 ਸਾਲਾਂ ਬਾਅਦ ਮੇਰੀ ਯੋਜਨਾ ਹੈ ਕਿ ਫਾਊਂਡੇਸ਼ਨ ਨਿਵੇਸ਼ ਤੋਂ ਮਿਲਣ ਵਾਲੇ ਲਾਭਾਂ ਤੋਂ ਚਲੇ ਅਤੇ ਵੱਡੇ-ਵੱਡੇ ਪ੍ਰੋਜੈਕਟ ਪੂੰਜੀ ਦੇ ਖਿਲਾਫ ਕਰਜ਼ਾ ਲੈ ਕੇ ਚਲਾਏ ਜਾਣਗੇ। 7 ਸਾਲਾਂ ਦੇ ਪੈਸੇ ਇੱਕਠੇ ਕਰਨ ਦੇ ਟੀਚੇ ਵਿਚ ਛੋਟੇ ਸਮੇਂ ਅਤੇ ਲੰਮੇ ਸਮੇਂ ਦੇ ਪ੍ਰੋਜੈਕਟ ਨਾਲੋਂ ਨਾਲ ਚਲਾਏ ਜਾਣਗੇ।"

ਇਕ ਸੌ ਕਰੋੜ ਰੁਪਏ ਚਲ ਰਹੇ ਖ਼ਰਚਾਂ ਲਈ ਅਤੇ ਇਕ ਸੌ ਕਰੋੜ ਬਚਤਾਂ ਤੇ ਸੁਰੱਖਿਅਤ ਭੰਡਾਰ ਰੱਖਣ ਨਾਲ ਇਕ ਸੁਰਖਿਅਤ ਚੱਕਰ ਦੁਬਾਰਾ ਚੱਲ ਪਵੇਗਾ। ਮੈਂ ਅਰਥ ਸ਼ਾਸਤਰੀ ਨੂੰ ਆਪਣਾ ਪ੍ਰੋਗਰਾਮ ਜ਼ਿਆਦਾ ਖੋਲ੍ਹ ਕੇ ਦੱਸਿਆ, "ਜਦੋਂ ਸਰਕਾਰ ਸਾਨੂੰ ਇਹ ਵੱਡੇ ਲਾਭ ਦੇ ਰਹੀ ਹੈ, ਸਰਕਾਰ ਦੇ ਕਲਿਆਣਕਾਰੀ ਖੇਤਰ ਵਿਚ ਫਾਊਂਡੇਸ਼ਨ ਦਾ ਪ੍ਰਭਾਵ ਮਜ਼ਬੂਤ ਹੋ ਜਾਵੇਗਾ। ਜਦੋਂ ਅਸੀਂ ਇਸ ਸਥਿਤੀ ਵਿਚ ਹਾਂ ਕਿ ਸਰਕਾਰ ਨਾਲ ਭਾਈਵਾਲੀ ਕਰ ਸਕੀਏ ਅਤੇ ਆਪਣੇ ਫੰਡਾਂ ਨਾਲ ਸਰਕਾਰ ਦੇ ਹਸਪਤਾਲਾਂ ਅਤੇ ਕਲਿਆਣਕਾਰੀ ਸਕੀਮਾਂ ਨੂੰ ਹਰ ਖੇਤਰ ਵਿਚ ਉੱਚੇ ਮਿਆਰ ਦੇ ਬਨਾਉਣ ਦੀ ਮਨਜ਼ੂਰੀ ਦੇ ਸਕੀਏ, ਤਾਂ ਲੋਕਾਂ ਨੂੰ ਉੱਪਰ ਉਠਾਉਣ ਲਈ ਲੋਕ ਆਪ ਇਨ੍ਹਾਂ ਕੰਮਾਂ ਵਿਚ ਰੁੱਝ ਜਾਣਗੇ।" ਮੈਂ ਇਸ ਬਾਰੇ ਅੱਗੇ ਹੋਰ ਦੱਸਿਆ, "ਭਾਵੇਂ ਕਿ ਪਾਕਿਸਤਾਨ ਨੇ ਪਿੱਛਲੇ ਦਹਾਕਿਆਂ ਵਿਚ ਬੜੀਆਂ ਮਾੜੀਆਂ ਹਾਲਤਾਂ ਵੇਖੀਆਂ ਹਨ, ਅਚੇਤ ਵਿਚ ਹੀ ਇਥੋਂ ਦੇ ਲੋਕਾਂ ਨੇ ਆਪਣੀ ਪ੍ਰਣਾਲੀ ਆਪ ਬਣਾ ਲਈ ਹੈ। ਇਕ ਪ੍ਰਣਾਲੀ ਆਪਣੀ ਮਦਦ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ। ਇਹ ਹੀ ਇਸ ਦੀ ਵਿਰਾਸਤ ਦੇ ਮਾਲਕ ਹਨ ਅਤੇ ਇਹ ਹੀ ਇਸ ਨੂੰ ਸੁਰੱਖਿਅਤ ਰੱਖਣਗੇ, ਜਦੋਂ ਉਹ ਇਹ ਸਮਝ ਜਾਣਗੇ ਕਿ ਉਹਨਾਂ ਨੇ ਕੀ ਪ੍ਰਾਪਤ ਕਰਨਾ ਹੈ।" ਫਾਊਂਡੇਸ਼ਨ ਨੇ ਇਕ ਆਰਥਿਕ ਪ੍ਰੋਗਰਾਮ ਬਣਾਇਆ ਸੀ, ਜੋ ਸਿਹਤ ਦੀਆਂ ਸਹੂਲਤਾਂ ਲਈ ਹੋਵੇਗਾ, "ਕੀ ਇਸ ਦਾ ਸਿੱਟਾ ਇਕ ਅਮਨ ਵਾਲਾ ਇਨਕਲਾਬ ਨਹੀਂ ਹੋਵੇਗਾ ?" ਮੈਂ ਉਸ ਵਿਦਵਾਨ ਬੰਦੇ ਨਾਲ ਹੱਸ ਪਿਆ, "ਉਹ ਇਸ 'ਤੇ ਵਿਸ਼ਵਾਸ ਨਹੀਂ ਸਨ ਕਰਦੇ ਕਿਉਂ ਜੋ ਇਹ ਆਵਾਜ਼ ਪੈਦਾ ਨਹੀਂ ਸੀ ਕਰਦਾ।"

ਭਾਵੇਂ ਸਾਰੀ ਹੀ ਦੁਨੀਆਂ ਵਿਚ ਉਤਸ਼ਾਹ ਦੀ ਜਗਾਹ ਭ੍ਰਿਸ਼ਟਾਚਾਰ, ਸ਼ੋਸ਼ਣ ਅਤੇ ਸੁਸਤੀ ਦਾ ਵਾਧਾ ਹੋ ਰਿਹਾ ਸੀ ਅਤੇ ਪੱਛਮੀ ਦੇਸ਼ਾਂ ਵਿਚ ਕਲਿਆਣਕਾਰੀ ਪ੍ਰਬੰਧ ਵੀ ਇਸ ਖ਼ਤਰੇ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਸੀ; ਪਰ ਉਸ ਦਾ ਮੁੱਢਲਾ ਢਾਂਚਾ ਠੀਕ ਸੀ। ਸਮਾਜਵਾਦੀ ਢਾਂਚਾ ਇਸ ਦੇ ਕਲਿਆਣਕਾਰੀ ਪ੍ਰੋਗਰਾਮ ਦੇ ਟੁੱਟ ਜਾਣ ਕਰਕੇ ਫੇਲ੍ਹ ਹੋਇਆ ਸੀ। ਕਲਿਆਣਕਾਰੀ ਪ੍ਰਬੰਧ ਅਸਲ ਵਿਚ ਹਰ ਜਗਾਹ ਫੇਲ੍ਹ ਹੋ ਰਿਹਾ ਸੀ, ਬਦਲਾਵ ਅਤੇ ਇਸ ਨੂੰ ਚਾਲੂ ਰੱਖਣ ਲਈ ਸੁਧਾਰਾਂ ਦੀ ਲੋੜ ਸੀ। ਮੈਂ ਇਸ ਦੇ ਖ਼ਤਮ ਹੋਣ ਦੇ ਖਿਆਲ ਵਿਚੋਂ ਉਹ ਜ਼ਰੂਰੀ ਕੰਮ ਜੋ ਉਸ ਵਿਚੋਂ ਗਾਇਬ ਹੋ ਗਿਆ ਸੀ, ਉਸ ਬਾਰੇ ਦੱਸਿਆ ਅਤੇ ਉਹ ਹੌਲੀ-ਹੌਲੀ ਉਹ ਉਦੇਸ਼ ਜੋ ਉਹਨਾਂ ਨੂੰ ਭੁੱਲ ਹੀ ਗਿਆ ਸੀ, ਉਸ ਵੱਲ ਹੌਲੀ-ਹੌਲੀ ਚੱਲਦਾ ਰਿਹਾ। ਮੈਂ ਉਹ ਸਾਰਾ ਕੁਝ ਵਾਪਸ ਜਿੱਤ ਰਿਹਾ ਸਾਂ, ਜੋ ਕਈਆਂ ਨੇ ਗੁਆ ਦਿੱਤਾ ਸੀ ਅਤੇ ਗੁਆ ਰਹੇ ਸਨ।

ਮੈਂ ਇਕ ਮੀਟਿੰਗ ਵਿਚ ਘੋਸ਼ਣਾ ਕੀਤੀ : "ਅਸੀਂ ਆਪਣੇ ਮਿਸ਼ਨ ਦਾ 60 ਫੀਸਦੀ ਪ੍ਰਾਪਤ ਕਰ ਲਿਆ ਗਿਆ ਹੈ। ਇਸ ਨੂੰ ਚਲਾਉਣ ਲਈ ਕਾਨੂੰਨੀ ਕਰਾਵਾਈ, ਚਲਾਉਣ ਵਾਲੀਆਂ ਸਕੀਮਾਂ, ਭਵਿੱਖ ਦੀਆਂ ਯੋਜਨਾਵਾਂ ਅਤੇ ਲਾਗੂ ਕਰਨ ਦੇ

ਤਰੀਕਿਆਂ ਨੂੰ ਆਖ਼ਰੀ ਰੂਪ ਦੇ ਦਿੱਤਾ ਗਿਆ ਹੈ। ਸਿਰਫ 40 ਫੀਸਦੀ ਬਾਕੀ ਰਹਿੰਦਾ ਹੈ ਅਤੇ ਉਹ ਮੁੱਢਲੇ ਤੌਰ 'ਤੇ ਵਿਕਾਸ ਅਤੇ ਪੈਸਾ ਹੈ। ਇਹ ਸੁਭਾਵਿਕ ਹੀ ਹੈ ਕਿ ਜਿਹੜੇ ਚਾਲਾਕ ਹਨ, ਉਹ ਸਾਡੇ ਕੰਮ ਦਾ ਖੇਤਰ ਅਤੇ ਉਸਦੇ ਪ੍ਰਭਾਵ ਨੂੰ ਸਮਝ ਜਾਣਗੇ ਅਤੇ ਉਸ ਦੇ ਫਾਲਤੂਪਨ ਦਾ ਆਪਣੇ ਆਪ ਫਿਕਰ ਕਰਨਗੇ।"

ਜਦੋਂ ਮੈਂ ਇਕ ਅਰਧ-ਸਰਕਾਰੀ ਅਦਾਰੇ ਦੇ ਚੇਅਰਮੈਨ ਨੂੰ ਆਪਣੇ ਨੈੱਟਵਰਕ ਬਾਰੇ ਵਿਸਥਾਰ ਨਾਲ ਦੱਸਿਆ, ਉਸ ਨੇ ਟਿੱਪਣੀ ਕੀਤੀ, "ਈਦੀ ਸਾਹਿਬ, ਕੀ ਵਜਾਹ ਹੈ ਕਿ ਉੱਚ ਵਿੱਦਿਆ ਪ੍ਰਾਪਤ ਅਫਸਰਾਂ, ਤਕਨੀਕਸ਼ਨਾਂ, ਅਰਥਸ਼ਾਸਰਤੀਆਂ ਅਤੇ ਫਿਲਾਸਫਰਾਂ ਨੇ ਇਸ ਬਾਰੇ ਇੱਦਾਂ ਨਹੀਂ ਸੋਚਿਆ ?" ਮੈਂ ਇਸ ਸੁਆਲ 'ਤੇ ਈਮਾਨਦਾਰੀ ਨਾਲ ਵਿਚਾਰ ਕੀਤਾ ਅਤੇ ਜਵਾਬ ਦਿੱਤਾ, "ਸ਼ਾਇਦ ਖ਼ੁਦਾ ਨੇ ਇਹ ਕੰਮ ਮੇਰੇ ਕੋਲੋਂ ਲੈਣਾ ਸੀ ਕਿਉਂ ਜੋ ਮੈਂ ਵਪਾਰੀ ਤਬਕੇ ਨਾਲ ਸੰਬੰਧ ਰੱਖਦਾ ਹਾਂ। ਮੈਂ ਇਕ ਚੰਗਾ ਬੈਂਕਰ ਜਾਂ ਉਦਯੋਗਪਤੀ ਬਣ ਸਕਦਾ ਸਾਂ, ਪਰ ਮੈਂ ਇਸ ਤਰ੍ਹਾਂ ਦੇ ਪੱਬਲਿਕ ਕਲਿਆਣ ਦੇ ਉਦਯੋਗ ਬਾਰੇ ਧਿਆਨ ਦਿੱਤਾ।"

ਕਿਸੇ ਤਰ੍ਹਾਂ ਵੀ ਮੈਂ ਆਪਣੀ ਯੋਜਨਾ ਵਿਚ ਕੰਮ ਦੇ ਸਿੱਟਿਆਂ ਬਾਰੇ ਦਾਅਵਾ ਨਹੀਂ ਸਾਂ ਕਰਦਾ। ਕੰਮ ਸ਼ੁਰੂ ਕਰਨ ਵੇਲੇ ਮੈਂ ਆਪਣੇ ਕੰਮ ਵਿਚ ਸਿਹਤ, ਵਿੱਦਿਆ ਅਤੇ ਆਮ ਭਲਾਈ ਬਾਰੇ ਹੀ ਵਿਚਾਰ ਕੀਤੀ ਸੀ। ਕੁਦਰਤ ਨੇ ਨਵੇਂ-ਨਵੇਂ ਕੰਮਾਂ ਅਤੇ ਵਿਚਾਰਾਂ ਨੂੰ ਵਿਚਕਾਰ ਲੈ ਆਂਦਾ ਭਾਵੇਂ ਕਿ ਮੈ ਜ਼ਿਆਦਾ ਜ਼ਰੂਰੀ ਤੌਰ 'ਤੇ ਸਿਹਤ 'ਤੇ ਕੇਂਦਰਿਤ ਰਿਹਾ ਅਤੇ ਆਮ ਭਲਾਈ ਨੂੰ ਇਸ ਪ੍ਰਣਾਲੀ ਵਿਚ ਸ਼ਾਮਿਲ ਕਰ ਲਿਆ ਗਿਆ। ਅਸੀਂ ਵਿਸਥਾਰ ਦੀ ਪਹਿਲੀ ਪੱਧਰ 'ਤੇ ਸਾਂ। ਮੈਂ ਮੰਨਦਾ ਸਾਂ ਕਿ ਇਹ ਕੁਦਰਤ ਦਾ ਤੋਹਫਾ ਸੀ, ਮੈਂ ਮਹਿਸੂਸ ਕਰਦਾ ਸਾਂ। ਚੇਅਰਮੈਨ ਖੁਸ਼ ਲੱਗ ਰਿਹਾ ਸੀ।

ਜਿਸ ਤਰ੍ਹਾਂ ਵੀ ਹੋਵੇ ਸਾਡਾ ਉਦੇਸ਼ ਸੀ ਕਿ ਅਸੀਂ ਆਪਣੀਆਂ ਦਵਾਈਆਂ ਆਪ ਬਣਾਈਏ। ਜਿਨ੍ਹਾਂ ਨਿੱਜੀ ਕੰਪਨੀਆਂ ਨੇ ਸਾਡੇ ਲਈ ਦਵਾਈਆਂ ਬਣਾਈਆਂ ਸਨ, ਉਹ ਸਾਡੇ ਵਲੋਂ ਦੱਸੇ ਹੋਏ ਰੰਗ ਦੀਆਂ ਬਨਾਉਣਗੇ। ਮੈਂ ਚੇਅਰਮੈਨ ਨੂੰ ਦੱਸਿਆ, "ਇਕ ਨੀਤੀ ਨੂੰ ਲਾਗੂ ਕਰਨ ਲਈ ਕਈ ਪੱਧਰਾਂ ਵਿਚੋਂ ਲੰਘਣਾ ਪੈਂਦਾ ਹੈ। ਆਪਣੇ ਪ੍ਰੋਗਰਾਮ ਦੀ ਅੰਤਮ ਪੱਧਰ 'ਤੇ ਅਸੀਂ ਸਾਰੇ ਸਰਕਾਰੀ ਹਸਪਤਾਲਾਂ ਵਿਚ ਦਵਾਈਆਂ ਦੀ ਪੂਰਤੀ ਕਰਾਂਗੇ। ਸਾਡੀ ਤਰਜੀਹ ਹੈ ਕਿ ਥੋੜ੍ਹਾ-ਥੋੜ੍ਹਾ ਕਰਕੇ ਅਗੇ ਵਧਿਆ ਜਾਵੇ। ਸਾਨੂੰ ਸਫਲਤਾ ਪ੍ਰਾਪਤ ਕਰਨ ਦੀ ਕਾਹਲੀ ਨਹੀਂ।" ਜਦੋਂ ਚੇਅਰਮੈਨ ਨੇ ਕਿਹਾ, "ਈਦੀ ਸਾਹਿਬ, ਇਹ ਇਕ ਪੁਰ ਅਮਨ ਦਾ ਇਨਕਲਾਬ ਹੈ।" ਮੈਨੂੰ ਖ਼ੁਸ਼ੀ ਸੀ ਕਿ ਉਹ ਸਮਝ ਗਿਆ ਸੀ।

ਮੈਂ ਹਮੇਸ਼ਾ ਆਪਣੀ *ਕਾਸ਼ਕੋਲ* 'ਤੇ ਭਰੋਸਾ ਕਰਦਾ ਸਾਂ ਅਤੇ ਇਹ ਕਹਿਣ ਤੋਂ ਨਹੀਂ ਸੀ ਝਕਦਾ : "ਮੈਂ ਸਾਲ ਵਿਚ 360 ਦਿਨ ਫੁੱਟਪਾਥ 'ਤੇ ਬੈਠ ਸਕਦਾ ਹਾਂ ਅਤੇ ਫਿਰ ਸ਼ੁਰੂ ਕਰ ਸਕਦਾ ਹਾਂ। ਮੈਂ ਦੇਸ਼ ਦੇ ਲੋਕਾਂ ਨੂੰ ਕਹਾਂਗਾ ਕਿ ਆਪਣੀ

ਜ਼ਿੰਦਗੀ ਵਿਚ ਇਕ ਵਾਰ ਦਾਨ ਦੇਵੋ।" ਮੈਂ ਹੁਣ ਆਪਣੀਆਂ ਯੋਜਨਾਵਾਂ ਬਾਰੇ ਬਹੁਤ ਲੋਕਾਂ ਨੂੰ ਜਾਣੂ ਕਰਵਾਇਆ, "ਇਕ ਮਿਲਿਅਨ ਲੋਕਾਂ ਦਾ ਦਸ ਰੁਪਏ ਦਾ ਜ਼ਿੰਦਗੀ ਵਿਚ ਇਕ ਵਾਰ ਦਿੱਤਾ ਦਾਨ, ਉਹਨਾਂ ਲਈ ਇਕ ਪ੍ਰਣਾਲੀ ਸਥਾਪਿਤ ਕਰ ਦੇਵੇਗੀ। ਛੇ ਸਾਲਾਂ ਦੇ ਖ਼ਤਮ ਹੋਣ 'ਤੇ ਐਂਬੂਲੈਂਸ ਦੀ ਫੀਸ ਹਟਾ ਦਿੱਤੀ ਜਾਵੇਗੀ ਅਤੇ ਉਹ ਇਕ ਉੱਨਤੀ ਵੇਖਣਗੇ। 15 ਸਾਲਾਂ ਵਿਚ ਨਤੀਜੇ ਸਾਰੇ ਦੇਸ਼ ਵਿਚ ਨਜ਼ਰ ਆਉਣਗੇ। 30 ਸਾਲਾਂ ਵਿਚ ਸਾਡੇ ਨਿਵੇਸ਼ ਨਾਲ 99 ਫੀਸਦੀ ਲੋਕਾਂ ਨੂੰ ਉਹਨਾਂ ਦੇ ਬੂਹਿਆਂ 'ਤੇ ਸੇਵਾਵਾਂ ਮਿਲਣਗੀਆਂ। ਜਦੋਂ ਲੋਕਾਂ ਨੂੰ ਵਿਸ਼ਵਾਸ ਹੋ ਜਾਵੇਗਾ ਤਾਂ ਲੋਕਾਂ ਦਾ ਸਨਮਾਨ ਪ੍ਰਾਪਤ ਹੋਵੇਗਾ ਅਤੇ ***ਸਰਦਾਰਾਂ, ਪੀਰਾਂ ਅਤੇ ਠੇਕੇਦਾਰਾਂ*** ਦੇ ਬਣਾਉਟੀ ਲਾਭਾਂ ਨੂੰ ਠੁਕਰਾ ਦਿੱਤਾ ਜਾਵੇਗਾ। ਤੀਰਥ ਅਸਥਾਨਾਂ ਦੇ ਬਾਹਰ ਲਾਏ ਜਾਂਦੇ ਲੰਗਰ, ਜੋ ਭੋਜਨ ਪਰੋਸਦੇ ਹਨ, ਮੁੜ ਵਸਾਉਣ ਸੰਬੰਧੀ ਕੋਈ ਅੰਦੋਲਨ ਨਹੀਂ ਹੈ।"

ਭਾਵੇਂ ਕਿ ਆਪਣੇ ਖਾਸ ਉਦੇਸ਼ਾਂ ਕਰਕੇ ਸੰਸਥਾ ਦੇ ਚਾਲੂ ਖ਼ਰਚ ਹਰ ਸਾਲ ਆਡਿਟ ਕੀਤੇ ਜਾਂਦੇ ਸਨ ਅਤੇ ਜਾਇਦਾਦ ਦੀ ਘੋਸ਼ਣਾ ਕੀਤੀ ਜਾਂਦੀ ਸੀ, ਫਿਰ ਵੀ ਕਈ ਸਕੀਮਾਂ ਚਲ ਨਾ ਸਕੀਆਂ। ਮੇਰਾ ਇਹ ਵਿਸ਼ਵਾਸ ਕਿ ਜਿਹੜੀਆਂ ਗੱਲਾਂ ਪਹਿਲਾਂ ਬਾਹਰ ਕੱਢ ਦਿੱਤੀਆਂ ਜਾਂਦੀਆਂ ਸਨ, ਉਹ ਰੁਕਾਵਟਾਂ ਪਾਉਂਦੀਆਂ ਸਨ ਅਤੇ ਉਹ ਮੁੱਖ ਤੌਰ 'ਤੇ ਛਾਈਆਂ ਰਹਿੰਦੀਆਂ ਸਨ। ਜਿਹੜੇ ਭੇਦ ਚੰਗੀ ਤਰ੍ਹਾਂ ਮੁੱਠੀ ਵਿਚ ਬੰਦ ਰਹਿੰਦੇ ਸਨ, ਉਹ ਲਾਭਕਾਰੀ ਹੁੰਦੇ ਸਨ। ਮੈਂ ਆਪਣੇ ਸਾਥੀਆਂ ਨੂੰ ਕਹਿੰਦਾ, "ਜਦੋਂ ਸਮਾਂ ਠੀਕ ਹੋਵੇਗਾ, ਮੈਂ ਆਪਣੀ ਮੁੱਠੀ ਖੋਲਾਂਗਾ ਅਤੇ ਉਹਨਾਂ ਨੂੰ ਬਾਹਰ ਕੱਢਾਂਗਾ।

ਬਿਲਕਿਅਸ ਬੇਵਿਸ਼ਵਾਸੀ ਨਾਲ ਸਿਰ ਝਟਕਦੀ, "ਇਸ ਸਭ ਬਾਰੇ ਤੁਹਾਡਾ ਕੀ ਮਤਲਬ ਹੈ ? ਕਈ ਵਾਰ ਮੈਨੂੰ ਤੁਹਾਡੇ ਬਾਰੇ ਹੈਰਾਨੀ ਹੁੰਦੀ ਹੈ। ਕੀ ਤੁਸੀਂ ਮਨੁੱਖੀ ਜੀਵ ਹੋ ?" ਸੱਤ ਸਾਲਾਂ ਦੀ ਸਕੀਮ ਵਿਚ ਜੋ ਟੋਕਨ ਵੇਚੇ ਜਾ ਰਹੇ ਸਨ ਉਹਨਾ 'ਤੇ ਜਾਂ ਬਿਲਕਿਅਸ ਦੇ ਜਾਂ ਮੇਰੇ ਦਸਤਖਤ ਹੁੰਦੇ ਸਨ। ਆਮਦਨ ਦੀ ਵਰਤੋਂ ਉਹਨਾਂ ਪ੍ਰੋਜੈਕਟਾਂ ਵਿਚ ਸਾਫ ਦਿਖਾਈ ਦਿੰਦੀ ਸੀ ਅਤੇ ਉਹ ਸਾਡੇ ਰਹਿਣ ਦੇ ਢੰਗ ਤੋਂ ਵੀ ਸਪੱਸ਼ਟ ਸੀ, ਜਿਸ ਦੀ ਮਿਸਾਲ ਵਿਚ ਮੈਂ ਵਿਸ਼ਵਾਸ ਨਾਲ ਉਮੀਦ ਕਰਦਾ ਸਾਂ। ਜਦੋਂ ਕੋਈ ਮੇਰੇ ਉੱਤੇ ਇਹ ਆਰੋਪ ਲਗਾਉਂਦਾ ਕਿ ਮੈਂ ਆਪਣੇ ਉੱਤੇ ਖ਼ਰਚ ਕਰਦਾ ਹਾਂ ਤਾਂ ਮੈਂ ਹੌਕਾ ਲੈ ਕੇ ਦੁੱਖ ਪ੍ਰਗਟ ਕਰਦਾ, "ਮੈਨੂੰ ਅੱਜ ਤਕ ਕਿਸੇ ਨੇ ਇਹ ਨਹੀਂ ਪੁੱਛਿਆ ਕਿ ਮੈਂ ਇਹ ਐਂਬੂਲੈਂਸਾਂ ਅਤੇ ਜਹਾਜ਼ਾਂ ਦਾ ਸਮੂਹ ਕਿਥੋਂ ਲਿਆਇਆਂ ਹਾਂ।"

ਉਹਨਾਂ ਲੋਕਾਂ ਨੇ ਜਿਨ੍ਹਾਂ ਨੇ ਮੇਰੇ 'ਤੇ ਵਿਸ਼ਵਾਸ ਕਰਕੇ ਇਸ ਬਗੈਰ ਕਮਾਈ ਵਾਲੇ ਕੰਮ ਵਿਚ ਆਪਣੀ ਜ਼ਿੰਦਗੀ ਲਾ ਦਿੱਤੀ ਹੈ, ਮੈਂ ਉਹਨਾਂ ਨੂੰ ਕਹਿੰਦਾ,

"ਯਕੀਨ ਰੱਖੋ ਜੇ ਕਾਨੂੰਨੀ ਤੌਰ 'ਤੇ ਮੈਨੂੰ ਹਿਸਾਬ ਕਿਤਾਬ ਦੇਣਾ ਜਾਂ ਉਸ ਦੀ ਵਿਆਖਿਆ ਕਰਨੀ ਪਈ ਤਾਂ 1950 ਵਿਚ ਪਹਿਲੇ ਰੁਪਏ ਜੋ ਮੈਨੂੰ ਪਹਿਲੀ ਵਾਰ ਮਿਲੇ ਸੀ, ਤੋਂ ਲੈ ਕੇ ਸਾਰਾ ਰਿਕਾਰਡ ਦੇਖਣ ਲਈ ਮਿਲ ਸਕਦਾ ਹੈ। ਮੈਨੂੰ ਲੋਕਾਂ ਦੇ ਸੁਭਾਅ ਦਾ ਪਤਾ ਹੈ ਅਤੇ ਮੈਂ ਇੰਨਾਂ ਬੇਵਕੂਫ ਨਹੀਂ ਕਿ ਇਸ ਮੰਗ ਦੀ ਸੰਭਾਵਨਾ ਨੂੰ ਅਣਗੌਲਿਆਂ ਕਰ ਦੇਵਾਂ। ਮੈਂ ਕਿਸੇ ਜਗਾਹ ਵੀ ਆਪਣੇ ਆਪ ਨੂੰ *ਅਮੀਨ* ਅਤੇ ਤੁਹਾਨੂੰ ਆਪਣੇ ਸਾਥੀਆਂ ਦੀ ਸਥਿੱਤੀ ਸਮਝ ਕੇ ਕਦੀ ਵੀ ਸਮਝੌਤਾ ਨਹੀਂ ਕੀਤਾ।"

ਇਹ ਸਾਡਾ ਪੇਸ਼ਾ ਨਹੀਂ। ਇਸ ਨੂੰ ਅਸੀਂ ਆਪਣੇ ਲਈ ਪੈਦਾ ਨਹੀਂ ਕੀਤਾ। ਬਿਲਕਿਅਸ ਅਤੇ ਮੈਂ ਇਹ ਉਮੀਦ ਕਰਦੇ ਸਾਂ ਕਿ ਆਪਣੀ ਜਿੰਦਗੀ ਦੇ ਸਮੇਂ ਵਿਚ ਇਸ ਨੂੰ ਇਸ ਦੇ ਯੋਗ ਵਾਰਿਸਾਂ ਨੂੰ ਦੇ ਦਿੱਤਾ ਜਾਵੇ, "ਫਿਰ ਅਸੀਂ ਰਿਟਾਇਰ ਹੋ ਸਕਦੇ ਹਾਂ।" ਮੈਂ ਇਹ ਕਹਿੰਦਾ ਸਾਂ, ਤਾਂ ਉਹ ਮੇਰੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਹੱਸ ਪੈਂਦੀ, "ਜਦੋਂ ਤੁਸੀਂ ਇਸ ਨੂੰ ਛੱਡ ਦਿਉਗੇ ਫਿਰ ਵੀ ਤੁਸੀਂ ਇਸ ਵਿਚ ਦਖ਼ਲ ਦੇਣਾ ਬੰਦ ਨਹੀਂ ਕਰੋਗੇ। ਕੋਈ ਵੀ ਇਸ ਨੂੰ ਚਲਾਉਣ ਦੇ ਯੋਗ ਨਹੀਂ ਹੋ ਸਕਦਾ, ਜਦੋਂ ਤਕ ਤੁਸੀਂ ਚੱਲਣ ਦਿਉਗੇ।" ਮੈਂ ਉਸ ਨੂੰ ਝਿੜਕਦੇ ਹੋਏ ਇਹ ਜਵਾਬ ਦਿੰਦਾ, "ਮੈਂ ਇਹ ਕਿਉਂ ਕਰਾਂਗਾ, ਜੇ ਇਸ ਦਾ ਪ੍ਰਬੰਧ ਯੋਜਨਾ ਅਨੁਸਾਰ ਹੋਵੇਗਾ ?" ਉਹ ਆਪਣਾ ਸਿਰ ਝਟਕਦੀ, ਅੱਖਾਂ ਇਧਰ ਉੱਧਰ ਅਸਮਾਨ ਵੱਲ ਘੁਮਾਉਂਦੀ ਅਤੇ ਕਹਿੰਦੀ, "ਤੁਹਾਡੇ ਨਿਯਮਾਂ ਅਤੇ ਅਸੂਲ ਪੱਕੇ ਹਨ, ਤੁਸੀਂ ਭਾਵੇਂ ਅਸਮਾਨ ਵਿਚ ਚਲੇ ਜਾਵੋ, ਤੁਸੀਂ ਫਿਰ ਵੀ ਕਾਬੂ ਰਖੋਗੇ।"

ਬੇਨਜੀਰ ਪਹਿਲੀ ਪ੍ਰਧਾਨ ਮੰਤਰੀ ਸੀ ਜੋ ਈਦੀ ਫਾਊਂਡੇਸ਼ਨ ਵੇਖਣ ਆਈ। ਉਸ ਦੇ ਆਉਣ ਦੀ ਸਵੇਰੇ ਵੇਲੇ, ਮੈਂ ਗਟਰ ਸਾਫ ਕਰਾਉਣ ਲਈ 300 ਰੁਪਏ ਦਿੱਤੇ ਅਤੇ ਹੋਰ ਤਰੀਕਿਆਂ ਦੇ ਸੁਝਾਆਂ ਨੂੰ ਠੁਕਰਾਇਆ, "ਮੈਂ ਜਾਣਦਾ ਹਾਂ ਕਿ ਮੈਂ ਰਾਸ਼ਟਰਪਤੀ ਨੂੰ ਜਾਂ ਪ੍ਰਧਾਨ ਮੰਤਰੀ ਨੂੰ ਇਕ ਫੋਨ ਕਰਕੇ ਆਪਣੀ ਸਥਿੱਤੀ ਦੀ ਵਰਤੋਂ ਕਰ ਸਕਦਾ ਹਾਂ। ਪ੍ਰਬੰਧਕਾਂ ਨੂੰ ਉਹਨਾਂ ਦੀ ਅਯੋਗਤਾ 'ਤੇ ਝਿੜਕਾਂ ਪੈਣਗੀਆਂ, ਤਾਂ ਉਹ ਹਰ ਦਿਨ ਆਇਆ ਕਰਨਗੇ। ਪਰ ਇਹ ਠੀਕ ਕਰਨ ਦਾ ਇਕ ਵੱਖਰਾ ਜਿਹਾ ਢੰਗ ਹੋਵੇਗਾ। ਜਦੋਂ ਸਾਰਾ ਹੀ ਦੇਸ਼ ਕਸ਼ਟ ਉੱਠਾ ਰਿਹਾ ਹੈ ਤਾਂ ਅਸੀਂ ਕਿਉਂ ਵੱਖ ਰਹੀਏ ? ਮੈਂ ਇਸ ਸਾਰੇ ਵਾਤਾਵਰਣ ਨੂੰ ਥੋਕ ਦੇ ਢੰਗ ਰਾਹੀਂ ਬਦਲਣਾ ਚਾਹੁੰਦਾ ਹਾਂ, ਹਰ ਇਕ ਲਈ ਅਤੇ ਨਾ ਕਿ ਆਪਣੇ ਲਈ।" ਇਕ ਜਰਨਲਿਸਟ ਦੇ ਇਸ ਸੁਆਲ ਦਾ, ਕਿ ਕੀ ਮੈਂ ਪ੍ਰਧਾਨ ਮੰਤਰੀ ਕੋਲ ਜਾਣ ਦਾ ਨਿਮੰਤ੍ਰਣ ਕਬੂਲ ਕਰ ਲਵਾਂਗਾ, ਜਵਾਬ ਦਿੱਤਾ, "ਜੇ ਪ੍ਰਧਾਨ ਮੰਤਰੀ ਨੇ ਮੈਨੂੰ ਬੁਲਾਇਆ ਤਾਂ ਮੈਂ ਉਸ ਕੋਲ ਚਲਾ ਜਾਂਦਾ। ਝੂਠਾ ਮਾਣ ਸਪੱਸ਼ਟ ਰੂਪ ਵਿਚ ਇਹ ਘੁਮੰਡ ਹੈ ਜੋ ਕੰਮ ਵਿਚ ਇਕ ਰੁਕਾਵਟ ਬਣਦਾ ਹੈ। ਜਿੰਨਾਂ ਚਿਰ ਸਮਾਂ ਫਜ਼ੂਲ ਨਹੀਂ ਜਾਂਦਾ ਮੈਂ ਹਰ ਜਗਾਹ ਜਾ ਸਕਦਾ ਹਾਂ।"

ਕਲਿਫਟੰਨ ਸੈਂਟਰ ’ਤੇ ਮੈਂ ਬੇਨਜ਼ੀਰ ਭੁੱਟੋ ਨੂੰ ਕਲਿਆਣ ਦੇ ਸਿਧਾਂਤ ਬਾਰੇ ਦੱਸਿਆ, “ਇਕ ਕਲਿਆਣਕਾਰੀ ਪ੍ਰਣਾਲੀ ਦੇ ਪ੍ਰਚੱਲਿਤ ਹੋਣ ਤੋਂ ਬਾਅਦ, 20 ਫੀਸਦੀ ਜਨਸੰਖਿਆ ਦਾ ਲਗਾਤਾਰ ਸ਼ੋਸ਼ਣ ਹੁੰਦਾ ਰਹੇਗਾ, ਪਰ 80 ਫੀਸਦੀ ਇਸ ਦਲਦਲ ਤੋਂ ਬਾਹਰ ਨਿਕਲ ਜਾਣਗੇ। ਪ੍ਰਮਾਤਮਾ ਨੇ ਦੋ ਤਰ੍ਹਾਂ ਦੇ ਇਨਸਾਨ ਬਣਾਏ ਹਨ, ਇਕ ਦੁੱਖ ਦੇਣ ਵਾਲਾ ਅਤੇ ਦੂਸਰੇ ਜੋ ਪੀੜ੍ਹਿਤ ਹੁੰਦੇ ਹਨ। ਕਿਉਂ ਜੋ ਸੰਸਾਰ ਵਿਕਾਸ ਵੀ ਕਰ ਰਿਹਾ ਹੈ ਅਤੇ ਨਾਲ ਹੀ ਛੋਟਾ ਵੀ ਹੋ ਗਿਆ ਹੈ, ਉਸ ਵਿਚ ਇਕ ਸੰਤੁਲਨ ਪੈਦਾ ਕਰਨਾ ਚਾਹੀਦਾ ਹੈ; ਸਿਰਫ ਕਲਿਆਣਕਾਰੀ ਪ੍ਰਣਾਲੀ ਹੀ ਇਹ ਪ੍ਰਾਪਤ ਕਰ ਸਕਦੀ ਹੈ, ਨਹੀਂ ਤਾਂ ਹਥਿਆਰ ਅਤੇ ਬਦਅਮਨੀ ਸਾਨੂੰ ਬਾਹਰ ਕੱਢ ਦੇਵੇਗੀ।” ਸਾਡੇ ਕੇਂਦਰ ਦੇ ਵਿਹੜੇ ਵਿਚ ਬੇਨਜ਼ੀਰ ਭੁੱਟੋ ਨੇ ਸਮਾਜਿਕ ਭਲਾਈ ਦੇ ਹੱਕ ਵਿਚ ਬਿਆਨ ਦਿੱਤਾ। ਪਰ ਕੀ ਉਹ ਇਸ ਨੂੰ ਅਪਨਾਏਗੀ ? ਉਹ ਇੱਦਾਂ ਕਰ ਸਕੇਗੀ ? ਭਾਵੇਂ ਕਿ ਇਹ ਘੋਸ਼ਣਾ ਕਰਨਾ ਹੀ ਅੱਗੇ ਵੱਲ ਵਧਣ ਦਾ ਕਦਮ ਸੀ। ਇਸ ਨੂੰ ਰਾਜਨੀਤਕ ਤੌਰ ’ਤੇ ਅਪਨਾਉਣ ਲਈ ਬਹੁਤ ਮਾਮਲਿਆਂ ਵਿਚ ਵੱਡੀਆਂ ਤਬਦੀਲੀਆਂ ਚਾਹੀਦੀਆਂ ਸਨ।

ਕੀ ਕਾਰਣ ਸੀ ਕਿ ਮੈਟਰਿਕ ਪਾਸ ਪੜ੍ਹੇ ਲਿਖੇ 20 ਫੀਸਦੀ ਦੇ ਅਨੁਪਾਤ ਤੋਂ ਨਹੀਂ ਸਨ ਵਧੇ ਅਤੇ ਕੁੱਲ ਮਿਲਾ ਕੇ ਔਰਤਾਂ ਅਨਪੜ੍ਹ ਕਿਉਂ ਰਹਿ ਰਹੀਆਂ ਸਨ ? ਕੀ ਇਹ ਹੀ ਅੱਜ ਦਾ ਇਕ ਮੁੱਖ ਅਤੇ ਗੁੰਝਲਦਾਰ ਸੁਆਲ ਸੀ ? ਪਰ ਬਹੁਤ ਸਾਰੇ ਸੁਆਲਾਂ ਲਈ ਇਕ ਦੂਜੇ ਨਾਲ ਸੰਬੰਧਿਤ ਮਸਲਿਆਂ ਨੂੰ ਖੋਲਣਾ ਪਵੇਗਾ ਤਾਂ ਕਿ ਉਸ ਦਾ ਜੁਆਬ ਦਿੱਤਾ ਜਾ ਸਕੇ। ਮੈਂ ਵਿਸਥਾਰ ਨਾਲ ਦੱਸਿਆ ਕਿ ਔਰਤਾਂ ਦਾ ਮੁੜ ਵਸਾਉਣਾ ਵਿਕਾਸ ਦੀ ਤਰਫ ਜ਼ਰੂਰੀ ਨਿਵੇਸ਼ ਸੀ, ਅਸੀਂ ਆਪਣੇ ਨਰਸਿੰਗ ਪ੍ਰੋਗਰਾਮ ਰਾਹੀਂ ਆਰਥਿਕ ਤੌਰ ’ਤੇ 40 ਹਜ਼ਾਰ ਔਰਤਾਂ ਨੂੰ ਸੁਤੰਤਰਤਾ ਦਿੱਤੀ ਸੀ। ਪ੍ਰਧਾਨ ਮੰਤਰੀ 50 ਹਜ਼ਾਰ ਲੜਕੀਆਂ ਨੂੰ ਸਰਕਾਰ ਦੇ ਖ਼ਰਚ ’ਤੇ ਮੁੜ ਵਸਾਉਣ ਲਈ ਮੰਨ ਗਈ। ਮੈਂ ਦੁਵਾਰਾ ਉਮੀਦ ਕਰਦਾ ਸਾਂ ਕਿ ਇਹ ਫੈਸਲਾ ਲਾਗੂ ਕੀਤਾ ਜਾਵੇਗਾ। ਉਸ ਨੇ ਇਕ 25 ਸੀਟਾਂ ਵਾਲਾ ਹਵਾਈ ਜਹਾਜ਼ ਫਾਉਂਡੇਸ਼ਨ ਨੂੰ ਦੇਣ ਦਾ ਦਾਅਵਾ ਕੀਤਾ। ਮੈਂ ਉਮੀਦ ਕਰਦਾ ਸਾਂ ਕਿ ਇਸ ਨੂੰ ਅਮਲ ਵਿਚ ਲਿਆਂਦਾ ਜਾਵੇਗਾ।

ਮੈਂ ਬਹੁਤ ਦੇਰ ਤਕ ਸਾਦਗੀ ਅਤੇ ਮੁਦਰਾ ਪ੍ਰਸਾਰ ਸੰਬੰਧੀ ਉਸ ਨੂੰ ਦੱਸਦਾ ਰਿਹਾ, “ਕਿਉਂ ਜੋ ਇਸ ਦੇਸ਼ ਵਿਚ ਹਰ ਇਕ ਨੇ ਇਹ ਸਿਧਾਂਤ ਅਪਨਾ ਲਿਆ ਹੈ ਕਿ ਮਿਹਨਤ ਕੋਈ ਹੋਰ ਕਰੇ ਅਤੇ ਉਹ ਖਾਵੇ, ਪੀਵੇ ਅਤੇ ਮੌਜ ਮਨਾਵੇ, ਹਰ ਖੇਤਰ ਵਿਚ ਕੰਮ ਥੰਮ ਗਿਆ ਹੈ। ਇਸ ਵੱਧਦੀ ਹੋਈ ਗਿਰਾਵਟ ਨੂੰ ਬੰਦ ਕਰਨ ਲਈ ਨਵੀਆਂ ਸਕੀਮਾਂ ਚਾਹੀਦੀਆਂ ਹਨ। ਉਹ ਸਕੀਮਾਂ ਜਿਨ੍ਹਾਂ ਵਿਚ ਵਾਧੂ ਫਜ਼ੂਲ ਖ਼ਰਚ ਕਰਨ ਵਾਲਿਆਂ ਅਤੇ ਅੰਨ੍ਹੇਵਾਹ ਖਰਚ ਕਰਨ ਵਾਲਿਆਂ ਦੀ ਨਿੰਦਾ ਕੀਤੀ ਜਾਵੇ, ਜੋ ਦੇਸ਼

ਅਤੇ ਆਪਣੇ ਆਪ ਦੇ ਹਿੱਤ ਵਿਚ ਨਹੀਂ ਹਨ। ਇਨ੍ਹਾਂ ਸਮਿਆਂ ਵਿਚ ਮੁਦਰਾ ਪ੍ਰਸਾਰ ਦੇਸ਼ ਨੂੰ ਮਜ਼ਬੂਰਣ ਵਾਪਸ ਸਾਦਗੀ 'ਤੇ ਲਿਆਉਣ ਲਈ ਜ਼ਰੂਰੀ ਹੈ। ਪਾਣੀ ਅਤੇ ਬਿਜਲੀ ਦੀਆਂ ਦਰਾਂ ਵਿਚ 3 ਫੀਸਦੀ ਦਾ ਵਾਧਾ, ਮਜ਼ਬੂਰ ਕਰੇਗਾ ਕਿ ਉਹ ਇਸ ਦੀ ਵਰਤੋਂ ਅੱਧੀ ਕਰ ਦੇਣ। ਸਾਊਦੀ ਅਰਬੀਆ ਵਿਚ ਰੋਟੀ ਦਾ ਇਕ ਟੁੱਕੜਾ ਇਕ ਰਿਆਲ ਦਾ ਆਉਂਦਾ ਹੈ ਜੋ 9 ਰੁਪਏ ਦੇ ਬਰਾਬਰ ਹੈ, ਇਹ ਹੀ ਵਜਾਹ ਹੈ ਕਿ ਉਹ ਇਕ ਭੋਰਾ ਵੀ ਥੱਲੇ ਨਹੀਂ ਸੁੱਟਦੇ। ਥੁੜ ਦੇ ਸਮੇਂ ਸਾਦਗੀ ਦੀ ਭਾਵਨਾ ਜ਼ਰੂਰ ਜਾਗ੍ਰਤ ਹੁੰਦੀ ਹੈ। ਜਦੋਂ ਖ਼ਰਚ ਲੋਕਾਂ ਦੀ ਆਮਦਨ ਤੋਂ ਵੱਧ ਜਾਵੇਗਾ, ਲੋਕ ਘੱਟ ਖ਼ਰਚਣਗੇ।" ਮੈਂ ਉਸ ਨੂੰ ਦੋਬਾਰਾ ਯਕੀਨ ਦਿਵਾਇਆ, "ਉਪਰਲੀ ਜਮਾਤ ਦੀ ਆਮਦਨ ਦੇ ਸਾਧਨ ਇਸ ਅਨੁਪਾਤ ਨਾਲ ਹਨ ਕਿ ਉਹਨਾਂ 'ਤੇ ਕੋਈ ਅਸਰ ਨਹੀਂ ਹੋਵੇਗਾ। ਨਾ ਹੀ ਇਹ ਗੱਲ ਹੋਵੇਗੀ ਕਿ ਇਸ ਸਮੱਸਿਆ ਨਾਲ ਹਰ ਖੇਤਰ ਵਿਚ ਕੁਝ ਲੋਕ ਹਨ, ਜੋ ਇਸ ਦੇ ਪ੍ਰਭਾਵਾਂ ਅਤੇ ਇਸ ਦੇ ਸਿੱਟਿਆਂ ਤੋਂ ਬਚ ਜਾਂਦੇ ਹਨ, ਉਹਨਾਂ ਲਈ ਸਥਿਤੀ ਉਹੋ ਹੀ ਰਹੇਗੀ।"

ਸ਼੍ਰੀਮਤੀ ਬੇਨਜ਼ੀਰ ਭੁੱਟੋ ਦੀ ਸੰਸਥਾ ਦੇ ਵਿਸਥਾਰ ਬਾਰੇ ਹੋਈ ਹੈਰਾਨੀ ਨੇ ਮੈਨੂੰ ਵੀ ਹੈਰਾਨੀ ਵਿਚ ਪਾ ਦਿੱਤਾ। ਸਾਡੇ ਕੇਂਦਰ ਹੁਣ ਕਈ ਸਾਲਾਂ ਤੋਂ ਸਾਰੇ ਦੇਸ਼ ਵਿਚ 25 ਕਿਲੋਮੀਟਰ ਦੀ ਦੂਰੀ 'ਤੇ ਚਲ ਰਹੇ ਸਨ ਅਤੇ ਐਂਬੂਲੈਂਸ ਸੇਵਾ ਹਰ ਦੁਰਘਟਨਾ ਵਾਲੀ ਜਗਾਹ ਪਹੁੰਚਾਉਣੀ ਸੰਭਵ ਬਣਾਈ ਜਾਂਦੀ ਸੀ।

ਕਿਉਂ ਜੋ ਉਹ ਕਸ਼ਟ ਵਿਚ ਪਏ ਹੋਏ ਸਿੰਧ ਪ੍ਰਾਂਤ ਦੀਆਂ ਲੋਕਲ ਸੰਸਥਾਵਾਂ ਦੀਆਂ ਚੋਣਾਂ ਤੋਂ ਪਹਿਲਾਂ ਇਸ ਦਾ ਕੋਈ ਆਰਜੀ ਹੱਲ ਚਾਹੁੰਦੀ ਸੀ, ਸ਼੍ਰੀਮਤੀ ਭੁੱਟੋ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਕਰਾਚੀ ਦੀ ਮਿਊਂਸੀਪਲ ਕਾਰਪੋਰੇਸ਼ਨ ਦਾ ਚਾਰਜ ਲੈ ਲਵਾਂ, ਮੈਂ ਸਤਿਕਾਰ ਨਾਲ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਵਿਆਖਿਆ ਕੀਤੀ ਕਿ ਮੇਰੇ ਕੋਲ ਕਰਨ ਲਈ ਬਹੁਤ ਕੰਮ ਸੀ। ਉਸ ਨੇ ਕਿਸੇ ਬਦਲਵੇ ਸੁਝਾਅ ਲਈ ਆਖਿਆ, ਮੈਂ ਆਪਣੇ ਪਾਇਲਟ ਫਾਹੀਮਅਜ਼ਮਨ, ਜੋ ਪੀਪਲਜ਼ ਪਾਰਟੀ ਦਾ ਮਦਦਗਾਰ ਸੀ ਅਤੇ ਫਰੂਕ ਮੈਮਨ ਜੋ ਇਕ ਵਲੰਟੀਅਰ ਸੀ, ਉਹਨਾਂ ਵੱਲ ਇਸ਼ਾਰਾ ਕੀਤਾ। ਪ੍ਰਧਾਨ ਮੰਤਰੀ ਨੇ ਫਾਹਿਮ ਨੂੰ ਹੋਰ ਹਦਾਹਿਤਾਂ ਲੈਣ ਲਈ ਉਸ ਕੋਲ ਆਉਣ ਲਈ ਕਿਹਾ।

ਵਾਪਸ ਆਉਣ ਤੋਂ ਪਹਿਲਾਂ ਸ਼੍ਰੀਮਤੀ ਭੁੱਟੋ ਨੇ ਬਿਲਕਿਅਸ ਨੂੰ ਸੈਨਟ ਦੀ ਟਿਕਟ ਦੀ ਪੇਸ਼ਕਸ਼ ਕੀਤੀ, ਜਿਸ 'ਤੇ ਬਾਅਦ ਵਿਚ ਬਿਲਕਿਅਸ ਨੇ ਮੈਨੂੰ ਸ਼੍ਰੀਮਤੀ ਭੁੱਟੋ ਦੀ ਗੱਲ ਦੀ ਟਿੱਪਣੀ ਕੀਤੀ, "ਮੈਨੂੰ ਹੈਰਾਨੀ ਹੋਈ ਕਿ ਉਸ ਨੇ ਸੋਚ ਲਿਆ ਕਿ ਤੁਹਾਡੀ ਪਤਨੀ ਸੈਨਟਰ ਬਣ ਜਾਵੇਗੀ।" ਮੇਰੇ ਸਾਥੀ, ਉਸ ਦੀ ਕਰਾਚੀ ਦੇ ਪ੍ਰਬੰਧ ਦੀ ਪੇਸ਼ਕਸ਼ ਤੋਂ ਉਚਾਟ ਸਨ, "ਇਕ ਉਸ ਆਦਮੀ, ਜੋ ਸਾਰੀ ਦੁਨੀਆਂ ਨੂੰ ਬਦਲਣ ਲਈ ਕੰਮ ਕਰ ਰਿਹਾ ਹੈ, ਲਈ ਇਸ ਤਰ੍ਹਾਂ ਦੀ ਪੇਸ਼ਕਸ਼ ਕਿੰਨੀ ਯੋਗ ਹੈ ?" ਪਰ ਮੇਰੇ

ਸਾਥੀਆਂ ਨੇ ਮੇਰੇ ਨਾਲ ਸੰਬੰਧਿਤ ਕਈ ਮਾਮਲਿਆਂ 'ਤੇ ਆਪਣੀ ਪ੍ਰਤਿਕ੍ਰਿਆ ਦੱਸੀ। ਜਦੋਂ ਇਕ ਵਿਦੇਸ਼ੀ ਅਖ਼ਬਾਰ ਦੇ ਨੁਮਾਇੰਦੇ ਨੇ ਮੈਨੂੰ ਫਾਦਰ ਟਰੇਸਾ ਕਿਹਾ, ਉਹਨਾਂ ਨੇ ਉਸ ਨੂੰ ਠੀਕ ਕੀਤਾ, "ਇਹ ਕੋਈ ਢੁੱਕਵੀਂ ਤੁਲਨਾ ਨਹੀਂ। ਈਦੀ ਦੀ ਆਪਣੀ ਪਹਿਚਾਣ ਹੈ।" ਮੇਰੇ ਦੋਸਤਾਂ ਨੇ ਸ਼ਿਕਾਇਤ ਕੀਤੀ ਕਿ ਭਾਵੇਂ ਮਦਰ ਟਰੇਸਾ ਤਿੰਨ ਵਾਰ ਪਾਕਿਸਤਾਨ ਆ ਚੁੱਕੀ ਸੀ ਪਰ ਕਿਸੇ ਨੇ ਉਸ ਨੂੰ ਇਨ੍ਹਾਂ ਨਾਲ ਨਹੀਂ ਮਿਲਾਇਆ। ਮੈਂ ਉਹਨਾਂ ਨੂੰ ਸ਼ਾਂਤ ਕੀਤਾ, "ਕਿਉਂ ਜੋ ਸਾਡਾ ਕੰਮ ਸਰਕਾਰ ਤੋਂ ਵੱਖਰਾ ਹੈ ਅਤੇ ਅਸੀਂ ਹਾਕਮਾਂ ਦੇ ਦਬਾਅ ਦੇ ਅਧੀਨ ਨਹੀਂ ਹਾਂ, ਇਹ ਸੁਭਾਵਿਕ ਹੀ ਹੈ ਕਿ ਉਹ ਇਸ ਨੂੰ ਲੁਕਾਉਣਗੇ।" ਮੈਨੂੰ ਬਹੁਤ ਸਾਰੇ ਲੋਕਾਂ ਨੇ ਦੱਸਿਆ, "ਈਦੀ ਸਾਹਿਬ, ਪੱਛਮ ਤੁਹਾਡੇ ਕੰਮ ਨੂੰ ਤਾਂ ਹੀ ਨਹੀਂ ਪਹਿਚਾਣਦਾ ਕਿਉਂ ਜੋ ਉਹ ਇਕ ਮੁਸਲਿਮ ਨੂੰ ਨੋਬੇਲ ਪਰਾਈਜ਼ ਨਹੀਂ ਦੇਣਾ ਚਾਹੁੰਦੇ।" ਅਤੇ ਮੈਂ ਹਮੇਸ਼ਾ ਕਹਿੰਦਾ, "ਅਸੀਂ ਉਹਨਾਂ ਨੂੰ, ਹਰ ਚੀਜ਼ ਜੋ ਸਾਡੇ ਨਾਲ ਸੰਬੰਧਿਤ ਹੈ, ਉਸ ਨਾਲ ਡਰਾ ਦਿੱਤਾ ਹੈ।" ਕਈ ਵਾਰ ਮੈਂ ਮਖੌਲ ਕਰਦਾ, "ਜੇ ਉਹ ਸਾਡੇ ਕੰਮਾਂ ਲਈ ਇਨਾਮ ਦੇਣ ਲੱਗਣ ਤਾਂ ਸੰਸਾਰ ਹੀ ਖ਼ਤਮ ਹੋ ਜਾਵੇਗਾ।"

ਕਰਾਚੀ ਦਾ ਭ੍ਰਸ਼ਟ ਪ੍ਰਬੰਧ ਬਹੁਤ ਥੱਲੇ ਤਕ ਵਿਗੜ ਚੁੱਕਾ ਸੀ ਅਤੇ ਤਕਰੀਬਨ ਉਹ ਸਾਰੇ ਹੀ, ਜੋ ਇਸ ਵਿਚ ਕੰਮ ਕਰਦੇ ਸਨ, ਲੁਟੇਰੇ ਸਨ। ਜੇ ਇਸ ਸਾਰੇ ਨੂੰ ਠੀਕ ਕੀਤਾ ਜਾਂਦਾ ਤਾਂ ਸਿੱਟੇ ਹੁਣ ਦੀਆਂ ਹਾਲਤਾਂ ਤੋਂ ਬਹੁਤ ਚੰਗੇ ਅਤੇ ਵੱਖਰੇ ਨਿਕਲ ਸਕਦੇ ਸਨ, ਪਰ ਇਹ ਇਕ ਬਹੁਤ ਵੱਡਾ ਕੰਮ ਸੀ। ਸਮਾਜ ਦੀਆਂ ਸਾਰੀਆਂ ਬੁਰਾਈਆਂ ਜਿਵੇਂ ਨਸਲਵਾਦ, ਕਬੀਲਾਵਾਦ, ਗਰੁੱਪਬੰਦੀ, ਜਮਾਤੀ ਅਤੇ ਪਾਰਟੀ ਦੀ ਸਿਆਸਤ, ਸਭ ਇਥੇ ਚਲ ਰਹੀਆਂ ਸਨ। ਮੈਂ ਪ੍ਰੈਸ ਕਾਨਫਰੰਸ ਵਿਚ ਇਹ ਘੋਸ਼ਣਾ ਕੀਤੀ, "ਫਾਹਿਮ ਇਕ ਗਟਰ ਵਿਚ ਵੜ ਗਿਆ ਹੈ। ਜੇ ਉਸ ਨੂੰ ਉਹ ਗਟਰ ਸਾਫ ਕਰਨ ਦੀ ਇਜ਼ਾਜਤ ਦਿੱਤੀ ਤਾਂ ਹੀ ਉਹ ਜਿੰਦਾ ਰਹੇਗਾ।" ਨਹੀਂ ਤਾਂ ਉਸ ਨੂੰ ਤਿੰਨ ਮਹੀਨਿਆਂ ਵਿਚ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਦੇਸ਼ ਦੇ ਸਾਹਮਣੇ 'ਵਾਈਟ ਪੇਪਰ' ਰੱਖ ਦੇਣਾ ਚਾਹੀਦਾ ਹੈ।"

ਇਹ ਨਿਯੁਕਤੀ ਮੇਰੇ ਖਿਲਾਫ ਇਲਜ਼ਾਮ ਬਣ ਗਿਆ। ਇਸ ਦਖ਼ਲ ਅੰਦਾਜੀ ਨੇ ਕਈਆਂ ਨੂੰ ਉਹਨਾਂ ਵੱਲੋਂ ਪਲਾਟ ਲੈਣ, ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਅਤੇ ਆਪਣੀ ਤਾਕਤ ਦਾ ਖੁਸਣਾ ਮਹਿਸੂਸ ਹੋਇਆ। ਮੈਂ ਮੀਡੀਏ ਅੱਗੇ ਇਹ ਘੋਸ਼ਣਾ ਕੀਤੀ, "ਅਸੀਂ ਰੋਜ਼ਾਨਾ ਹੀ ਕਰਾਚੀ ਦੇ ਕੇਂਦਰਾਂ ਲਈ ਬਹੁਤ ਜ਼ਿਆਦਾ ਕੀਮਤਾਂ ਦੇ ਕੇ ਪਾਣੀ ਖਰੀਦਦੇ ਹਾਂ ਪਰ ਰਸਤੇ ਵਿਚ ਹੀ ਦਲਾਲ ਇਸ ਨੂੰ ਰੋਕ ਲੈਂਦੇ ਹਨ ਅਤੇ ਇਸ ਸੰਬੰਧੀ ਫੀਸ ਮੰਗਦੇ ਹਨ। ਇਹ ਉਹ ਮੁੱਦੇ ਹਨ, ਜਿਨ੍ਹਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਠੀਕ ਕਰਨਾ ਚਾਹੀਦਾ ਹੈ, ਬਜਾਇ ਇਸ ਗੱਲ ਦੇ ਕਿ 'ਫਾਹਿਮ' ਕੌਣ ਹੈ ਅਤੇ ਉਹ ਉਥੇ ਕਿਉਂ ਹੈ।"

ਮਹਿਕਮੇ ਦੇ ਪ੍ਰਮੁੱਖ ਅਫਸਰ ਮੇਰੇ ਕੋਲ ਦਬੇ ਹੋਏ ਬਹਾਨਾ ਜਿਹਾ ਬਣਾ ਕੇ ਅਤੇ ਰਸਮੀ ਸਤਿਕਾਰ ਨਾਲ ਆਏ। ਪਰ ਕਿਸੇ ਵੀ ਤਰ੍ਹਾਂ ਇਹ ਉਹਨਾਂ ਦੇ ਦੋਗਲੇਪਨ ਨੂੰ ਲੁਕਾ ਨਾ ਸਕੀ। ਜਦੋਂ ਮੈਂ ਉਹਨਾਂ ਦੀਆਂ ਬੇਵਜਾਹ ਚਲਾਕੀ ਭਰੀ ਮਿਲਵਰਤਣ ਦੀਆਂ ਮੰਗਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਫਿਰ ਆਪਣੇ ਘਰੋਨਿਆਂ ਵਿਚ ਚਲੇ ਗਏ ਅਤੇ ਸ਼ੇਰਾਂ ਦੇ ਰੂਪ ਵਿਚ ਬਦਲ ਗਏ। ਚਿਤਾਵਨੀ ਦਾ ਇਕ ਸੁਨੇਹਾ ਆਇਆ, "ਈਦੀ ਨੂੰ ਦੱਸ ਦਿਉ ਕਿ ਅਸੀਂ ਉਸ ਦੇ ਕੰਮ ਦੀ ਇੱਜ਼ਤ ਕਰਦੇ ਹਾਂ ਪਰ ਉਹ ਸਾਡੇ ਕੰਮ ਵਿਚ ਦਖ਼ਲ ਦੇ ਰਿਹਾ ਹੈ, ਅਸੀਂ ਬਦਲਾ ਲਵਾਂਗੇ।" ਮੈਂ ਉਹਨਾਂ ਦੀਆਂ ਧਮਕੀਆਂ ਨੂੰ, ਨਫਰਤ ਦੀ ਭਾਵਨਾ ਨੂੰ ਅਤੇ ਉਹਨਾਂ ਦੇ ਸੰਦੇਸ਼ ਪਹੁੰਚਾਉਣ ਵਾਲੇ ਨੂੰ ਪਰੇ ਕਰ ਦਿੱਤਾ, "ਉਹਨਾਂ ਨੂੰ ਕਹੋ ਜੋ ਕਰਨਾ ਹੈ ਕਰੋ, ਉਹ ਮੇਰੇ ਕੋਲ ਸ਼ਿਕਾਇਤਾਂ ਲੈ ਕੇ ਕਿਉਂ ਆਏ ਹਨ ? ਕਰਾਚੀ ਦੇ ਪ੍ਰਬੰਧ ਦੀ ਸਮੱਸਿਆ ਸਾਡੀ ਨਹੀਂ ਹੈ। ਉਹਨਾਂ ਨੂੰ ਕਹਿ ਦਿਉ ਕਿ ਇਸ ਨਾਲੋਂ ਠੀਕ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਮਿਲ ਲੈਣ। ਫਾਹਿਮ ਨਾਲ ਮੇਰਾ ਕੰਮ ਖ਼ਤਮ ਹੈ। ਫਾਹਿਮ ਪ੍ਰਧਾਨ ਮੰਤਰੀ ਦੀ ਸਮੱਸਿਆ ਹੈ।"

ਵਿਰੋਧੀ ਪਾਰਟੀਆਂ ਨਾਲ ਸੰਬੰਧਿਤ ਜਰਨਾਲਿਸਟ ਮੇਰੇ ਗੈਰ ਪੱਖੀ ਹੋਣ 'ਤੇ ਸ਼ੱਕ ਕਰਨ ਲੱਗ ਪਏ ਅਤੇ ਇਸ ਤਰ੍ਹਾਂ ਲਿਖਣ ਲੱਗ ਪਏ, "ਬੇਨਜ਼ੀਰ ਭੁੱਟੋ ਨੇ ਈਦੀ ਦੇ ਆਦਮੀ ਨੂੰ ਉਥੇ ਨਿਯੁਕਤ ਕਰ ਦਿੱਤਾ ਹੈ। ਉਸ ਦੀ ਕੋਈ ਚੋਣ ਨਹੀਂ ਹੋਈ। ਉਹ ਕਿਹੜਾ ਆਦਮੀ ਹੈ ?" ਮੈਂ ਇਸ ਦਾ ਜੁਆਬ ਦਿੱਤਾ, "ਇਹ ਪ੍ਰਧਾਨ ਮੰਤਰੀ ਨੂੰ ਪੁੱਛੋ। ਮੈਂ ਆਪਣਾ ਪੁੱਤਰ ਤਾਂ ਨਹੀਂ ਨਿਯੁਕਤ ਕਰਵਾਇਆ।" ਇਕ ਚਾਪਲੂਸ ਆਪਣਾ ਆਪ ਬਦਲ ਕੇ ਆਇਆ, ਮੈਂ ਇਸ ਇਲਜ਼ਾਮ ਨੂੰ ਲਾਹਨਤ ਪਾਈ, "ਪ੍ਰਧਾਨ ਮੰਤਰੀ ਜੀ ਚੋਣਾ ਕਰਾਉ, ਮਿਹਰਬਾਨੀ ਕਰਕੇ ਇਸ ਤਰ੍ਹਾਂ ਨਾ ਕਰੋ, ਪ੍ਰਧਾਨ ਮੰਤਰੀ ਜੀ, ਮਿਹਰਬਾਨੀ ਕਰਕੇ ਸੰਵਿਧਾਨ ਅਨੁਸਾਰ ਚਲੋ ਪ੍ਰਧਾਨ ਮੰਤਰੀ ਜੀ। ਜੇ ਮੇਰੇ ਸ਼ਬਦਾਂ ਵਿਚ ਇੰਨਾਂ ਪ੍ਰਭਾਵ ਸੀ ਤਾਂ ਮੈਂ ਤਾਂ ਸੰਨ 1962 ਤੋਂ ਸਰਕਾਰਾਂ ਨੂੰ ਕਲਿਆਣਕਾਰੀ ਸਕੀਮ ਅਪਨਾਉਣ ਲਈ ਕਹਿ ਰਿਹਾ ਹਾਂ, ਕੀ ਉਹ ਇਸ ਨਾਲ ਸਹਿਮਤ ਹੋਏ ? ਇਹ ਉਸ ਦਾ ਕੰਮ ਹੈ ਕਿ ਸੰਵਿਧਾਨ ਦੇ ਨਿਯਮਾਂ ਦਾ ਅਨੁਸਰਣ ਕਰੇ, ਨਾ ਕਿ ਮੇਰੇ ਕੰਮ ਨਾਲ। ਮੈਨੂੰ ਜੇ ਮੌਕਾ ਮਿਲੇਗਾ ਕਿ ਮੈਂ ਇਕ ਗੰਦੀ ਦਲਦਲ ਲਈ ਕਿਸੇ ਨੂੰ ਭੇਜ ਸਕਾ ਤਾਂ ਭੇਜਾਂਗਾ।"

ਜਦੋਂ ਮੇਰੇ ਕੋਲ ਨਵੇਂ ਪ੍ਰਬੰਧਕਾਂ ਬਾਰੇ ਅਤੇ ਕਲਪਿਤ ਭਵਿੱਖ ਦੀ ਬੇਈਮਾਨੀ ਬਾਰੇ ਵਿਚਾਰ ਕਰਨ ਆਏ ਤਾਂ ਮੈਨੂੰ ਉਹਨਾਂ ਦੀ ਬਹੁਤ ਥੱਲੇ ਦੀ ਪੱਧਰ ਦੀ ਸਮਝ 'ਤੇ ਬਹੁਤ ਹੈਰਾਨੀ ਹੋਈ। ਉਨ੍ਹਾਂ ਦੀ ਸੋਚ ਹਮੇਸ਼ਾ ਨਿੰਦਾ ਪੂਰਨ ਹੁੰਦੀ ਅਤੇ ਸਾਧਾਰਣ ਗੁਣਾਂ ਵਾਲੇ ਮਨੁੱਖ ਦੀ ਤਰ੍ਹਾਂ ਬੇਤਰਤੀਬੀ ਖਿਲਾਰ ਕੇ ਮਹੌਲ ਨੂੰ ਹੋਰ ਗੁੰਝਲਦਾਰ ਬਣਾ ਦਿੰਦੇ ਸਨ। ਮੈਂ ਹੌਂਸਲੇ ਨਾਲ ਵਿਆਖਿਆ ਕੀਤੀ : "ਜਦੋਂ ਇਕ ਡਾਕਟਰ ਯੂਨੀਵਰਸਿਟੀ ਛੱਡ ਜਾਂਦਾ ਹੈ ਤਾਂ ਯੂਨੀਵਰਸਿਟੀ ਦੀ ਜ਼ਿੰਮੇਵਾਰੀ ਖ਼ਤਮ ਹੋ ਜਾਂਦੀ

ਹੈ। ਇਕ ਵਿਅਕਤੀ ਦੀ ਪੇਸ਼ਾਵਰ ਬੇਈਮਾਨੀ ਲਈ ਉਸ ਸੰਸਥਾ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਹੁਣ ਉਹ ਚਲਾ ਗਿਆ ਹੈ ਅਤੇ ਇਸ ਨਾਲ ਮੇਰਾ ਸੰਬੰਧ ਨਹੀਂ।" ਭਾਵੇਂ ਕਿ ਮੇਰਾ ਇਹ ਸੁਝਾਅ ਦੇਣਾ ਵੀ ਇਕ ਗ਼ਲਤੀ ਸੀ। ਸਾਡੀ ਸੇਵਾ ਇਕ ਗੈਰ ਰਾਜਨੀਤਕ ਸੇਵਾ ਸੀ।

ਪੀਪਲਜ਼ ਪਾਰਟੀ ਦੀ ਸਰਕਾਰ ਨਾਲ ਮੇਰਾ ਸੰਬੰਧ ਹੋਣਾ ਵੀ ਇਕ ਕਲਪਨਾ 'ਤੇ ਆਧਾਰਿਤ ਸੀ ਜੋ ਇਕ ਵਾਰ ਬੇਨਜ਼ੀਰ ਭੁੱਟੋ ਨੂੰ ਚੋਣਾਂ ਦੇ ਪ੍ਰਚਾਰ ਦੌਰਾਨ ਹੈਲੀਕਾਪਟਰ ਕਿਰਾਏ 'ਤੇ ਦੇਣ ਨਾਲ ਪੈਦਾ ਹੋਇਆ ਸੀ। ਮੈਂ ਉਦੋਂ ਪਾਕਿਸਤਾਨ ਤੋਂ ਬਾਹਰ ਸਾਂ ਜਦੋਂ ਪਾਈਲਟ ਨੇ ਇਸ ਦੀ ਇਜਾਜ਼ਤ ਦੇ ਦਿੱਤੀ। ਹਾਂ, ਮੈਨੂੰ ਇਸ ਦਾ ਬਹੁਤ ਗੁੱਸਾ ਆਇਆ। ਇਸ ਦੀ ਉਪਯੋਗਤਾ ਤੋਂ ਨਹੀਂ ਪਰ ਇਸ ਤੋਂ ਕਿ ਕਿਸੇ ਨੇ ਮੇਰੀ ਇਜਾਜ਼ਤ ਤੋਂ ਬਗੈਰ ਇਹ ਕੰਮ ਕਿਉਂ ਕੀਤਾ ਸੀ। ਪਰ ਮੈਂ ਇਸ ਵੱਲੋਂ ਬੇਧਿਆਨ ਹੋ ਗਿਆ ਜਦੋਂ ਮੈਨੂੰ ਪਤਾ ਲੱਗਾ ਕਿ ਬੇਨਜੀਰ ਭੁੱਟੋ ਬਿਮਾਰ ਸੀ ਅਤੇ ਉਹ ਸੜਕ ਰਾਹੀਂ ਸਫਰ ਨਹੀਂ ਸੀ ਕਰ ਸਕਦੀ। ਮੈਂ ਉਸ ਦੇ ਬਾਪ ਦਾ ਜੋ ਕਰਜ਼ਾ ਦੇਣਾ ਸੀ, ਉਹ ਵੀ ਮੇਰੇ ਦਿਮਾਗ ਵਿਚ ਸੀ ਅਤੇ ਜਿਸ ਤਰ੍ਹਾਂ ਮੈਂ ਮੁੱਖ ਮੰਤਰੀ ਦੇ ਜਹਾਜ਼ ਦਾ ਕਿਰਾਇਆ ਦੇ ਦਿੱਤਾ ਸੀ, ਉਸ ਤਰ੍ਹਾਂ ਹੀ ਮੈਂ ਉਸ ਤੋਂ ਵੀ ਕਿਰਾਇਆ ਲੈ ਲਿਆ ਸੀ।

ਬਲੋਚਿਸਤਾਨ ਵਿਚ ਇਕ ਸਸਕਾਰ ਵਿਚ ਸ਼ਾਮਲ ਹੋਣ ਲਈ, ਸਿੰਧ ਦੇ ਪੇਂਡੂ ਇਲਾਕੇ ਵਿਚ ਕਿਸੇ ਬਹੁਤ ਜ਼ਰੂਰੀ ਮੌਕੇ 'ਤੇ ਪਹੁੰਚਣ ਲਈ ਜਦੋਂ ਹੈਲੀਕਾਪਟਰ ਵਿਹਲਾ ਹੁੰਦਾ ਸੀ ਤਾਂ ਇਹ ਹੋਰ ਸਿਆਸਤਦਾਨਾਂ ਨੂੰ ਹੋਰ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਕਾਰਨਾਂ ਕਰਕੇ ਕਿਰਾਏ 'ਤੇ ਦੇ ਦਿੱਤਾ ਜਾਂਦਾ। ਕਿਸੇ ਮਦਦ ਤੋਂ ਬਗੈਰ, ਸਾਡੀ ਥੋੜੀ ਆਮਦਨ ਕਰਕੇ ਇਸ ਸੇਵਾ ਨੂੰ ਚਾਲੂ ਰੱਖਣਾ ਬੜਾ ਮੁਸ਼ਕਲ ਕੰਮ ਸੀ। ਮੈਂ ਆਪਣੀ ਜੁਆਬ ਦੇਹੀ ਨਾਲ ਇਸ ਵਿਚ ਕੋਈ ਰੁਕਾਵਟ ਨਹੀਂ ਸਾਂ ਪਾਉਣਾ ਚਾਹੁੰਦਾ ਤਾਂ ਜੋ ਕੁਝ ਵੀ ਸਾਬਿਤ ਨਾ ਕਰਦੀਆਂ ਅਤੇ ਕਿਤੇ ਵੀ ਨਾ ਪਹੁੰਚਦੀਆਂ।

ਭਾਰਤ ਦੇ ਪ੍ਰਧਾਨ ਮੰਤਰੀ ਨਰਸਿਮਾ ਰਾਓ ਨੇ ਇਹ ਘੋਸ਼ਣਾ ਕੀਤੀ ਕਿ ਸਮਾਜਿਕ ਭਲਾਈ ਇਕ ਹੀ ਪ੍ਰਣਾਲੀ ਸੀ ਜੋ ਭਾਰਤ ਦੀਆਂ ਸਮੱਸਿਆਵਾਂ ਨੂੰ ਦੂਰ ਕਰ ਸਕਦੀ ਸੀ। ਖੁਸ਼ ਹੋ ਕੇ ਮੈਂ ਉਹ ਅਖ਼ਬਾਰ ਬਿਲਕਿਅਸ ਕੋਲ ਲੈ ਗਿਆ, "ਸ਼ਾਇਦ ਆਮ ਆਦਮੀ ਨੂੰ ਉੱਪਰ ਚੁੱਕਣ ਦਾ ਸਾਡਾ ਪ੍ਰੋਗਰਾਮ ਸਾਡੀ ਜਿੰਦਗੀ ਵਿਚ ਸ਼ੁਰੂ ਹੋ ਜਾਵੇਗਾ।" ਇਕ ਡਿਪਲੋਮੈਟ, ਜੋ ਕਿਸੇ ਮੁੱਦੇ 'ਤੇ ਮੇਰੇ ਨਾਲ ਗੱਲ ਕਰਨ ਆਇਆ ਸੀ, ਮੈਂ ਉਸ ਨੂੰ ਕਿਹਾ, "ਜਦੋਂ ਸਿਆਸਤ, ਧਰਮ ਅਤੇ ਮਨੁੱਖੀ ਅਧਿਕਾਰ ਫੇਲ੍ਹ ਹੋ ਜਾਣ, ਉਦੋਂ ਸਿਰਫ ਸਾਂਝਾ ਕਲਿਆਣ ਹੀ ਬਚਾਅ ਕਰ ਸਕਦਾ ਹੈ। ਇਕ ਗਟਰ ਨੂੰ ਸਾਫ ਕਰਕੇ ਦੇਸ਼ ਭਰ ਦੇ ਰੁਕੇ ਹੋਏ ਗਟਰ ਸਾਫ ਨਹੀਂ ਹੋ ਸਕਦੇ। ਇਕ ਪੂਰੀ ਦੀ ਪੂਰੀ ਸਫਾਹੀ ਚਾਹੀਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਛੇਤੀ ਹੀ ਦੇਸ਼ ਦੇ ਮੁਖੀ

ਅਤੇ ਸਿਆਸਤਦਾਨ ਇਸ ਸੱਚਾਈ ਨੂੰ ਸਮਝ ਜਾਣਗੇ।" ਅਖੀਰ ਵਿਚ ਉਹ ਵੇਖਣਗੇ ਕਿ ਇਸ ਵਿਚ ਬਹੁਤ ਪ੍ਰਭਾਵਸ਼ਾਲੀ ਸਿਆਸੀ ਨਾਅਰਾ ਹੈ।

ਇਨ੍ਹਾਂ ਪਿੱਛਲੇ ਸਾਲਾਂ ਵਿਚ ਮੈਨੂੰ ਕਈ ਲੋਕਾਂ ਨੇ ਕਿਹਾ, "ਈਦੀ ਸਾਹਿਬ, ਤੁਸੀਂ ਸਿਆਸਤ ਵਿਚ ਆ ਜਾਉ, ਤੁਹਾਡੀ ਪ੍ਰਣਾਲੀ ਨੂੰ ਲਾਗੂ ਕਰਨ ਦਾ ਕੋਈ ਹੋਰ ਤਰੀਕਾ ਨਹੀਂ।" ਮੈਂ ਇਹ ਗੱਲ 'ਤੇ ਸਹਿਮਤ ਨਾ ਹੋਇਆ। ਮੇਰੀ ਰਾਇ ਵਿਸ਼ਾਲ ਰੂਪ ਵਿਚ ਸਮਾਜਿਕ ਆਰਥਿਕ ਅਧਿਐਨ 'ਤੇ ਅਧਾਰਿਤ ਸੀ, "ਤੀਸਰੀ ਦੁਨੀਆਂ ਦੇ ਲੋਕਾਂ ਨੇ ਸਬਰ ਨੂੰ ਆਪਣਾ ਮਨਪਸੰਦ ਨਾਅਰਾ ਬਣਾਇਆ ਹੋਇਆ ਹੈ। ਪਾਕਿਸਤਾਨ ਵਿਚ ਉਹ 43 ਸਾਲਾਂ ਤੋਂ ਕਿਸੇ ਪ੍ਰਣਾਲੀ ਤੋਂ ਬਗੈਰ ਰਹਿ ਰਹੇ ਹਨ। ਇਕ ਕੇਂਦਰੀ ਅਤੇ 4 ਪ੍ਰਾਂਤਾਂ ਦੀਆਂ ਪਾਰਲੀਮੈਂਟਰੀ ਫੈਕਟਰੀਆਂ ਨੇ ਕਈ ਉਦਯੋਗਪਤੀ, ਵੱਡੇ ਜਗੀਰਦਾਰ, ਬਲੈਕ ਕਰਨ ਵਾਲੇ ਅਤੇ ਸਮਗਲਰ ਪੈਦਾ ਕੀਤੇ ਹਨ। ਪਿਤਾ ਪੁਰਖੀ ਸ਼ੇਅਰ ਹੋਲਡਰ ਇਸ ਦੇ ਵਾਰਸ ਬਣ ਜਾਂਦੇ ਹਨ, ਜਿਨ੍ਹਾਂ ਦੀ ਯੋਗਤਾ, ਤਜ਼ਰਬਾ ਅਤੇ ਯੋਗਦਾਨ ਬਾਰੇ ਕੋਈ ਸੁਆਲ ਨਹੀਂ ਉਠਾਇਆ ਜਾਂਦਾ। ਇਹ ਉਪਰਲੀ ਜਮਾਤ ਆਪਸ ਵਿਚ ਜਗਾਹ ਬਦਲਦੀ ਰਹਿੰਦੀ ਹੈ। ਇਕ ਗਰੁੱਪ ਜ਼ਿਆਦਾ ਬੋਲੀ ਦੇ ਕੇ ਦੂਸਰੇ ਦੇ ਜ਼ਿਆਦਾ ਮੈਂਬਰ ਖ਼ਰੀਦ ਲੈਂਦਾ ਹੈ, ਜਦੋਂ ਉਸ ਦੀ ਗਿਣਤੀ ਵੱਧ ਜਾਂਦੀ ਹੈ, ਉਹ ਪੁਰਾਣਾ ਬੋਰਡ ਭੰਗ ਕਰ ਦਿੱਤਾ ਜਾਂਦਾ ਹੈ ਤਾਂ ਉਹ ਦੂਜੇ ਦੀ ਜਗਾਹ ਲੈ ਲੈਂਦਾ ਹੈ ਅਤੇ ਇਸ ਤਰ੍ਹਾਂ ਉਹ ਇਕ ਚੱਕਰ ਵਿਚ ਚਲਦੇ ਰਹਿੰਦੇ ਹਨ। ਮੈਂ ਉਥੇ ਵੀ ਕੀ ਯੋਗਦਾਨ ਪਾ ਸਕਦਾ ਸਾਂ, ਸਿਵਾਏ ਇਸ ਦੇ ਕਿ ਆਪਣੀ ਮੁਰਖਤਾ ਨੂੰ ਹੀ ਵਧਾ ਲਵਾਂਗਾ ?"

ਪਰ ਉਹਨਾਂ ਲਈ ਜੋ ਇੰਨੇ ਕਮਜ਼ੋਰ ਸਨ ਕਿ ਪਾਕਿਸਤਾਨ ਦੀ ਰਾਜਨੀਤਕ ਕਬਜ਼ੇ ਦੇ ਖਿਲਾਫ ਆਵਾਜ਼ ਨਹੀਂ ਉਠਾ ਸਕਦੇ, ਜਾਂ ਉਹਨਾਂ ਨੂੰ ਜੋ ਆਪਣੀ ਦੋ ਸਮੇਂ ਦੀ ਰੋਟੀ ਕਮਾਉਣ ਵਿਚ ਇੰਨੇ ਰੁੱਝੇ ਹੋਏ ਸਨ ਜਾਂ ਉਹਨਾਂ ਲਈ ਜਿਨ੍ਹਾਂ ਨੇ ਨਿਰਾਸ਼ਾ ਅਤੇ ਰੁਕਾਵਟਾਂ ਦੇ ਸਾਹਮਣੇ ਇਸ ਤਰਫ ਸੋਚਣਾ ਹੀ ਛੱਡ ਦਿੱਤਾ ਸੀ, ਨੂੰ ਕਹਿੰਦਾ ਸਾਂ, "ਕੀ ਮੈਂ ਪਾਰਲੀਮੈਂਟ ਵਿਚ 260 ਪਰਿਵਾਰਾਂ ਨਾਲ ਲੜ ਸਕਦਾ ਹਾਂ, ਜਾਂ ਪ੍ਰਭਾਵਿਤ ਕਰ ਸਕਦਾ ਹਾਂ ? ਜੇ ਮੈਂ ਉਹਨਾਂ ਦੇ ਹਰ ਤਰਫ ਇਸ ਹਾਨੀਕਾਰਕ ਫੈਲਾਅ ਨਾਲ ਲੜ ਸਕਦਾ ਜੋ ਹਰ ਦਿਸ਼ਾ ਅਤੇ ਹਰ ਖੇਤਰ ਵਿਚ ਫੈਲ ਚੁੱਕਾ ਹੈ, ਜੋ ਭ੍ਰਿਸ਼ਟਾਚਾਰ ਅਤੇ ਸ਼ੋਸ਼ਣ ਨਾਲ-ਨਾਲ ਚਲ ਰਿਹਾ ਹੈ, ਨਾਲ ਕਿਸੇ ਠੋਸ ਕੰਮ ਦੇ ਲਾਗੂ ਕਰਨ ਤੋਂ ਬਗੈਰ ਲੜ ਸਕਦਾ ਹਾਂ ? ਮੇਰਾ ਰਾਹ ਸਿਰਫ ਰਾਜਨੀਤਕ ਰਾਹ ਹੀ ਹੈ।"

ਜੇ ਸਿਆਸਤਦਾਨ ਸ਼ੱਕੀ ਹੋਣ ਤਾਂ ਉਹਨਾਂ ਦੇ ਆਪਣੇ ਹੀ ਰੁਝੇਵੇਂ, ਉਹਨਾਂ ਨੂੰ ਲਗਾਤਾਰ ਆਪਣੇ ਆਪ ਤੋਂ ਦੂਰ ਰੱਖਦੇ ਸਨ। ਮੈਂ ਉਹਨਾਂ ਸਾਰਿਆਂ ਨਾਲ ਜੋ ਮੈਨੂੰ ਮਿਲਣ ਆਏ ਉਹਨਾਂ ਨਾਲ ਗੱਲਾਂ ਕਰਦਾ ਰਿਹਾ, "ਉਹ ਲੜ ਸਕਦੇ ਹਨ, ਉਹ ਤਾਕਤ ਲਈ ਮਰ ਸਕਦੇ ਹਨ, ਉਹ ਧੋਖਾ-ਖਾਹੀ ਕਰ ਸਕਦੇ ਹਨ ਅਤੇ ਦੇਸ਼ 'ਤੇ

ਦਾਵ੍ਹਾ ਕਰ ਸਕਦੇ ਹਨ, ਉਹ ਇਕ ਦੂਜੇ ਨੂੰ ਸ਼ਹੀਦ ਅਤੇ ਰਾਜ ਧਰੋਹੀ ਕਹਿ ਸਕਦੇ ਹਨ, ਪਰ ਮੇਰਾ ਸੰਘਰਸ਼ ਕਿਸੇ ਹੋਰ ਤਰ੍ਹਾਂ ਦਾ ਹੈ। ਭਾਵੇਂ ਇਸ ਨੂੰ ਇਸਲਾਮਿਕ ਕਹੋ ਜਾਂ ਗੈਰਇਸਲਾਮਿਕ, ਪਰ ਇਸ ਦੇ ਮੁੱਢਲੇ ਸਿਧਾਤਾਂ ਨੂੰ ਅਣਗੌਲਿਆ ਨਾ ਕਰੋ। ਉਹ ਜੋ ਗ਼ਰੀਬ, ਜੋ ਮਰਨ ਦੇ ਕਰੀਬ ਹੁੰਦੇ ਹਨ, ਜੋ ਬਿਮਾਰ ਹਨ ਅਤੇ ਦੇਸ਼ਾਂ ਦੀ ਵੱਡੀ ਬਹੁਸੰਮਤੀ ਨਾਲ ਸੰਬੰਧਿਤ ਹਨ, ਦੇ ਮੁੱਦਿਆਂ ਨੂੰ ਹੱਲ ਕਰਦਾ ਹੈ। ਇਹ ਉਹਨਾਂ ਨੂੰ ਚੰਗੇ ਜੀਵਨ ਦੀ ਪੇਸ਼ਕਸ਼ ਕਰਦਾ ਹੈ, ਜਿਸ ਦਾ ਇਕ ਨਾਅਰਾ ਅਮਨ ਹੈ। ਇਸ ਦੇ ਨਾਲ ਹੀ ਇਹ ਦੋਸ਼ੀਆਂ ਨੂੰ ਮੁਆਫੀ ਦਿੰਦਾ ਹੈ।"

ਮੈਂ ਅਫਸਰਾਂ ਦੇ ਇਕ ਗਰੁੱਪ ਨੂੰ ਚਿਤਾਵਨੀ ਦਿੱਤੀ, "ਮੈਂ ਬਹੁਸੰਮਤੀ ਵਲੋਂ ਆਉਣ ਵਾਲੇ ਖ਼ਤਰੇ ਬਾਰੇ ਸੰਕੇਤ ਕਰਦਾ ਹਾਂ ਕਿ ਜੇ ਮੈਂ ਸਾਰੇ ਪਾਕਿਸਤਾਨ ਵਿਚ ਈਦੀ ਲੋਕ ਭਲਾਈ ਸੇਵਾ ਕੇਂਦਰਾਂ ਦੀ ਬਜਾਹੇ ਹਰ 25 ਕਿਲੋਮੀਟਰਾਂ 'ਤੇ ਹਥਿਆਰ ਖ਼ਰੀਦ ਲਏ ਹੁੰਦੇ ਤਾਂ ਸਿਆਸੀ ਕੇਂਦਰ ਬਣਾ ਸਕਦੇ ਸੀ। ਸਾਰੇ ਪਾਕਿਸਤਾਨ ਵਿਚੋਂ ਯੂਨੀਵਰਸਿਟੀ ਦੇ ਵਿਦਿਆਰਥੀ ਬਾਹਰ ਨਿਕਲ ਆਉਂਦੇ। ਉਹ ਮੇਰੇ ਭਰਤੀ ਕੀਤੇ ਹੋਏ ਹਨ, ਉਹ ਸ਼ੋਸ਼ਣ ਤੋਂ ਮੁਕਤੀ ਪਾਉਣ ਲਈ ਮੇਰੇ ਕਾਮੇ ਹਨ। ਹਾਲੇ ਮੈਂ ਹਥਿਆਰਾਂ 'ਤੇ ਇਕ ਰੁਪਿਆ ਨਹੀਂ ਖ਼ਰਚਿਆ ਨਾ ਹੀ ਮੈਂ ਸੰਸਥਾ ਦੇ ਕਿਸੇ ਵੀ ਵਿਭਾਗ ਨੂੰ ਸਿਆਸਤ ਵਿਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਹੈ। ਮੈਂ ਇਸ ਦੇ ਇਕ ਬਦਲ ਲਈ, ਸਾਂਝੀ ਲੋਕ ਭਲਾਈ ਪ੍ਰਣਾਲੀ ਦੀ ਪੇਸ਼ਕਸ਼ ਕਰਦਾ ਹਾਂ, ਜੋ ਨੁਕਸਾਨ ਨੂੰ ਘਟਾ ਸਕਦੀ ਹੈ ਅਤੇ ਇਹੋ ਜਿਹੀ ਸਥਿਤੀ ਹੀ ਬਣਾਈ ਰੱਖੇਗੀ। ਇਹ ਖੇਡ ਅੱਜ ਮੇਰੇ ਹੱਥ ਵਿਚ ਹੈ। ਇਹ ਪ੍ਰਣਾਲੀ ਕਿਸੇ ਵੀ ਖ਼ੂਨ ਖ਼ਰਾਬੇ ਤੋਂ ਬਗੈਰ ਬਦਲਾਈ ਜਾ ਸਕਦੀ ਹੈ, ਕਿਸੇ ਇਕ ਵੀ ਮੌਤ ਤੋਂ ਬਗੈਰ। ਫਾਊਂਡੇਸ਼ਨ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ, ਇਸ ਦਾ ਆਧਾਰ ਲੋਕ ਭਲਾਈ ਦੇ ਕੰਮ ਕਰਨ ਨਾਲੋਂ ਜ਼ਿਆਦਾ ਵਿਸ਼ਾਲ ਹੈ, ਇਸ ਲਈ ਮੇਰੇ ਪ੍ਰੋਜੈਕਟ ਉੱਤੇ ਧਿਆਨ ਦਿਉ ਅਤੇ ਮੇਰੇ ਪ੍ਰੋਜੈਕਟ ਦਾ ਸਾਵਧਾਨੀ ਨਾਲ ਅਧਿਐਨ ਕਰੋ। ਇਸ ਤੋਂ ਪਹਿਲਾਂ ਕਿ ਕੋਈ ਮੇਰੇ ਦੇਖਣ ਤੋਂ ਬਗੈਰ ਤੁਹਾਡੇ ਮੁਕਾਬਲੇ ਵਿਚ ਆ ਜਾਵੇ।"

ਸੰਨ 1993 ਵਿਚ ਮੈਂ ਲੰਡਨ ਵਿਚ ਅਖ਼ਬਾਰਾਂ ਵਾਲਿਆਂ ਦੇ ਪਲੇਟਫਾਰਮ 'ਤੇ ਬੋਲਿਆ, "ਵਪਾਰੀ, ਚੈਂਬਰ ਆਫ ਕਾਮਰਸ ਦੇ ਚਾਪਲੂਸ ਬਣ ਗਏ ਹਨ ਅਤੇ ਵਪਾਰੀ ਲੋਕ ਡਾਕੂ ਬਣ ਗਏ ਹਨ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਹਕੂਮਤ ਕਰਨ ਵਾਲੇ ਲੋਕ ਇੰਨੇ ਅਮੀਰ ਹੋ ਗਏ ਹਨ ਜਦੋਂ ਕਿ ਦੇਸ਼ ਇੰਨਾਂ ਗ਼ਰੀਬ ਹੋ ਗਿਆ ਹੈ ? ਕੀ ਮੁਹੰਮਦ ਅਲੀ ਜਿਨਾਹ ਉਹਨਾਂ ਦੇ ਬਾਪ ਦਾ ਮੁਨਸ਼ੀ ਸੀ ? ਕੀ ਉਸ ਨੇ ਉਹਨਾਂ ਨੂੰ ਕੋਈ ਜਗੀਰ ਦੇ ਦਿੱਤੀ ਸੀ ? ਉਹਨਾਂ ਨੇ ਸਿਰਫ ਦੇਸ਼ਾਂ ਨੂੰ ਅਗਵਾਹ ਕਰ ਲਿਆ ਹੈ, ਜਦੋਂ ਅਸੀਂ ਅਜ੍ਹੇ ਬਹੁਤ ਛੋਟੇ ਸਾਂ ਕਿ ਇਹ ਜਾਣ ਸਕੀਏ ਕਿ ਅਸੀਂ ਫਿਰ ਕਿਸੇ ਦੇ ਕਬਜ਼ੇ ਵਿਚ ਹਾਂ।" ਉਹ ਤਾਕਤਵਰ ਦੁਸ਼ਮਣਾਂ ਦਾ ਸਮਾਂ ਸੀ।

ਦੇਸ਼ ਨਿਕਾਲਾ ਦੇਣਾ, ਦੋਸ਼ ਲਾਉਣੇ, ਮੇਰੇ ਦਫਤਰ ਵਿਚ ਮਾਰੂ ਹਥਿਆਰ ਰੱਖਣੇ ਅਤੇ ਮੇਰੀ ਮੰਜੀ ਥੱਲੇ ਰੱਖਣੇ, ਉਹਨਾਂ ਲਈ ਕੁਝ ਬਦਲ ਸਨ ਜਿਹੜੇ ਮੇਰੀ ਦਿਸ਼ਾ ਤੋਂ ਖ਼ਤਰਾ ਸਮਝਦੇ ਸਨ। ਇਸ ਹੀ ਕਾਰਨ ਕਰਕੇ ਮੈਂ ਲਗਾਤਾਰ ਕੁਤਬ ਅਤੇ ਫੈਸਲ ਨੂੰ ਦੂਰ ਰੱਖਿਆ ਸੀ। ਅਜੇ ਉਹਨਾਂ ਦੀ ਲੋੜ ਨਹੀਂ ਸੀ, ਉਹਨਾਂ ਦੀਆਂ ਜਿੰਦਗੀਆਂ ਫਾਊਂਡੇਸ਼ਨ ਦੇ ਕੰਮ ਫਿਰ ਕਿਸੇ ਹੋਰ ਸਮੇਂ ਆਉਣਗੀਆਂ, "ਜੇ ਤੁਹਾਨੂੰ ਅਮਰੀਕਾ ਨਾ ਰੱਖੇ ਤਾਂ ਤੁਸੀਂ ਕਿਸੇ ਹੋਰ ਦੇਸ਼ ਚਲੇ ਜਾਉ। ਮਜ਼ਦੂਰ ਬਣ ਜਾਉ, ਤੀਲਾਂ ਦੀਆਂ ਡੱਬੀਆਂ ਵੇਚੋ ਅਤੇ ਅਖ਼ਬਾਰਾਂ ਵੇਚੋ। ਜਿਹੜਾ ਦੇਸ਼ ਤੁਹਾਨੂੰ ਪ੍ਰਹੁਣਾਚਾਰੀ ਦੇਂਦਾ ਹੈ, ਉਸ ਨੂੰ ਕਦੀ ਧੋਖਾ ਨਾ ਦਿਉ। ਹੁਣ ਤੁਸੀਂ ਪਾਕਿਸਤਾਨ ਤੋਂ ਪਰੇ ਰਹੋ ਅਤੇ ਉਸ ਨੂੰ ਆਪਣੀ ਕਿਰਤ ਮੋੜੋ।" ਮੈਂ ਉਹਨਾਂ ਨੂੰ ਸਲਾਹ ਦਿੱਤੀ।

ਨਿਊਯਾਰਕ ਵਿਚ ਇਕ ਫੰਡ ਇੱਕਠਾ ਕਰਨ ਵਾਲੇ ਸਮਾਗਮ 'ਤੇ ਮੈਂ ਧਾਰਮਿਕ ਯਾਤਰਾ ਕਰਨ ਲਈ ਚਲ ਰਹੀ ਵਿੱਤੀ ਮਦਦ ਦੀ ਮੰਗ ਸੰਬੰਧੀ ਆਪਣੇ ਗੁੱਸੇ ਨੂੰ ਪ੍ਰਗਟ ਕੀਤਾ। ਮੈਂ ਇਸ ਹਦਾਇਤ ਸੰਬੰਧੀ ਆਪਣੀ ਸਮਝ ਦੀ ਵਿਆਖਿਆ ਕੀਤੀ, "ਜਦੋਂ ਤੁਹਾਡੇ ਰਿਸ਼ਤੇਦਾਰਾਂ ਅਤੇ ਤੁਹਾਡੇ ਗੁਆਂਢੀਆਂ ਵਿਚ ਬਹੁਤ ਗ਼ਰੀਬੀ ਹੋਵੇ, ਤਾਂ ਅੱਲ੍ਹਾ ਮੰਗ ਕਰਦਾ ਹੈ ਕਿ ਤੁਸੀਂ ਆਪਣੀ ਸਾਧਾਰਣ ਸਮਝ ਦੀ ਵਰਤੋਂ ਕਰੋ। ਹੱਜ ਤੁਹਾਨੂੰ ਤੁਹਾਡੇ ਪਾਪਾਂ ਤੋਂ ਮੁਕਤ ਨਹੀਂ ਕਰ ਸਕਦਾ, ਜਿੰਨਾਂ ਚਿਰ ਤੁਸੀਂ ਆਪਣੇ ਆਲੇ ਦੁਆਲੇ ਦੇ ਦੁੱਖ ਭੋਗਣ ਵਾਲਿਆਂ ਦੀ ਮਦਦ ਵਿਚ ਹਿੱਸਾ ਨਹੀਂ ਪਾਉਂਦੇ। ਮਨੁੱਖਤਾ ਦਾ ਪਿਆਰ ਹੀ ਪ੍ਰਮਾਤਮਾ ਦਾ ਪਿਆਰ ਹੈ, ਉਸ ਨੂੰ ਪਿਆਰ ਕਰਨ ਦਾ ਹੋਰ ਕੋਈ ਢੰਗ ਨਹੀਂ।" ਇਕ ਹੋਰ ਪੈਸਾ ਇੱਕਠਾ ਕਰਨ ਵਾਲੇ ਸਮਾਗਮ ਵਿਚ ਮੈਂ ਫਿਰ ਇਤਰਾਜ ਕੀਤਾ, "ਤੁਸੀਂ ਇਕ ਮਸਜਿਦ ਲਈ ਸਾਡੇ ਚਾਰ ਮਿਲੀਅਨ ਡਾਲਰ ਖ਼ਰਚ ਦਿੱਤੇ ਹਨ, ਜਦੋਂ ਕਿ ਇਕ ਹੋਰ ਮਸਜਿਦ 1½ ਕਿਲੋਮੀਟਰ ਦੂਰ ਬਣੀ ਹੋਈ ਹੈ। ਆਪਣੀ ਤਰਜੀਹ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਦੁਬਾਰਾ ਮੁਲਾਂਕਣ ਕਰੋ। ਇਨਸਾਨੀਅਤ ਤੁਹਾਡੇ ਅੱਲ੍ਹਾ ਵਿਚ ਵਿਸ਼ਵਾਸ ਨੂੰ ਬਹੁਤ ਜ਼ਿਆਦਾ ਤਾਕਤ ਨਾਲ ਪੱਕਾ ਕਰਦੀ ਹੈ।"

ਲੋਕ ਆਰਾਮ ਨਾਲ ਭੁੱਲ ਬੈਠੇ ਸਨ ਕਿ ਮੈਂ ਵੀ ਉਸ ਹੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਸਾਂ, ਜਿਸ ਨੂੰ ਸੂਫੀ ਸੰਤਾਂ ਨੇ ਪਹਿਲਾਂ ਹੀ ਪ੍ਰਚਾਰਿਆ ਸੀ। ਉਹ ਪ੍ਰਚਾਰ ਜ਼ਰੂਰੀ ਤੌਰ 'ਤੇ ਜ਼ਿੰਦਗੀ ਦੇ ਢੰਗਾਂ, ਲੋਕਾਂ ਦੇ ਦੁਖ ਦਰਦ ਅਤੇ ਭੁੱਖ ਨੂੰ ਦੂਰ ਕਰਨ 'ਤੇ ਆਧਾਰਿਤ ਸੀ। ਸੂਫੀਇਜ਼ਮ ਦੀਆਂ ਇਨਸਾਨੀਅਤ ਰਿਵਾਇਤਾਂ ਨੇ ਇਸਲਾਮ ਨੂੰ ਇਸ ਮਹਾਂਦੀਪ ਵਿਚ ਫੈਲਾਇਆ ਅਤੇ ਦੱਸਿਆ ਕਿ ਹਿੰਦੂ, ਸਿੱਖ, ਇਸਾਈ ਅਤੇ ਮੁਸਲਿਮ ਸਭ ਪ੍ਰਮਾਤਮਾ ਦੇ ਸਾਹਮਣੇ ਬਰਾਬਰ ਸਨ। ਸੂਫ਼ੀ ਕਿਰਦਾਰ ਤੋਂ ਲਈ ਗਈ ਪ੍ਰੇਰਣਾ ਦਾ ਸਾਡੇ ਵਿਸ਼ਵਾਸ ਨੂੰ ਲਾਭ ਸੀ ਅਤੇ ਇਸਲਾਮ ਦਾ ਸਬਰ, ਸੰਤੋਖ ਅਤੇ ਸੁਧਰਿਆ ਹੋਇਆ ਚਿਹਰਾ, ਇਕ ਆਦਰਸ਼ ਸੀ ਜੋ ਪ੍ਰਵਾਨ ਕੀਤਾ ਗਿਆ।

ਮੈਂ ਉਸ ਆਦਮੀ ਨੂੰ, ਜੋ ਮੈਨੂੰ ਵਿਦਵਾਨਾਂ ਦਾ ਨੁਕਤਾ ਦੱਸਣ ਆਇਆ ਸੀ, ਕਿਹਾ, "ਮੈਂ ਸੀਮਿਤ ਵਿਆਖਿਆਵਾਂ ਨੂੰ ਨਹੀਂ ਮੰਨਦਾ। ਜੇ ਧਾਰਮਿਕ ਲੀਡਰ ਆਪਣੀਆਂ ਅੱਖਾਂ 'ਤੇ ਕੰਨ ਖੋਲ ਲੈਣ ਤਾਂ ਉਹ ਇਤਿਹਾਸ ਨੂੰ ਬਦਲ ਲੈਣਗੇ, ਕਿਉਂ ਜੋ ਅਜੇ ਉਹਨਾਂ ਕੋਲ ਸਮਾਂ ਹੈ। ਇਨਸਾਨੀਅਤ ਮੇਰਾ ਧਰਮ ਹੈ ਅਤੇ ਉਹ ਹੀ ਹਰ ਧਰਮ ਦਾ ਉਦੇਸ਼ ਅਤੇ ਅਰਥ ਹੈ।" ਮੈਂ ਕਈ ਇਤਿਹਾਸਕਾਰਾਂ ਨੂੰ ਸਲਾਹ ਦਿੱਤੀ, "ਕਿਉਂ ਜੋ ਸਾਡਾ ਗਿਆਨ ਸੁਣੇ ਸੁਣਾਏ 'ਤੇ ਨਿਰਭਰ ਕਰਦਾ ਹੈ, ਇਸ ਲਈ ਅਸੀਂ ਇਸਲਾਮਿਕ ਇਤਿਹਾਸ ਦੀ ਪੂਰੀ ਜ਼ਿੰਮੇਵਾਰੀ ਨਹੀਂ ਲੈ ਸਕਦੇ। ਇਹ ਤੋੜਨ ਮਰੋੜਨ ਨਾਲ ਭਰਿਆ ਪਿਆ ਹੈ। ਅਸੀਂ ਸਿਰਫ ਆਪਣੇ ਸਿੱਟਿਆਂ ਵਿਚ ਗ਼ਲਤੀਆਂ ਕਰ ਸਕਦੇ ਹਾਂ। ਅਸੀਂ ਜੋ ਕੁਝ ਸੁਣਿਆ ਹੈ, ਜਿਥੇ ਵੀ ਅਸੀਂ ਪਹੁੰਚ ਸਕੇ ਹਾਂ ਅਸੀਂ ਸਿਰਫ ਆਪਣਿਆਂ ਵਿਚਾਰਾਂ ਰਾਹੀਂ ਪਹੁੰਚੇ ਹਾਂ। ਸਿਰਫ ਇਕ ਹੀ ਤੱਤ ਸੀ, ਜਿਸ ਬਾਰੇ ਕਦੀ ਵਿਵਾਦ ਨਹੀਂ ਸੀ, ਉਹ ਸੀ........ ਇਨਸਾਨੀਅਤ।"

ਸੰਨ 1994 ਦੇ ਸਾਲ ਵਿਚ ਸ਼ਹਿਰੀ ਹਵਾਬਾਜੀ ਅਧਿਕਾਰੀਆਂ ਨੇ ਵਿਦੇਸ਼ੀ ਸ਼ਹਿਰੀ ਹਵਾਬਾਜੀ ਕੰਪਨੀਆਂ ਦੇ ਪ੍ਰਤਿਨਿਧਾਂ ਨੂੰ ਕਰਾਚੀ ਏਅਰਪੋਰਟ 'ਤੇ ਜੰਬੋ ਜੈੱਟ ਦੇ ਡਿੱਗਣ ਦੀ ਮਸ਼ਕ ਵੇਖਣ ਲਈ ਬੁਲਾਇਆ। ਸਾਡੀਆਂ ਐਂਬੂਲੈਂਸਾਂ ਉਸ ਦੇ ਨਾਲ-ਨਾਲ ਤਿਆਰ ਹਾਲਤ ਵਿਚ ਕੁਝ ਕੇਂਦਰਾਂ 'ਤੇ ਠਹਿਰ ਗਈਆਂ। ਮਸ਼ਕ ਸ਼ੁਰੂ ਹੋਈ ਅਤੇ ਕੋਈ ਤਿੰਨ ਐਂਬੂਲੈਂਸਾਂ 4 ਮਿੰਟਾਂ ਵਿਚ ਦਰਿਰਾ ਰੋਡ ਤੋਂ ਹਵਾਈ ਜਹਾਜ਼ ਕੋਲ ਪਹੁੰਚ ਗਈਆਂ। 7 ਮਿੰਟਾਂ ਵਿਚ ਮਲੇਅਰ ਤੋਂ, 11 ਮਿੰਟਾਂ ਵਿਚ ਲਾਖੀ ਤੋਂ ਅਤੇ 13 ਮਿੰਟਾਂ ਵਿਚ ਸੋਹਰਾਬ ਗੋਥ ਤੋਂ ਪਹੁੰਚ ਗਈਆਂ। ਅੱਧੇ ਘੰਟੇ ਵਿਚ 45 ਐਂਬੂਲੈਂਸਾਂ ਯਾਤਰੀਆਂ ਨੂੰ ਲੈ ਕੇ ਜਿਨਾਹ ਹਸਪਤਾਲ ਵਿਚ ਪਹੁੰਚ ਗਈਆਂ ਅਤੇ ਇਹ ਮਸ਼ਕ ਇਕ ਘੰਟੇ ਵਿਚ ਖ਼ਤਮ ਹੋ ਗਈ। ਜਦੋਂ ਵਿਦੇਸ਼ੀ ਮਾਹਿਰਾਂ ਨੇ ਸਾਡੇ ਤੋਂ ਪ੍ਰਭਾਵਿਤ ਹੋ ਕੇ ਸਾਡੇ ਢੰਗ ਬਾਰੇ ਪੁੱਛਿਆ ਤਾਂ ਮੈਂ ਉਹਨਾਂ ਨੂੰ ਦੱਸਿਆ, "ਇਹ ਗੁੰਝਲਦਾਰ ਮਾਮਲਿਆਂ ਨੂੰ ਸਰਲ ਬਨਾਉਣ 'ਤੇ ਆਧਾਰਿਤ ਹੈ, ਸੱਚਾਈ ਨੂੰ ਅੱਗੇ ਵਧਾਉਣ ਦਾ ਸਿੱਟਾ ਹਮੇਸ਼ਾ ਬਹੁਤ ਚੰਗਾ ਹੁੰਦਾ ਹੈ।"

ਜਾਪਾਨ ਵਿਚ ਇਕ ਮਨੋਵਿਗਿਆਨਕ ਰੋਗੀ, ਉਥੋਂ ਦੇ ਪ੍ਰਵਾਸ ਸੰਬੰਧੀ ਅਧਿਕਾਰੀਆਂ ਨੂੰ ਪਿੱਛਲੇ ਇਕ ਸਾਲ ਤੋਂ ਪ੍ਰੇਸ਼ਾਨ ਕਰ ਰਿਹਾ ਸੀ। ਉਹ ਉਹਨਾਂ ਨੂੰ ਆਪਣੇ ਨਾਂ ਤੋਂ ਵੱਧ ਕੁਝ ਨਹੀਂ ਸੀ ਦੱਸਦਾ ਅਤੇ ਇੰਨਾਂ ਹੀ ਕਿ ਉਹ ਅੱਟਕ ਤੋਂ ਆਇਆ ਹੈ। ਅੱਟਕ ਕਿਥੇ ਸੀ ? ਕੋਈ ਨਹੀਂ ਸੀ ਜਾਣਦਾ। ਅਖ਼ੀਰ ਵਿਚ ਉਹਨਾਂ ਨੂੰ ਪਤਾ ਲੱਗਾ ਕਿ ਇਹ ਪਾਕਿਸਤਾਨ ਵਿਚ ਹੈ ਅਤੇ ਉਹਨਾਂ ਨੇ ਕੰਨਸਲੇਟ ਨਾਲ ਸੰਪਰਕ ਪੈਦਾ ਕੀਤਾ, ਜਿਸ ਨੇ ਇੰਨੇ ਵੱਡੇ ਜ਼ਿਲੇ ਵਿਚ ਇਸ ਵਿਅਕਤੀ ਬਾਰੇ ਹੋਰ ਵੇਰਵੇ ਪ੍ਰਾਪਤ ਕਰਨ ਵਿਚ ਅਸਮਰਥਾ ਪ੍ਰਗਟਾਈ। ਜਦੋਂ ਦੋ ਮਹੀਨੇ ਬਾਅਦ ਇਹ ਖੋਜ ਛੱਡ ਦਿੱਤੀ ਗਈ ਤਾਂ ਜਾਪਾਨ ਵਿਚ ਈਦੀ ਕੇਂਦਰ

ਨਾਲ ਸੰਪਰਕ ਕੀਤਾ ਗਿਆ। ਸਾਨੂੰ ਉਹ ਸੂਚਨਾ ਫੈਕਸ ਰਾਹੀਂ ਮਿਲੀ, ਉਸ ਸੂਚਨਾ ਨੂੰ ਵਾਇਰਲੈਸ ਰਾਹੀਂ ਇਸਲਾਮਾਬਾਦ ਭੇਜਿਆ ਗਿਆ ਅਤੇ ਉਥੋਂ ਅੱਗੇ ਅਟਕ ਕੇਂਦਰ ਭੇਜੀ ਗਈ। ਅਸੀਂ ਬੰਦੇ ਦਾ ਨਾਂ ਅਤੇ ਉਸਦੇ ਹਾਲਾਤਾਂ ਬਾਰੇ ਲਾਊਡ-ਸਪੀਕਰ ਦੁਆਰਾ ਘੋਸ਼ਣਾ ਕਰਦੇ ਰਹੇ ਜਦੋਂ ਤਕ ਕਿ ਖ਼ਬਰ ਦੇਣ ਵਾਲਾ ਅੱਟਕ ਕੇਂਦਰ ’ਤੇ ਪਹੁੰਚ ਗਿਆ। ਅਸੀਂ ਬਿਮਾਰ ਦੇ ਪਿਤਾ ਦਾ ਐਡਰੈੱਸ ਲੈ ਲਿਆ, ਜੋ ਇਕ ਨਾਲ ਦੇ ਪਿੰਡ ਵਿਚ ਵਪਾਰੀ ਸੀ ਅਤੇ 6 ਘੰਟਿਆਂ ਵਿਚ ਉਹ ਸੂਚਨਾ ਵਾਪਸ ਜਾਪਾਨ ਭੇਜ ਦਿੱਤੀ ਗਈ।

ਨਿਊਯਾਰਕ ਵਿਚ ਪੰਜਾਬ ਦੇ ਇਕ ਆਦਮੀ ਦਾ ਐਕਸੀਡੈਂਟ ਹੋ ਗਿਆ ਅਤੇ ਉਹ ਇਲਾਜ ਖ਼ਾਤਰ ਤਿੰਨ ਸਾਲ ਹਸਪਤਾਲ ਵਿਚ ਰਿਹਾ, ਉਸ ਦੇ ਐਡਰੈੱਸ ਦਾ ਕੋਈ ਪਤਾ ਨਹੀਂ ਸੀ ਅਤੇ ਅਧਿਕਾਰੀਆਂ ਨੇ ਸਾਡੇ ਨਿਊਯਾਰਕ ਦੇ ਕੇਂਦਰ ਨਾਲ ਸੰਪਰਕ ਬਣਾਇਆ। ਅਸੀਂ ਉਸ ਦੇ ਪਰਿਵਾਰ ਨੂੰ ਤਿੰਨ ਦਿਨਾਂ ਵਿਚ ਲੱਭ ਲਿਆ। ਜਦੋਂ ਇਕ ਆਦਮੀ ਦਾ ਨਿਊਜਰਸੀ ਵਿਚ ਕਤਲ ਹੋ ਗਿਆ, ਉਸ ਦੇ ਭਰਾ ਨੇ ਉਹ ਕੇਸ ਸਾਡੇ ਕੋਲ ਭੇਜ ਦਿੱਤਾ। ਇਸ ਲਈ ਅਸੀਂ ਅਮਰੀਕਾ ਦੇ ਪੁਲੀਸ ਮਹਿਕਮੇ ਨਾਲ ਸੰਪਰਕ ਕੀਤਾ, ਅਸੀਂ ਮੁਰਦਾਘਰ ਵਿਚੋਂ ਉਸ ਦੀ ਲਾਸ਼ ਲੈ ਕੇ ਪਾਕਿਸਤਾਨ ਭੇਜ ਦਿੱਤੀ। ਇਸ ਤਰ੍ਹਾਂ ਦੇ ਕਈ ਕੇਸਾਂ ਤੋਂ ਬਾਅਦ ਅਮਰੀਕੀਆਂ ਨੇ ਸਾਡੇ ਕੇਂਦਰਾਂ ਤੋਂ ਪੁੱਛਿਆ, “ਇਹ ਆਦਮੀ ਈਦੀ ਕੌਣ ਹੈ ? ਪਾਕਿਤਸਾਨੀ ਆਮ ਤੌਰ ’ਤੇ ਕਈ ਮਹੀਨਿਆਂ ਦੀ ਮਿਹਨਤ ਤੋਂ ਬਾਅਦ ਹੀ ਮੌਕੇ ’ਤੇ ਲੱਭਦੇ ਹਨ।” ਅਮਰੀਕਾ, ਕੈਨੇਡਾ, ਜਾਪਾਨ, ਇੰਗਲੈਂਡ ਅਤੇ ਕਈ ਹੋਰ ਦੇਸ਼ਾਂ ਦੇ ਪੁਲਿਸ ਮਹਿਕਮੇ ਨੇ ਲਗਾਤਾਰ ਸਾਡੇ ਨਾਲ ਸੰਬੰਧ ਬਣਾਇਆ ਹੋਇਆ ਸੀ।

ਕੁਬਰਾ ਕਲਿਫਟੰਨ ਕੇਂਦਰ ਵਿਚ ਪੂਰੀ ਤਰ੍ਹਾਂ ਬੱਚਿਆਂ ਦੀ ਸੰਭਾਲ ਵਿਚ ਰੁੱਝ ਗਈ। ਉਸ ਨੇ ਆਪਣੇ ਆਪ ਦੀ ਸਾਰੀ ਦਿਲਚਸਪੀ ਛੱਡ ਦਿੱਤੀ ਸੀ। ਉਹ ਆਮ ਤੌਰ ’ਤੇ ਆਪਣਾ ਦੁਪੱਟਾ ਘੁੱਟ ਕੇ ਆਪਣੇ ਸਿਰ ਦੁਆਲੇ ਬੰਨੀ ਹੋਈ ਨਜ਼ਰ ਆਉਂਦੀ ਸੀ। ਉਸ ਨੇ ਆਪਣੀ ਚੁੱਪੀ ਨੂੰ ਬਣਾਈ ਰੱਖਿਆ ਸੀ। ਕੋਈ ਨਹੀਂ ਸੀ ਜਾਣਦਾ ਕਿ ਉਸ ਨੂੰ ਕਦੋਂ ਦਰਦ ਹੁੰਦਾ ਹੈ ਅਤੇ ਇਹ ਦਰਦ ਹੁੰਦੀ ਵੀ ਹੈ ਕਿ ਨਹੀਂ। ਅਲਮਾਸ ਨੇ ਮੈਨੂੰ ਇਕ ਵਾਰ ਕਿਹਾ, “ਕੁਬਰਾ ਦੇ ਦੁੱਖ ਦਾ ਪ੍ਰਗਟਾਵਾ ਇਹ ਹੈ ਕਿ ਉਹ ਬਿਲਾਲ ਦੀਆਂ ਫੋਟੋਆਂ ਨੂੰ ਵੱਡਾ ਕਰਵਾਉਂਦੀ ਰਹਿੰਦੀ ਹੈ ਅਤੇ ਉਹਨਾਂ ਨੂੰ ਆਪਣੇ ਕਮਰੇ ਵਿਚ ਬਦਲਦੀ ਰਹਿੰਦੀ ਹੈ।” ਉਸ ਨੇ ਵਿਆਹ ਬਾਰੇ ਆਪਣਾ ਖਿਆਲ ਨਹੀਂ ਸੀ ਬਦਲਿਆ ਅਤੇ ਮੈਂ ਅਤੇ ਬਿਲਕਿਅਸ ਇਹ ਪ੍ਰਾਰਥਨਾ ਕਰਦੇ ਹਾਂ ਕਿ ਉਹ ਸਥਾਪਿਤ ਹੋ ਜਾਵੇ। ਸਾਡੇ ਵਿਚੋਂ ਕੋਈ ਵੀ ਉਸ ਦੇ ਨਿੱਜੀ ਜਜ਼ਬਾਤਾਂ ਦੇ ਸਤਿਕਾਰ ਦੇ ਖਿਲਾਫ ਕੁਝ ਵੀ ਨਹੀਂ ਸੀ ਕਹਿਣਾ ਚਾਹੁੰਦਾ।

ਬਿਲਕਿਅਸ ਜੀਨਤ ਨੂੰ ਮਿਲਣ ਜਾਂਦੀ ਰਹਿੰਦੀ ਸੀ। ਅਲਮਾਸ ਆਪਣੇ ਡੇਢ ਸਾਲ ਦੇ ਬੱਚੇ ਅਲੀ ਨੂੰ ਉਹਨਾਂ ਕੋਲ ਛੱਡ ਕੇ ਛੇਤੀ ਨਾਲ ਜਾਵੇਦ ਦੇ ਰਿਸ਼ਤੇਦਾਰਾਂ ਨੂੰ ਹਸਪਤਾਲ ਵਿਚ ਵੇਖਣ ਚਲੀ ਗਈ। ਦੋਵੇਂ ਔਰਤਾਂ ਕੁਝ ਚਿਰ ਬੱਚੇ ਨਾਲ ਖੇਡਦੀਆਂ ਰਹੀਆਂ ਅਤੇ ਫਿਰ ਗੱਲਾਂ ਵਿਚ ਰੁੱਝ ਗਈਆਂ। ਛੋਟਾ ਜਿਹਾ ਅਲੀ ਆਪਣੇ ਆਪ ਦੋਵਾਂ ਬੂਹਿਆਂ ਵਿਚੋਂ ਰਿੜਦਾ ਹੋਇਆ ਬਾਥਰੂਮ ਵੱਲ ਚਲਾ ਗਿਆ ਅਤੇ ਉਹ ਇਹ ਸੋਚਦੀਆਂ ਸਨ ਕਿ ਉਹ ਦੂਸਰੇ ਬੂਹੇ ਰਾਹੀਂ ਜੋ ਨਾਲ ਦੇ ਕਮਰੇ ਵਿਚ ਖੁਲਦਾ ਸੀ, ਉਧਰੋਂ ਬਾਹਰ ਨਿਕਲ ਆਏਗਾ। ਜਦੋਂ ਜੀਨਤ ਦਾ ਪਤੀ ਆਸਿਫ ਵਾਪਸ ਘਰ ਆਇਆ, ਉਹ ਬਾਥਰੂਮ ਵਿਚ ਚਲਾ ਗਿਆ। ਉਸ ਦੀਆਂ ਚੀਕਾਂ ਨੇ ਔਰਤਾਂ ਦੀਆਂ ਗੱਲਾਂ ਤੋੜ ਦਿੱਤੀਆਂ ਅਤੇ ਉਹ ਉਸ ਵੱਲ ਭੱਜ ਆਈਆਂ। ਅਲੀ ਇਕ ਸਾਬਣ ਵਾਲੇ ਪਾਣੀ ਦੀ ਬਾਲਟੀ ਵਿਚ ਉਲਟਾ ਪਿਆ ਹੋਇਆ ਸੀ ਅਤੇ ਉਸ ਦਾ ਸਿਰ ਬਾਲਟੀ ਵਿਚ ਸੀ।

ਜਦੋਂ ਆਸਿਫ ਨੇ ਉਸ ਨੂੰ ਬਾਹਰ ਕੱਢਿਆ ਤਾਂ ਉਹ ਨਿਰਜੀਵ ਸੀ ਅਤੇ ਉਸ ਦਾ ਰੰਗ ਜਾਮਨੀ ਜਿਹਾ ਹੋ ਗਿਆ ਸੀ। ਉਹ ਤਿੰਨੇ ਹੀ ਜ਼ੋਰ-ਜ਼ੋਰ ਦੀ ਉਸ ਦੀ ਛਾਤੀ ਦਬਾ ਰਹੇ ਸਨ ਅਤੇ ਉਸ ਦੀ ਪਿੱਠ 'ਤੇ ਮੁੱਕੀਆਂ ਮਾਰ ਰਹੇ ਸਨ, ਪਰ ਕੁਝ ਵੀ ਨਹੀਂ ਸੀ ਹੋ ਰਿਹਾ। ਆਸਿਫ ਕੋਈ ਵਾਹਣ ਲੈਣ ਲਈ ਦੌੜ ਗਿਆ। ਬਿਲਕਿਅਸ ਉੱਚੀ-ਉੱਚੀ ਰੋ ਰਹੀ ਸੀ, "ਮੈਂ ਅਲਮਾਸ ਨੂੰ ਕੀ ਕਹਾਂਗੀ।" ਉਹ ਆਸਿਫ ਦੀ ਵਾਪਸੀ ਨੂੰ ਨਹੀਂ ਸੀ ਉਡੀਕ ਸਕਦੀ। ਉਸ ਨੇ ਬੱਚੇ ਨੂੰ ਆਪਣੇ ਮੋਢੇ ਲਾ ਲਿਆ ਅਤੇ ਪੌੜੀਆਂ ਤੋਂ ਥੱਲੇ ਉਤਰ ਆਈ ਅਤੇ ਇਮਾਰਤ ਤੋਂ ਬਾਹਰ ਮੁੱਖ ਸੜਕ 'ਤੇ ਪਹੁੰਚ ਗਈ। ਇਕ ਲੜਕੇ ਦਾ ਸਕੂਟਰ ਖੜਾ ਕਰਵਾ ਕੇ ਉਹ ਛਾਲ ਮਾਰ ਕੇ ਉਸ ਦੇ ਪਿੱਛੇ ਬੈਠ ਗਈ, ਉਹ ਬੱਚੇ ਦੀ ਪਿੱਠ 'ਤੇ ਹੱਥ ਫੇਰ ਰਹੀ ਸੀ ਅਤੇ ਉਸ ਨੂੰ ਮੁੱਕੀਆਂ ਮਾਰ ਰਹੀ ਸੀ ਅਤੇ ਦੁਹਾਈ ਦੇ ਰਹੀ ਸੀ, "ਅਲੀ ਰੋ, ਅਲੀ ਰੋ, ਮਿਹਰਬਾਨੀ ਕਰਕੇ ਰੋ।" ਪਰ ਉਸ ਵਿਚ ਜ਼ਿੰਦਗੀ ਦੀ ਕੋਈ ਨਿਸ਼ਾਨੀ ਨਹੀਂ ਸੀ ਮਿਲ ਰਹੀ। ਉਹ ਟਰੈਫਿਕ ਰੁਕਾਵਟ ਵਿਚ ਫਸ ਗਏ, ਉਸ ਨੇ ਸਕੂਟਰ ਤੋਂ ਛਾਲ ਮਾਰ ਦਿੱਤੀ ਅਤੇ ਫੁੱਟਪਾਥ 'ਤੇ ਬੋਲਟਨ ਮਾਰਕੀਟ ਵਿਚ ਭੱਜ ਪਈ ਅਤੇ ਉਸ ਨਾਲ ਮਿਲਣ ਵਾਲੀਆਂ ਗਲੀਆਂ ਵਿਚ ਭੱਜ ਰਹੀ ਸੀ, ਉਸ ਦੇ ਪੈਰ ਇਕ ਦੂਜੇ ਵਿਚ ਵੱਜ ਰਹੇ ਸਨ ਅਤੇ ਉਹ ਕੰਬ ਰਹੀ ਸੀ, ਪਰ ਉਹ ਦੌੜਦੀ ਰਹੀ, ਅਜ੍ਹੇ ਵੀ ਉਹ ਬੱਚੇ ਦੀ ਪਿੱਠ 'ਤੇ ਹੌਲੀ-ਹੌਲੀ ਮੁੱਕੀਆਂ ਮਾਰ ਰਹੀ ਸੀ, ਜੋ ਉਸ ਦੇ ਮੋਢੇ ਲੱਗਾ ਹੋਇਆ ਸੀ, "ਅਲੀ ਰੋਵੋ, ਮਿਹਰਬਾਨੀ ਕਰਕੇ ਰੋਵੋ, ਅਲੀ ਰੋਵੋ।" ਅਤੇ ਅਖ਼ੀਰ ਉਹ ਮੀਠਾਦਾਰ ਪਹੁੰਚ ਗਈ। ਜਦੋਂ ਮੈਂ ਉਸ ਹਫਦੀ ਹੋਈ ਨੂੰ ਵੇਖਿਆ ਅਤੇ ਬੱਚੇ ਨੂੰ ਨੀਲਾ ਹੋਇਆ ਵੇਖਿਆ, ਮੈਂ ਉਸ ਦੀ ਨਬਜ਼, ਬਗੈਰ ਉਪਰ ਵੇਖੇ ਵੇਖੀ, ਸਾਡੇ ਕੋਲ ਕੋਈ ਸਮਾਂ ਨਹੀਂ ਸੀ। ਐਂਬੂਲੈਂਸਾਂ ਦੇ ਸਾਈਰਨ ਵਜਾਂਦਿਆਂ ਅਸੀਂ ਤੇਜੀ ਨਾਲ ਸਿਵਲ ਹਸਪਤਾਲ ਵੱਲ ਚਲ ਪਏ।

ਇਸ ਸਮੇਂ ਅਲਮਾਸ ਬੇਅਰਾਮ ਹੋ ਗਈ ਅਤੇ ਉਹ ਛੇਤੀ ਨਾਲ ਆਪਣੇ ਬੱਚੇ ਕੋਲ ਵਾਪਸ ਆਉਣ ਲਈ ਉੱਠ ਪਈ। ਜੀਨਤ ਦੀ ਇਮਾਰਤ ਦੇ ਬਾਹਰ ਉਸ ਨੂੰ ਉਹਨਾਂ ਦੇ ਗੁਆਂਢੀ ਨੇ ਇਸ ਘਟਨਾ ਬਾਰੇ ਦੱਸਿਆ, ਉਹ ਤਾਂ ਪਾਗਲਾਂ ਵਾਂਗ ਹੋ ਗਈ, ਇਕ ਰਿਕਸ਼ਾ ਲਿਆ ਤੇ ਹਸਪਤਾਲ ਦੀ ਐਮਰਜੈਂਸੀ ਵਾਰਡ ਵਿਚ ਪਹੁੰਚ ਗਈ। ਇਸ ਦੇ ਨਾਲ ਹੀ ਇਕ ਨਰਸ ਬਾਹਰ ਇਕ ਚਾਦਰ ਲੈਣ ਆਈ ਅਤੇ ਬਿਲਕਿਅਸ ਨੇ ਸਮਝਿਆ ਕਿ ਬੱਚੇ ਦੇ ਸਰੀਰ ਨੂੰ ਲਪੇਟਣ ਲਈ ਹੈ, ਅਲਮਾਸ ਅੰਦਰ ਗਈ, ਉਸ ਨੇ ਆਪਣੀ ਮਾਂ ਨੂੰ ਰੋਂਦਿਆਂ ਵੇਖਿਆ, ਉਸ ਨੇ ਇਕ ਘੇਰੇ ਹੋਏ ਕਮਰੇ ਵਿਚ ਝਾਕਿਆ ਅਤੇ ਜਦੋਂ ਉਸ ਨੇ ਵੇਖਿਆ ਕਿ ਉਸ ਦੇ ਬੱਚੇ ਨੂੰ ਡਾਕਟਰ ਦਬਾ ਕੇ ਸਾਹ ਦੇ ਰਹੇ ਹਨ ਤਾਂ ਬੇਹੋਸ਼ ਹੋ ਗਈ। ਸਾਬਣ ਵਾਲਾ ਪਾਣੀ ਬੱਚੇ ਦੇ ਮੂੰਹ ਤੋਂ ਬਾਹਰ ਆਇਆ ਤਾਂ ਅਲੀ ਰੋਣ ਲੱਗ ਪਿਆ।

ਇਹ ਇਕ ਚਮਤਕਾਰ ਸੀ। ਅਸਲ ਵਿਚ ਮੈਂ ਉਸ ਨੂੰ ਮੀਠਾਦਾਰ ਵਿਚ ਹੀ ਮਰਿਆ ਹੋਇਆ ਸਮਝ ਲਿਆ ਸੀ। ਗੁੱਸੇ ਨਾਲ ਮੈਂ ਬਿਲਕਿਅਸ ਅਤੇ ਜੀਨਤ ਨੂੰ ਝਾੜ ਪਾਈ, "ਔਰਤਾਂ ਨੂੰ ਇਹ ਯਕੀਨ ਹੈ ਕਿ ਮੁਸ਼ਕਲਾਂ ਉਹਨਾਂ ਦੇ ਇਰਦ ਗਿਰਦ ਹੀ ਘੁੰਮਦੀਆਂ ਹਨ, ਇਹ ਹੀ ਕਾਰਨ ਹੈ ਕਿ ਆਦਮੀ ਹਮੇਸ਼ਾ ਨਿਰਾਸ਼ ਰਹਿੰਦੇ ਹਨ ਅਤੇ ਉਹਨਾਂ ਦਾ ਕੰਮ ਰੁਕਦਾ ਹੈ।" ਮੇਰੇ ਲਈ ਜਿੰਨੀ ਖਿੱਚ ਬਿਲਾਲ ਲਈ ਸੀ, ਉਹ ਮੇਰੇ ਹੋਰ ਕਿਸੇ ਪੋਤਰੇ, ਦੋਹਤਰੇ ਲਈ ਨਹੀਂ ਸੀ। ਮੈਂ ਬਿਲਕਿਅਸ ਨੂੰ ਕਿਹਾ, "ਜਿਨ੍ਹਾਂ ਦੀ ਜਿੰਦਗੀ ਛੋਟੀ ਹੁੰਦੀ ਹੈ, ਉਹਨਾਂ ਵਿਚ ਜ਼ਿਆਦਾ ਖਿੱਚ ਹੁੰਦੀ ਹੈ, ਜੋ ਉਹਨਾਂ ਨੂੰ ਉਹਨਾਂ ਦਿਲਾਂ ਵਿਚ ਜਿੰਦਾ ਰੱਖਦੀ ਹੈ, ਜਿਨ੍ਹਾਂ ਨੂੰ ਉਹ ਪਿੱਛੇ ਛੱਡ ਜਾਂਦੇ ਹਨ।" ਬਿਲਾਲ ਦੀ ਮੌਤ ਤੋਂ ਬਾਅਦ ਮੈਂ ਇਸ ਗੱਲ ਵੱਲ ਜ਼ਿਆਦਾ ਚੁਕੰਨਾ ਰਹਿੰਦਾ ਸਾਂ ਕਿ ਕਿਸੇ ਹੋਰ ਬੱਚੇ ਨੂੰ ਬਹੁਤਾ ਪਿਆਰ ਨਹੀਂ ਕਰਨਾ। ਅਲੀ ਦਾ ਇਹ ਐਕਸੀਡੈਂਟ ਫਿਰ ਜੋ ਪਾਣੀ ਨਾਲ ਹੋਇਆ ਇਸ ਗੱਲ ਨੇ ਪੱਕਾ ਕਰ ਦਿੱਤਾ ਕਿ ਮੈਂ ਠੀਕ ਸੀ।

•

# ਭਾਗ 12

ਸੰਨ 1994 ਦੇ 5 ਦਸੰਬਰ ਦੀ ਅੱਧੀ ਰਾਤ ਨੂੰ ਮੈਂ ਅਜ਼ੇ ਵੀ ਮੀਠਾਦਾਰ ਵਿਚ ਕੰਮ ਕਰ ਰਿਹਾ ਸਾਂ। ਮੇਰੇ ਪਿੱਛੇ ਲੱਗੇ ਹੋਏ ਪਾਕਿਸਤਾਨ ਦੇ ਨਕਸ਼ੇ 'ਤੇ ਦੇਸ਼ ਵਿਚ ਫੈਲਿਆ ਹੋਇਆ ਨੈੱਟਵਰਕ ਨਜ਼ਰ ਆਉਂਦਾ ਸੀ, ਮੇਰੇ ਸੱਜੇ ਹੱਥ ਇਕ ਫੌਲਾਦ ਦੀ ਬਣੀ ਅਲਮਾਰੀ, ਜਿਸ ਨੇ ਸਾਰੀ ਕੰਧ ਹੀ ਡਕੀ ਹੋਈ ਸੀ, ਉਹ ਮੇਰੇ ਕੰਪਿਊਟਰ ਦੇ ਤੌਰ 'ਤੇ ਕੰਮ ਕਰਦੀ ਸੀ। ਬਾਕੀ ਦੀਆਂ ਦੋ ਦੀਵਾਰਾਂ 'ਤੇ ਅਤੇ ਖੁਲੇ ਥਾਵਾਂ 'ਤੇ ਸੰਬੰਧਿਤ ਟੈਲੀਫੋਨ ਨੰਬਰ, ਫੈਕਸ ਨੰਬਰ, ਕੁਝ ਚੰਗੀਆਂ ਗੱਲਾਂ, ਟਿੱਪਣੀਆਂ ਅਤੇ ਸੁਝਾਵਾਂ ਦੇ ਨਿੱਕੇ-ਨਿੱਕੇ ਟੁੱਕੜੇ, ਗੁਜਰਾਤੀ ਵਿਚ ਲਿਖੇ ਹੋਏ ਸਨ। ਮੇਰੇ ਸਾਹਮਣੇ ਚੈੱਕ ਬੁੱਕਾਂ ਦਾ ਢੇਰ ਸੀ ਜਿਨ੍ਹਾਂ ਨੂੰ ਮੈਂ ਜ਼ਰੂਰੀ ਸਮਝ ਕੇ ਦਸਤਖਤ ਕਰ ਰਿਹਾ ਸਾਂ।

ਬੈਲਜ਼ੀਅਮ ਟੈਲੀਵਿਜ਼ਨ ਵਲੋਂ ਫਾਊਂਡੇਸ਼ਨ ਦੇ ਕੰਮ ਬਾਰੇ ਫਿਲਮ ਬਨਾਉਣ ਦੇ ਕੰਮ ਮੁਕਣ ਤੋਂ ਬਾਅਦ ਬਿਲਕਿਅਸ ਛੇਤੀ ਨਾਲ ਭਾਰਤ ਚਲੀ ਗਈ ਸੀ। ਉਹ ਬਹੁਤ ਰੁੱਝੀ ਰਹੀ ਸੀ ਅਤੇ ਉਹ ਅਜਮੇਰ ਸ਼ਰੀਫ ਦੀ ਦਰਗਾਹ 'ਤੇ ਜਾਣਾ ਚਾਹੁੰਦੀ ਸੀ ਅਤੇ ਇਸ ਦੇ ਨਾਲ ਹੀ ਸਾਡਾ ਬੰਗਲੌਰ ਵਾਲਾ ਕੇਂਦਰ ਵੇਖਣਾ ਚਾਹੁੰਦੀ ਸੀ। ਫੈਸਲ, ਹੁਣੇ ਜਿਹੇ ਅਮਰੀਕਾ ਤੋਂ ਵਾਪਸ ਆਇਆ ਸੀ ਅਤੇ ਉਹ ਸਾਡੀ ਟੀਮ ਉਸ ਪਾਕ ਨਾਲ ਕਲੋਨੀ ਜਿਥੇ ਬਹੁਤ ਜ਼ਿਆਦਾ ਅੱਗ ਲੱਗਣ ਦੀ ਖ਼ਬਰ ਮਿਲੀ ਸੀ ਉਥੇ ਚਲਾ ਗਿਆ।

ਇਹ ਕੋਈ ਸਵੇਰੇ ਦੇ 2.30 ਵਜੇ ਦਾ ਸਮਾਂ ਸੀ ਜਦੋਂ ਉਹ ਵਾਪਸ ਮੁੜਿਆ। ਮੇਰੇ ਕੋਲ ਅਜ਼ੇ ਵੀ ਬਹੁਤ ਕੰਮ ਸੀ ਅਤੇ ਬਿਲਕਿਅਸ ਨੂੰ ਜਾਣ ਦਿੱਤਾ ਸੀ ਤਾਂ ਜੋ ਉਹ ਨੀਂਦ ਪੂਰੀ ਕਰ ਸਕੇ। ਫਾਈਲਾਂ ਨੂੰ ਤਰਤੀਬਵਾਰ ਕੀਤਾ, ਜੋਨਾਂ ਦੇ ਚੈੱਕਾਂ ਨੂੰ ਕੰਪਿਊਟਰ ਦੀ ਅਲਮਾਰੀ ਵਿਚ ਵੱਖ ਵੱਖ ਹਿੱਸਿਆਂ ਵਿਚ ਰੱਖਿਆ, ਮੈਂ ਘੜੀ ਵੱਲ ਵੇਖਿਆ ਅਤੇ ਛੇਤੀ ਨਾਲ, ਲਾਈਟਾਂ ਬੰਦ ਕਰ ਦਿੱਤੀਆਂ। ਮੈਂ ਹਨੇਰੇ ਵਿਚ ਹੀ ਉੱਪਰ ਜਾ ਰਿਹਾ ਸਾਂ ਤਾਂ ਕਿ ਆਪਣੇ ਲੜਕੇ ਨੂੰ ਛੇਤੀ ਜਗਾਵਾਂ।

ਜਿਉਂ ਹੀ ਉਸ ਨੂੰ ਮੈਂ ਛੂਹਿਆ ਤਾਂ ਉਸ ਨੇ ਇਸ ਨੂੰ ਕੋਈ ਜ਼ਰੂਰੀ ਐਮਰਜੈਂਸੀ ਸਮਝ ਲਿਆ, ਉਹ ਇਕ ਦਮ ਛਾਲ ਮਾਰ ਕੇ ਮੰਜੀ ਤੋਂ ਬਾਹਰ ਆ ਗਿਆ। ਮੈਂ ਉਸ ਨੂੰ ਦਫਤਰ ਦੀਆਂ ਚਾਬੀਆਂ ਫੜਾਈਆਂ, "ਅਲਮਾਰੀ ਵਿਚ ਸਭ ਕੰਮ ਬਿਲਕੁਲ

ਹੁਣ ਤਕ ਠੀਕ ਹੈ। ਇਕ ਘੰਟੇ ਵਿਚ ਮੈਂ ਇੰਗਲੈਂਡ ਜਾ ਰਿਹਾ ਹਾਂ। ਤੂੰ ਮੈਨੂੰ ਏਅਰਪੋਰਟ ਤਕ ਛੱਡ ਸਕਦਾ ਹੈ।" ਲੰਡਨ ਵਿਚ ਮੇਰਾ ਪੈਸੇ ਇੱਕਠੇ ਕਰਨ ਦੇ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਗਈ ਸੀ, ਪਰ ਇਸ ਲਈ ਹੋਰ ਦੋ ਹਫਤੇ ਦਾ ਸਮਾਂ ਨਿਰਧਾਰਿਤ ਨਹੀਂ ਸੀ ਕੀਤਾ ਜਾ ਸਕਦਾ। ਭਾਵੇਂ ਕਿ ਫੈਸਲ ਹੈਰਾਨ ਸੀ, ਪਰ ਉਸ ਨੇ ਕੋਈ ਸੁਆਲ ਨਹੀਂ ਕੀਤਾ ਕਿਉਂਕਿ ਉਹਨਾਂ ਲਈ ਇਹ ਆਮ ਗੱਲ ਸੀ, ਜੋ ਮੈਨੂੰ ਜਾਣਦੇ ਸਨ।

ਦਿਮਾਗੀ ਤੌਰ 'ਤੇ ਮੈਂ ਅਜੇ ਵੀ ਰੁੱਝਿਆ ਹੋਇਆ ਸਾਂ ਅਤੇ ਅਸੀਂ ਚੁਪ ਚਾਪ ਏਅਰ ਪੋਰਟ 'ਤੇ ਆ ਗਏ। ਜਦੋਂ ਮੈਂ ਅਲਵਿਦਾ ਕਹਿਣ ਲਈ ਉਸ ਨੂੰ ਜੱਫੀ ਪਾਈ ਤਾਂ ਮੈਂ ਕਿਹਾ, "ਲੰਡਨ ਦੇ ਦਫਤਰ ਨੂੰ ਦੁਪਿਹਰਾਂ ਤਕ ਮੇਰੇ ਆਉਣ ਬਾਰੇ ਨਾ ਦੱਸਣਾ। ਨਾ ਹੀ ਉਸ ਤੋਂ ਪਹਿਲਾਂ ਕਿਸੇ ਨੂੰ ਮੇਰੇ ਜਾਣ ਬਾਰੇ ਦੱਸਣਾ।" ਜਹਾਜ਼ ਜਾਣ ਦਾ ਸਮਾਂ 9.30 ਸੀ, ਇਸ ਲਈ ਮੇਰੇ ਕੋਲ ਸਮਾਂ ਸੀ।

ਮੈਂ ਆਪਣੀ ਬੇਅਰਾਮੀ ਲੁਕਾਉਂਦੇ ਹੋਏ, ਇਮੀਗਰੇਸ਼ਨ ਵੱਲ ਗਿਆ। ਮੇਰੀਆਂ ਅੱਖਾਂ ਹਰ ਤਰਫ ਤੇਜ਼ ਰਫਤਾਰ ਨਾਲ ਵੇਖ ਰਹੀਆਂ ਸਨ। ਮੈਂ ਉਹਨਾਂ ਬਾਰੇ ਸੁਚੇਤ ਸਾਂ ਜੋ ਮੇਰੇ ਨਾਲ ਹੱਥ ਮਿਲਾਉਂਦੇ ਸਨ, ਜੋ ਮੇਰੇ ਕਾਗਜ਼ ਚੈੱਕ ਕਰਦੇ, ਉਹ ਲਾਈਨ ਵਿਚ ਖੜੇ ਸਨ ਜਾਂ ਏਅਰ ਲਾਈਨ ਦੇ ਕਾਊਂਟਰ ਦੇ ਨਾਲ ਇੰਤਜਾਰ ਕਰ ਰਹੇ ਸਨ। ਅਖੀਰ ਵਿਚ ਜਦੋਂ ਮੈਂ ਹਵਾਈ ਜਹਾਜ਼ ਵਿਚ ਬੈਠਾ, ਤਾਂ ਮੈਂ ਕਿਸੇ ਸ਼ੱਕ ਕਰ ਕੇ ਸਾਰੇ ਯਾਤਰੀਆਂ ਨੂੰ ਧਿਆਨ ਨਾਲ ਨਿਰੀਖਣ ਕਰਨ ਲੱਗਾ, ਫਿਰ ਮੈਂ ਆਪਣੀ ਜਗਾਹ ਬੈਠ ਗਿਆ ਅਤੇ ਜਹਾਜ਼ ਦੇ ਉੱਡਣ ਦੀ ਉਡੀਕ ਕਰਨ ਲੱਗਾ; ਹਰ ਇਕ ਵੱਲ ਮੁੜ-ਮੁੜ ਕੇ ਵੇਖਦੇ ਹੋਏ ਕੋਈ ਮੇਰੀ ਸੀਟ ਤੋਂ ਅੱਗੇ ਲੰਘ ਗਿਆ ਜਾਂ ਪਿੱਛੇ, ਬਗੈਰ ਕਿਸੇ ਉਦੇਸ਼ ਦੇ ਇਹ ਦੇਰੀ ਹੋ ਰਹੀ ਸੀ। ਉਦੋਂ ਹੀ ਜਦੋਂ ਅਸੀਂ ਪਾਕਿਸਤਾਨ ਤੋਂ ਬਹੁਤ ਦੂਰ ਚਲੇ ਗਏ ਸਾਂ ਫਿਰ ਹੀ ਮੈਂ ਆਪਣੀ ਸੀਟ ਨੂੰ ਅਰਾਮ ਦੇਹ ਬਣਾਇਆ ਅਤੇ ਆਪਣੀਆਂ ਥੱਕੀਆਂ ਹੋਈਆਂ ਅੱਖਾਂ ਬੰਦ ਕੀਤੀਆਂ।

ਮੇਰਾ ਦਿਮਾਗ ਫਿਰ ਕਰਾਚੀ ਵਾਪਸ ਦੌੜ ਰਿਹਾ ਸੀ, ਉੰਨੀ ਹੀ ਰਫਤਾਰ ਨਾਲ ਜਿੰਨੀ ਰਫਤਾਰ ਨਾਲ ਮੈਂ ਕਰਾਚੀ ਤੋਂ ਦੂਰ ਜਾ ਰਿਹਾ ਸਾਂ। ਇਹ ਮੇਰਾ ਉਦੋਂ ਦਾ ਘਰ ਸੀ ਜਦੋਂ ਪਾਕਿਸਤਾਨ ਸਮਰਾਜ ਤੋਂ ਆਜ਼ਾਦ ਹੋਇਆ ਸੀ। ਬੰਬਈ, ਕਲਕੱਤਾ, ਨਿਊਯਾਰਕ ਅਤੇ ਲੰਡਨ ਦੇ ਉਲਟ ਇਹ ਸਾਫ ਸੁਥਰਾ ਸ਼ਹਿਰ ਸੀ........ਇਥੋਂ ਤਕ ਕਿ ਸਿੰਗਾਪੁਰ ਤੋਂ ਵੀ ਸਾਫ-ਸੁਥਰਾ ਸੀ। ਹੁਣ ਇਹ ਧਾਰਮਿਕ ਸੰਪ੍ਰਦਾਇ ਦਾ ਗੰਦਾ ਸ਼ਹਿਰ ਬਣ ਗਿਆ ਸੀ।

ਸਾਰੇ ਪ੍ਰਾਂਤਾਂ ਤੋਂ ਲੋਕ ਇਥੇ ਪ੍ਰਵਾਸ ਕਰਕੇ ਆਏ ਸਨ ਅਤੇ ਸਥਾਪਿਤ ਹੋ ਗਏ ਸਨ। ਅਸੀਂ ਕਾਠੀਆਵਾੜ ਤੋਂ ਸੈਂਕੜੇ ਮੀਲ ਚੱਲ ਕੇ ਆਏ ਸਾਂ। ਸਰਹੱਦ ਤੋਂ ਪਰਿਵਾਰ 15 ਸੌ ਮੀਲਾਂ ਤੋਂ ਅਤੇ ਗਿਲਗਟ ਤੋਂ ਲੋਕਾਂ ਨੇ 1800 ਮੀਲ ਚਲ ਕੇ ਇਸ

ਨੂੰ ਆਪਣਾ ਘਰ ਬਣਾਇਆ ਸੀ। ਇਹ ਪ੍ਰਵਾਸੀ ਵਸੋਂ ਹੀ ਸੀ ਜਿਸ ਨੇ ਆਪਣਾ ਆਧਾਰ ਗਵਾ ਲਿਆ ਜਦੋਂ ਪ੍ਰਧਾਨ ਅਯੂਬ ਖਾਨ ਨੇ ਇਸ ਨੂੰ ਇਕ ਇਕਾਈ ਪ੍ਰਣਾਲੀ ਲਾਗੂ ਕਰਕੇ, ਰਾਜਧਾਨੀ ਨੂੰ ਇਸਲਾਮਾਬਾਦ ਬਦਲ ਦਿੱਤਾ। ਮੇਰਾ ਵਿਸ਼ਵਾਸ ਸੀ ਕਿ ਜੇ ਕਰਾਚੀ ਪਾਕਿਸਤਾਨ ਦੀ ਰਾਜਧਾਨੀ ਰਹਿੰਦੀ ਤਾਂ ਸਾਨੂੰ ਹੁਣ ਦੀਆਂ ਕੁਝ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪੈਂਦਾ।

ਕਰਾਚੀ ਵਿਚ ਨਿਰਾਸ਼ਾ ਬੀਜੀ ਗਈ, ਉਹ ਪਲੀ ਅਤੇ ਇਨ੍ਹਾਂ ਸਾਲਾਂ ਵਿਚ ਵਧਦੀ ਗਈ। ਮੈਂ ਬਹੁਤ ਨਜ਼ਦੀਕ ਹੋ ਕੇ ਗ਼ਰੀਬੀ, ਜਾਤਵਾਦ, ਬੋਲੀ ਅਤੇ ਵਰਗ ਦੀ ਵੰਡ ਸੰਬੰਧੀ ਪ੍ਰਾਪੇਗੰਡਾ ਅਤੇ ਸਵੈ ਸੇਵਾ ਦੇ ਢੰਗ ਵੇਖੇ ਸਨ..........ਜਿਨ੍ਹਾਂ ਵਿਚ ਭਿਆਨਕ ਸ਼ਹਿਰੀ ਜੰਗ ਦੇ ਸ਼ੁਰੂ ਹੋਣ ਦੇ ਅੰਸ਼ ਸਨ। ਜਿਵੇਂ-ਜਿਵੇਂ ਜਮਾਤਾਂ ਦਾ ਫਰਕ ਵਧਦਾ ਜਾਂਦਾ ਸੀ, ਬੇਇਨਸਾਫੀ ਦੀ ਭਾਵਨਾ ਅਤੇ ਬੇਰੁਜ਼ਗਾਰੀ ਇਸ ਨੂੰ ਇਨ੍ਹਾਂ ਤਾਕਤਾਂ ਦੇ ਵੱਖ-ਵੱਖ ਹੋਣ ਲਈ ਕਾਫੀ ਬਰੂਦ ਦੇ ਦਿੰਦੀਆਂ ਸਨ, ਜਿਸ ਦੀ ਪ੍ਰਤਿਕ੍ਰਿਆ ਦੇ ਢੰਗ ਸਾਰੇ ਹੀ ਦੇਸ਼ ਨੂੰ ਪ੍ਰਭਾਵਿਤ ਕਰਦੇ ਸਨ।

ਮੇਰਾ ਦਿਮਾਗ ਕਾਇਦ ਦੀ ਇਕ ਬੋਲੀ ਦੀ ਨੀਤੀ ’ਤੇ ਚਲਾ ਗਿਆ ਜਿਸ ਨਾਲ ਪੂਰਬੀ ਅਤੇ ਪੱਛਮੀ ਪਾਕਿਸਤਾਨ ਨੂੰ ਜੋੜਿਆ ਜਾਵੇ। ਮੇਰਾ ਵਿਸ਼ਵਾਸ ਸੀ ਕਿ ਸੋਵੀਅਤ ਯੂਨੀਅਨ ਦੀਆਂ ਮੁਸ਼ਕਲਾਂ ਦਾ ਇਕ ਕਾਰਨ ਉਥੇ ਬਹੁਤ ਜ਼ਿਆਦਾ ਭਾਸ਼ਾਵਾਂ ਦਾ ਚੱਲਣਾ ਸੀ। ਜਿਹੜੇ ਦੇਸ਼ ਇਕ ਰਾਸ਼ਟਰੀ ਬੋਲੀ ਥੱਲੇ ਇੱਕਠੇ ਹੁੰਦੇ ਸਨ, ਉਹ ਬਦਅਮਨੀ ਤੋਂ ਬਚ ਜਾਂਦੇ ਸਨ। ਜਦੋਂ ਸ਼ੇਖ ਮੁਜ਼ੀਬ ਉਰ ਰਹਿਮਾਨ ਜੋ ਕਰਾਚੀ ਦੇ ਬੰਬੇ ਬਾਜ਼ਾਰ ਵਿਚ ਇਕ ਵਕੀਲ ਸਨ, ਨੇ ਇਸ ਮੌਕੇ ਨੂੰ ਪਹਿਚਾਣ ਲਿਆ, ਤਾਂ ਉਸ ਨੇ ਇਸ ਅੰਦੋਲਨ ਨੂੰ ਸ਼ੁਰੂ ਕਰ ਦਿੱਤਾ ਅਤੇ ਆਪਣੀ ਲੀਡਰਪਸ਼ਪ ਲਈ ਇਸ ਬੋਲੀ ਦੇ ਨਾਅਰੇ ਨੂੰ ਉੱਠਾ ਕੇ ਇਸ ਨੂੰ ਇਕ ਰਾਹ ਵਜੋਂ ਚੁਣਿਆ। ਇਸ ਤਰ੍ਹਾਂ ਹੀ ਕਰਾਚੀ ਦੇ ਸਖ਼ਤ ਮਿਹਨਤ ਕਰਨ ਵਾਲੇ ਅਤੇ ਚੰਗੇ ਦਿਮਾਗ ਵਾਲੇ ਉਰਦੂ ਬੋਲਣ ਵਾਲੇ ਲੋਕਾਂ ਨੇ ਆਪਣੀ ਸਥਿਤੀ ਨੂੰ ਆਪਣੀ ਲੀਡਰਸ਼ਿਪ ਨਾਲ ਉਜਾਗਰ ਕੀਤਾ। ਉਹਨਾਂ ਦੀਆਂ ਮੁੱਢਲੀਆਂ ਸ਼ਿਕਾਇਤਾਂ ਪੂਰਬੀ ਪਾਕਿਸਤਾਨ ਦੇ ਲੋਕਾਂ ਦੀ ਤਰ੍ਹਾਂ ਬੇਬੁਨਿਆਦ ਨਹੀਂ ਸਨ, ਪਰ ਬਹੁਤ ਲੰਮਾ ਸਮਾਂ ਉਹਨਾਂ ਦਾ ਫੈਸਲਾ ਨਾ ਹੋ ਸਕਿਆ। ਲੰਮੇ ਸਮੇਂ ਨਾਲ ਨਿਕਲਣ ਵਾਲੇ ਸਿੱਟਿਆਂ ਦਾ ਹਮੇਸ਼ਾ ਹੀ ਅਧਿਐਨ ਨਹੀਂ ਹੁੰਦਾ। ਮੈਂ ਹੌਕਾ ਭਰਿਆ, “ਉਹ ਕਦੀ ਵੀ ਥੱਲੇ ਤੋਂ ਸ਼ੁਰੂ ਨਹੀਂ ਕਰਦੇ। ਉਹ ਸਾਰੇ ਹੀ, ਸਿੱਧੇ ਹੀ ਚੋਟੀ ’ਤੇ ਉਡਣਾ ਚਾਹੁੰਦੇ ਹਨ, ਇਸ ਲਈ ਉਹ ਤੁਰਕੀ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਸਮਝਣ ਤੋਂ ਅਸਮਰਥ ਰਹਿੰਦੇ ਹਨ।”

ਵੱਖ-ਵੱਖ ਗਰੁੱਪਾਂ ਨੇ ਘਬਰਾਏ ਹੋਏ ਜਵਾਨਾਂ ਨੂੰ ਗਤੀਸ਼ੀਲ ਕੀਤਾ ਅਤੇ ਇਸ ਨਾਲ ਉੱਲਝਣ ਭਰੇ ਦੰਗੇ ਅਤੇ ਦਹਿਸ਼ਤ ਹਵਾ ਵਿਚ ਲਹਿਰਾਣ ਲੱਗੀ, ਉਦੋਂ ਜਦੋਂ ਕਿ ਇਹ ਅਜੇ ਸ਼ੁਰੂ ਨਹੀਂ ਸੀ ਹੋਈ। ਸਾਰਾ ਹੀ ਸਾਲ ਕਤਲ ਹੁੰਦੇ ਰਹੇ ਜੋ ਕਿ ਇਸ

ਬੇਸਬਰੀ ਅਤੇ ਨਾ ਸੁਲਾਹਕੁਨ ਸਿਆਸੀ ਅਤੇ ਜਾਤੀ ਨਿਰਾਸ਼ਾ ਦਾ ਸਿੱਟਾ ਸੀ। ਕਈ ਵਾਰ ਮੈਨੂੰ ਇਸ ਤਰ੍ਹਾਂ ਦੇ ਮੁੱਦਿਆਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਨੇ ਇਨ੍ਹਾਂ ਝਗੜਿਆਂ ਦੇ ਭੰਬਲਭੂਸੇ ਨੂੰ ਸਾਹਮਣੇ ਲਿਆਂਦਾ।

ਮੈਨੂੰ ਯਾਦ ਆਇਆ, ਕੁਝ ਮਹੀਨੇ ਪਹਿਲਾਂ, ਕਿਸ ਤਰ੍ਹਾਂ ਕੁਝ ਹਥਿਆਰਬੰਦ ਵਿਅਕਤੀਆਂ ਨੇ ਮੇਰੇ ਸਟਾਫ ਨੂੰ ਡਰਾਇਆ ਸੀ, ਸਾਡੇ ਜੰਦਰੇ ਤੋੜ ਦਿੱਤੇ ਸਨ ਅਤੇ ਵਸਤੂਆਂ ਅਤੇ ਐਂਬੂਲੈਂਸਾਂ ਵਿਚੋਂ ਪੈਸੇ ਗੁਰੂ ਮੰਦਿਰ, ਬਹਾਦਰਾਬਾਦ ਅਤੇ ਕਲਿਫਟੰਨ ਦੇ ਕੇਂਦਰਾਂ ਤੋਂ ਲੁੱਟ ਲਏ ਸਨ। ਕਿਸੇ ਹੋਰ ਸਮੇਂ 'ਤੇ ਇਕ ਐਂਬੂਲੈਂਸ ਨੂੰ ਅਗਵਾ ਕਰ ਲਿਆ ਗਿਆ ਸੀ ਜੋ ਬਾਅਦ ਵਿਚ ਬਲੋਚਿਸਤਾਨ ਤੋਂ ਮਿਲੀ ਸੀ। ਉਸ ਤੋਂ ਬਾਅਦ ਕਈ ਵਾਰ ਇਸ ਤਰ੍ਹਾਂ ਦੀਆਂ ਵਾਰਦਾਤਾਂ ਹੋਈਆਂ, ਨਕਾਬਪੋਸ਼ ਵਿਅਕਤੀਆਂ ਨੇ ਡਰਾਈਵਰਾਂ ਨੂੰ ਡਰਾਵੇ ਦਿੱਤੇ ਕਿ ਜੇ ਉਹਨਾਂ ਨੇ ਫਾਊਂਡੇਸ਼ਨ ਨਾਲ ਕੰਮ ਕਰਨਾ ਨਾ ਛੱਡਿਆ ਤਾਂ ਉਹਨਾਂ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ। ਟਾਵਰ 'ਤੇ ਕਈ ਤਰ੍ਹਾਂ ਦੀਆਂ ਮਾਰ ਦੇਣ ਦੀਆਂ ਧਮਕੀਆਂ ਮਿਲੀਆਂ।

ਅਖੀਰ ਵਿਚ ਉਸ ਗੈਂਗ ਦੇ ਮੈਂਬਰ ਫੜੇ ਗਏ ਅਤੇ ਪਤਾ ਲੱਗਾ ਕਿ ਇਹ ਉਹ ਡਰਾਈਵਰ ਹਨ, ਜਿਨ੍ਹਾਂ ਨੂੰ ਮੈਂ ਪੈਟਰੋਲ ਦੀ ਚੋਰੀ ਕਰਨ ਦੇ ਦੋਸ਼ਾਂ ਵਿਚ ਕੱਢਿਆ ਸੀ ਅਤੇ ਉਹਨਾਂ ਨੇ ਆਪਣੇ ਵੇਰਵੇ ਗ਼ਲਤ ਦਿੱਤੇ ਸਨ ਅਤੇ ਉਹਨਾਂ ਨੇ ਬੇਆਸਰਾ ਔਰਤਾਂ ਨੂੰ ਅਗਵਾ ਕੀਤਾ ਸੀ ਜਿਨ੍ਹਾਂ ਨੂੰ ਉਹ ਲੈਣ ਲਈ ਗਏ ਸਨ। ਕਿਉਂ ਜੋ ਇਹ ਸਾਰੇ ਉਰਦੂ ਬੋਲਦੇ ਸਨ, ਇਸ ਲਈ ਇਨ੍ਹਾਂ ਨੇ ਇਕ ਗਰੁੱਪ ਬਣਾਇਆ ਅਤੇ ਆਪਣੇ ਆਪ ਨੂੰ ਲੁਕਾਉਣ ਲਈ ਆਸਾਨੀ ਨਾਲ ਆਪਣੇ ਆਪ ਨੂੰ ਐੱਮ.ਕਿਊ.ਐੱਮ. ਦੇ ਮੈਂਬਰ ਦੱਸਿਆ, ਜਦੋਂ ਕਿ ਉਹਨਾਂ ਦਾ ਉਸ ਸੰਸਥਾਂ ਨਾਲ ਕੋਈ ਸੰਬੰਧ ਨਹੀਂ ਸੀ। ਪਿੱਛੇ ਜਿਹੇ ਇਕ ਐਂਬੂਲੈਂਸ ਦੇ ਡਰਾਇਵਰ ਨੂੰ ਮਾਰਨ ਦੀ ਘਟਨਾ ਇਕ ਗ਼ਲਤ ਫਹਿਮੀ ਕਰਕੇ ਹੋਈ। ਕਿਉਂ ਜੋ ਉਸ ਨੇ ਐਂਬੂਲੈਂਸ ਨੂੰ ਪਹਿਲਾਂ ਬਰੇਕ ਲਾ ਦਿੱਤੀ ਅਤੇ ਫਿਰ ਡਰ ਅਤੇ ਆਪਣੇ ਇਰਾਦਿਆਂ ਦੇ ਸ਼ੱਕ ਨਾਲ ਅਚਾਨਕ ਤੇਜੀ ਨਾਲ ਅਗਾਂਹ ਨੂੰ ਚਲਾ ਦਿੱਤੀ ਅਤੇ ਡਰੇ ਹੋਏ ਦਹਿਸ਼ਤ ਪਸੰਦ ਗਰੁੱਪ ਨੇ ਸ਼ੱਕ ਵਿਚ ਗੋਲੀ ਚਲਾ ਦਿੱਤੀ। ਮਸਜਿਦਾਂ ਵਿਚ ਮੌਤਾਂ ਅਤੇ ਹੋਰ ਉਦੇਸ਼ਹੀਣ ਗੋਲੀ ਚੱਲਣ ਦਾ ਕੰਮ ਕੁੱਝ ਹੋਰ ਤਾਕਤਾਂ ਦਾ ਸੀ।

ਕੋਈ ਨਹੀਂ ਸੀ ਜਾਣਦਾ ਕਿ ਕੌਣ ਕਿਸ ਨੂੰ ਮਾਰ ਰਿਹਾ ਸੀ। ਬਾਹਰ ਦੀਆਂ ਸ਼ਕਤੀਆਂ ਸਾਡੇ ਬਾਰੇ ਉੱਨੀਆਂ ਹੀ ਸ਼ੱਕੀ ਸਨ ਜਿੰਨਾਂ ਅਸੀਂ ਉਹਨਾਂ ਬਾਰੇ ਸ਼ੱਕੀ ਸਨ। ਇਹ ਗਵਾਂਢੀਆਂ ਲਈ ਸੁਭਾਵਿਕ ਹੀ ਸੀ ਕਿ ਉਹ ਗਵਾਂਢੀ ਕਸ਼ਮੀਰ ਦੇ ਦਾਅਵੇ ਕਰਕੇ ਇਕ ਦੂਜੇ ਲਈ ਗੜਬੜ ਅਤੇ ਝਗੜੇ ਇਕ ਦੂਜੇ ਦੀ ਧਰਤੀ 'ਤੇ ਕਰਵਾਉਂਦੇ ਸਨ। ਜੁਰਮ ਕਰਨ ਵਾਲੇ ਲੋਕ ਅੱਠ ਵਾਰ ਫੜੇ ਜਾਂਦੇ ਸਨ ਅਤੇ ਹਰ ਵਾਰ ਜਮਾਨਤ 'ਤੇ ਛੱਡ ਦਿੱਤੇ ਜਾਂਦੇ। ਮੈਂ ਸਦਾ ਹੀ ਲਗਾਤਾਰ ਕਰਾਚੀ ਦੇ ਵਪਾਰੀ

ਲੋਕਾਂ ਨੂੰ ਸਲਾਹ ਦਿੰਦਾ ਰਿਹਾ, "ਜੇ ਤੁਸੀਂ ਆਪਣਾ ਵਪਾਰ ਵਧਾਉਣਾ ਚਾਹੁੰਦੇ ਹੋ, ਤਾਂ ਮੇਰੀ ਮਦਦ ਕਰੋ ਤਾਂ ਜੋ ਅਸੀਂ ਇਸ ਵਿਗੜੇ ਹੋਏ ਸਮਾਜ ਅਤੇ ਸਮਾਜਿਕ ਪ੍ਰਣਾਲੀ ਨੂੰ ਵਾਪਸ ਉਸ ਹੀ ਲਾਈਨ 'ਤੇ ਲਿਆ ਸਕੀਏ। ਮੇਰਾ ਕੰਮ ਗ਼ਰੀਬਾਂ ਅਤੇ ਅਮੀਰਾਂ ਦੋਵਾਂ ਦੀ ਮਦਦ ਕਰੇਗਾ, ਬਗੈਰ ਕਿਸੇ ਆਵਾਜ਼ ਜਾਂ ਗੜਬੜ ਦੇ ਤਾਂ ਕਿ ਉਹਨਾਂ ਨੂੰ ਅੰਧੇਰੇ ਵਿਚੋਂ ਬਾਹਰ ਲਿਆਇਆ ਜਾ ਸਕੇ।" ਕਿਸੇ ਨੇ ਮੇਰੀ ਪੇਸ਼ਕਸ਼ ਨਾ ਮੰਨੀ, ਪਰ ਮੇਰਾ ਇਹ ਫਰਜ਼ ਸੀ ਕਿ ਪੇਸ਼ਕਸ਼ ਕਰਦਾ ਰਹਾਂ।

ਮੈਂ ਕਈ ਸਰਕਾਰਾਂ ਨੂੰ ਕਈ ਵਾਰ ਕਿਹਾ ਸੀ, "ਪ੍ਰਸ਼ਾਸਨ ਠੀਕ ਨਹੀਂ, ਕਾਨੂੰਨ ਠੀਕ ਨਹੀਂ ਅਤੇ ਪ੍ਰਣਾਲੀ ਠੀਕ ਨਹੀਂ। ਇਸ ਹਾਲਤ ਵਿਚ ਜੇ ਤੁਸੀਂ ਇਕ ਗਰੁੱਪ ਨੂੰ ਫੜਦੇ ਹੋ, ਹੋਰ ਗਰੁੱਪ ਛੇ ਸੌ ਵੱਖ-ਵੱਖ ਦਿਸ਼ਾਵਾਂ ਵਿਚੋਂ ਬਾਹਰ ਆ ਜਾਣਗੇ। ਸੈਂਕੜੇ ਗਰੁੱਪ ਸਮਰਾਜ ਦੇ ਏਜੰਟਾਂ ਦੀ ਅਗਵਾਈ ਵਿਚ ਆਪਣੇ ਕਾਮਿਆਂ ਨੂੰ, ਉਹਨਾਂ ਲੋਕਾਂ ਦੇ ਘਰ ਲੁੱਟਣ ਅਤੇ ਢਾਹੁਣ ਲਈ ਭੇਜਦੇ ਹਨ, ਜਿਨ੍ਹਾਂ ਦੇ ਪਿੱਛੇ ਕੋਈ ਨਹੀਂ। ਤੁਸੀਂ ਸਾਧਾਰਨ ਬਦਮਾਸ਼ਾਂ ਨੂੰ ਕਿਸ ਤਰ੍ਹਾਂ ਫੜ ਸਕਦੇ ਹੋ, ਜਿਨ੍ਹਾਂ ਨੂੰ ਪ੍ਰਣਾਲੀ ਪਾਲਦੀ ਹੈ ? ਇਸ ਦੀ ਗ੍ਰਿਫ਼ਤਾਰੀ ਨੂੰ ਬਹੁਸੰਮਤੀ 'ਤੇ ਠੋਸਦੇ ਹੋ। ਜੰਗ ਹਮੇਸ਼ਾ ਤਾਕਤ ਵਾਸਤੇ ਹੁੰਦੀ ਹੈ, ਲੋਕਾਂ ਲਈ ਕਦੇ ਵੀ ਨਹੀਂ। ਸ਼ਰਾਫਤ ਨਾਲ ਬਦਲ ਜਾਉ ਮੈਂ ਤੁਹਾਡੇ ਇਰਦ ਗਿਰਦ ਹਾਂ। ਪ੍ਰਣਾਲੀ ਨੂੰ ਬਦਲ ਦਿਉ ਕਿਉਂ ਕਿ ਤੁਹਾਡੇ ਕੋਲ ਇਸ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ।" ਮੈਂ ਉਹਨਾਂ ਨੂੰ ਲਗਾਤਾਰ ਪੱਕੇ ਤੌਰ 'ਤੇ ਕਹਿੰਦਾ ਸਾਂ, "ਮੱਧ ਪੂਰਬ ਦੇ ਬੈਡਯੂਨ ਲੋਕ, ਮੱਕੇ ਦੀ ਯਾਤਰਾ 'ਤੇ ਜਾਣ ਵਾਲੇ ਕਾਫਲਿਆਂ ਨੂੰ ਲੁੱਟ ਲੈਂਦੇ ਸਨ, ਜਿੰਨਾਂ ਚਿਰ ਤਕ ਤੇਲ ਦੀ ਆਮਦਨ ਨੇ ਉਹਨਾਂ ਨੂੰ ਇਕ ਪ੍ਰਣਾਲੀ ਨਾ ਦੇ ਦਿੱਤੀ। ਜਦੋਂ ਇਹ ਖੇਡਾਂ ਪ੍ਰਣਾਲੀ ਨਾਲ ਬਦਲੀਆਂ ਜਾਣਗੀਆਂ, ਸਿਰਫ ਤਾਂ ਹੀ ਦੇਸ਼ ਨੂੰ ਵਿਚਾਰਿਆ ਜਾਵੇਗਾ।"

ਮੈਂ ਸਾਰੀਆਂ ਸਮੱਸਿਆਵਾਂ ਭੁੱਲਾ ਕੇ ਸੌਣ ਦੀ ਕੋਸ਼ਿਸ਼ ਕੀਤੀ, ਪਰ ਉਹ ਅਸੰਭਵ ਸੀ। ਮੇਰਾ ਦਿਮਾਗ ਉਹਨਾਂ ਘਟਨਾਵਾਂ ਨੂੰ ਅਣਗੌਲਿਆਂ ਨਹੀਂ ਸੀ ਕਰਦਾ, ਜਿਨ੍ਹਾਂ ਕਰਕੇ ਮੈਂ ਛੇਤੀ ਨਾਲ ਪਾਕਿਸਤਾਨ ਤੋਂ ਆ ਗਿਆ ਸੀ। ਅਣ ਜੁੜੀਆਂ ਸੋਚਾਂ ਜੁੜ ਜਾਂਦੀਆਂ ਸਨ, ਫਿਰ ਵਾਰ-ਵਾਰ ਕਿਸੇ ਜੋੜ ਦੀ ਅਣਹੋਂਦ ਕਰਕੇ ਟੁੱਟ ਜਾਂਦੀਆਂ ਸਨ। ਇਹ ਸੰਭਾਵਨਾ ਇਸ ਉੱਲਝਨ ਕਰਕੇ ਘੱਟਦੀ ਨਹੀਂ ਸੀ। ਮੈਂ ਹੁਣ ਇਹ ਸਮਝ ਗਿਆ ਸੀ ਕਿ ਮੇਰਾ ਛੇਤੀ ਨਾਲ ਛੱਡ ਕੇ ਆਉਣ ਦਾ ਵੱਡਾ ਕਾਰਨ ਮੇਰੀ ਜਾਣਕਾਰੀ ਬਾਰੇ ਪਹੁੰਚ ਦੀ ਘਾਟ ਸੀ। ਇਸ ਲਈ ਮੈਂ ਬੈਠ ਗਿਆ ਅਤੇ ਕੋਸ਼ਿਸ਼ ਕੀਤੀ ਕਿ ਆਰੀ ਨਾਲ ਕੱਟੇ ਹੋਏ ਪਹੇਲੀ ਦੇ ਟੁੱਕੜਿਆਂ ਨੂੰ ਇੱਕਠਾ ਕਰਾਂ।

ਮੈਨੂੰ ਯਕੀਨ ਸੀ ਕਿ ਇਹ ਫੈਸਲਾ ਮੇਰਾ ਠੀਕ ਸੀ। ਮੈਨੂੰ ਇਹ ਵੀ ਯਕੀਨ ਸੀ ਕਿ ਭਾਵੇਂ ਮੈਂ ਇਸ ਨੂੰ ਅਜੇ ਤਕ ਸਪੱਸ਼ਟ ਸ਼ਬਦਾਂ ਵਿਚ ਨਹੀਂ ਸੀ ਕਿਹਾ ਪਰ ਕੁਝ ਨਾ ਕੁਝ ਗ਼ਲਤ ਸੀ। ਮੇਰਾ ਖਿਆਲ ਹੈ ਕਿ ਇਹ ਸੰਨ 1993 ਵਿਚ ਸ਼ੁਰੂ ਹੋਇਆ ਸੀ

ਬਿਲਕੁਲ 1½ ਸਾਲ ਪਹਿਲਾਂ, ਜਦੋਂ ਮੇਰੇ ਨਾਲ ਫੌਜ ਦੇ ਅਫਸਰਾਂ ਨੇ ਮੇਰੇ ਟਾਵਰ ’ਤੇ ਸੰਪਰਕ ਬਣਾਇਆ। ਉਹਨਾਂ ਨੇ ਮੇਰੇ ਨਾਲ ਉਹਨਾਂ ਦੇ ਦਫਤਰ ਵਿਚ ਇਕ ਮੀਟਿੰਗ ਲਈ ਬੇਨਤੀ ਕੀਤੀ ਸੀ। ਏਜੰਸੀਆਂ ਬਾਰੇ ਸਪੱਸ਼ਟ ਧਾਰਨਾ ਨਾ ਹੋਣ ਕਰਕੇ ਜਿਸ ਵਿਚ ਜਿਆਦਾਤਰ ਜਰਨਲਿਸਟਾਂ ਦੇ ਮਨੋਰੰਜਨ ਕਰਕੇ ਅਤੇ ਉਹਨਾਂ ਦੀ ਪ੍ਰੇਸ਼ਾਨੀ ਕਰਕੇ ਮੈਂ ਹਮੇਸ਼ਾ ਹੀ ਉਹਨਾਂ ਨੂੰ ਸੀ.ਆਈ.ਡੀ. ਦੇ ਆਦਮੀ ਸਮਝਦਾ ਸਾਂ।

ਹਵਾਈ ਜਹਾਜ਼ ਵਿਚ ਹਵਾ ਬਹੁਤ ਠੰਡੀ ਹੋ ਗਈ ਅਤੇ ਮੇਰੇ ਲੂੰ ਕੰਡੇ ਖੜੇ ਹੋ ਗਏ ਜਦੋਂ ਮੈਂ ਇਹ ਸਮਝਿਆ ਕਿ ਮੇਰੇ ਕੰਮ ਦੇ ਖਿਲਾਫ ਇਹ ਸਭ ਤੋਂ ਵੱਡਾ ਹਮਲਾ ਸੀ। ਇਸ ਦਾ ਉਦੇਸ਼ ਪ੍ਰਤੱਖ ਤੌਰ ’ਤੇ ਫਾਉਂਡੇਸ਼ਨ ਦੀਆਂ ਜੜ੍ਹਾਂ ’ਤੇ ਸੀ, ਜਿਨ੍ਹਾਂ ਨੂੰ ਬਣਾਉਂਦਿਆਂ ਮੈਨੂੰ 45 ਸਾਲ ਹੋ ਗਏ ਸਨ ਅਤੇ ਮੈਂ ਵਿਰੋਧੀਆਂ ਲਈ ਕੋਈ ਨਵਾਂ ਨਹੀਂ ਸਾਂ। ਮੈਂ ਆਪਣੀਆਂ ਸੂਚਨਾਵਾਂ ਨੂੰ ਨਸ਼ਟ ਕਰਨ ਵੱਲ ਅਤੇ ਇਹਨਾਂ ਨੂੰ ਦੁਬਾਰਾ ਬਣਾਉਣ ਵੱਲ ਕੇਂਦ੍ਰਿਤ ਹੋਇਆ ਤਾਂ ਕਿ ਮੈਂ ਦੁਸ਼ਮਣ ਨੂੰ ਚੰਗੀ ਤਰ੍ਹਾਂ ਸਮਝ ਲਵਾਂ।

ਅਸੀਂ ਦਫਤਰ ਵਿਚ ਅੰਦਰ ਆਏ ਅਤੇ ਪਹਿਲਾਂ ਹੀ ਦੋ ਸਨਮਾਨਿਤ ਸਮਾਜ ਸੇਵਕਾਂ ਨੂੰ ਵੇਖਿਆ। ਸਲਾਮ ਦੁਆ ਤੋਂ ਬਾਅਦ ਅਤੇ ਵਾਕਫੀ ਦਾ ਅਤੇ ਗੈਰ ਰਸਮੀਪਨ ਜਾਣ ਕੇ ਅਤੇ ਜ਼ਰੂਰੀ ਤੌਰ ’ਤੇ ਚਾਹੀਦਾ ਮਾਹੌਲ ਪੈਦਾ ਕੀਤਾ ਗਿਆ ਤਾਂ ਕਿ ਮੈਂ ਆਰਾਮ ਨਾਲ ਬੈਠ ਜਾਵਾਂ। ਆਖਿਰ ਉਨ੍ਹਾਂ ਅਫਸਰਾਂ ਵਿਚੋਂ ਇਕ ਅਫਸਰ ਉਸ ਮੁੱਦੇ ’ਤੇ ਆਇਆ, “ਈਦੀ ਸਾਹਿਬ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਪਾਕਿਸਤਾਨ ਦੀ ਏਕਤਾ ਲਈ ਆਵਾਜ਼ ਉਠਾਉ। ਲੋਕ ਹੁਣ ਦੀਆਂ ਚਲ ਰਹੀਆਂ ਹਾਲਤਾਂ ਤੋਂ ਡਰੇ ਅਤੇ ਘਬਰਾਏ ਹੋਏ ਹਨ। ਤੁਹਾਡੇ ਅਮਲ ਵਿਚ ਕੀਤੇ ਹੋਏ ਯੋਗਦਾਨ ਨੇ ਲੋਕਾਂ ਵਿਚ ਉਮੀਦ ਦੀ ਸਮਝ ਪੈਦਾ ਕੀਤੀ ਹੈ। ਜੇ ਤੁਸੀਂ ਏਕਤਾ ਦੀ ਆਵਾਜ਼ ਉਠਾਉਗੇ ਤਾਂ ਲੋਕ ਤੁਹਾਡੇ ’ਤੇ ਵਿਸ਼ਵਾਸ ਕਰਨਗੇ।” ਦੋ ਹੋਰ ਮਹਿਮਾਨਾਂ ਨੇ ਵੀ ਇਸ ਖਿਆਲ ਦੀ ਪੁਸ਼ਟੀ ਕੀਤੀ ਅਤੇ ਮੈਨੂੰ ਮਨਾਇਆ ਕਿ ਇਸ ਨਾਲ ਸਾਰਥਿਕ ਸਿੱਟੇ ਨਿਕਲਣਗੇ ਅਤੇ ਸੱਚੀ ਭਾਵਨਾ ਹੋਵੇਗੀ, “ਈਦੀ ਸਾਹਿਬ, ਸਾਫ ਸੁਥਰੇ ਲੋਕ ਹੀ, ਭ੍ਰਿਸ਼ਟ ਲੀਡਰਸ਼ਿਪ ਦਾ ਇਕ ਬਦਲ ਹਨ। ਅਸੀਂ ਇਸ ਲਈ ਪਾਕਿਸਤਾਨ ਦੇ ਦੇਣਦਾਰ ਹਾਂ ਤਾਂ ਕਿ ਇਸ ਵਰਤਮਾਨ ਸਥਿਤੀ ਨੂੰ ਵੰਗਾਰਿਆ ਜਾਵੇ।” ਮੈਂ ਥੱਕਿਆ ਹੋਇਆ ਮਹਿਸੂਸ ਕਰਦਾ, ਜਦੋਂ ਮੈਨੂੰ ਕੋਈ ਇਹ ਸਲਾਹ ਦੇਵੇ ਕਿ ਮੈਂ ਆਪਣੇ ਦੇਸ਼ ਨੂੰ ਕੀ ਦਿੱਤਾ ਹੈ। 14 ਅਗਸਤ ਨੂੰ ਕਾਇਦੇ ਆਜ਼ਮ ਦੇ ਮਜ਼ਾਰ ’ਤੇ ਇਕ ਜਲਸੇ ਦੀ ਯੋਜਨਾ ਬਣਾਈ ਗਈ, ਕਿਉਂ ਜੋ ਮੈਂ ਜਾਪਾਨ ਜਾ ਰਿਹਾ ਸਾਂ, ਇਸ ਲਈ ਮੈਂ ਇਨਕਾਰ ਕਰ ਦਿੱਤਾ। ਅਫਸਰ ਜਿੱਦ ਕਰ ਰਿਹਾ ਸੀ, “ਈਦੀ ਸਾਹਿਬ, ਸੁਤੰਤਰਤਾ ਦਾ ਦਿਨ ਇਸ ਸਥਿੱਤੀ ਵਿਚ ਬਹੁਤ ਮਹੱਤਵਪੂਰਨ ਹੈ। ਹੋਰ ਪ੍ਰਸਿੱਧ ਲੋਕਾਂ ਦੀ ਤਰਫ ਦੇਖੋ ਉਹ ਕਿਸ ਤਰ੍ਹਾਂ ਮਿਲਵਰਤਣ ਦੇ ਰਹੇ ਹਨ।”

ਮੇਰੇ ਸਾਥੀ ਮੇਰੇ 'ਤੇ ਜ਼ੋਰ ਦੇ ਰਹੇ ਸਨ ਕਿ ਮੈਂ ਇਸ ਸਮਾਗਮ ਵਿਚ ਸ਼ਾਮਿਲ ਹੋਵਾਂ। ਜਦੋਂ ਅਸੀਂ ਉੱਠ ਕੇ ਆਉਣ ਲੱਗੇ ਤਾਂ ਅਫਸਰ ਨੇ ਸੁਝਾਅ ਦਿੱਤਾ, "ਅਸੀਂ ਤੁਹਾਨੂੰ ਪੜ੍ਹਨ ਨੂੰ ਇਕ ਭਾਸ਼ਨ ਦੇ ਸਕਦੇ ਹਾਂ। ਜੇ ਤੁਸੀਂ ਬਿਨਾਂ ਤਿਆਰੀ 'ਤੇ ਭਾਸ਼ਣ ਦੇਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਕੁਝ ਨੁਕਤੇ ਉਠਾਉਣ ਨੂੰ ਦੇ ਸਕਦੇ ਹਾਂ।" ਮੈਂ ਇਸ 'ਤੇ ਸਖ਼ਤੀ ਨਾਲ ਬੋਲਿਆ, "ਮੇਰਾ ਭਾਸ਼ਣ ਮੇਰੇ ਦਿਲ ਵਿਚੋਂ ਨਿਕਲੇਗਾ, ਉਸ ਨੂੰ ਰੋਕਣਾ ਮੇਰੇ ਵਸ ਵਿਚ ਨਹੀਂ ਅਤੇ ਤਾਨਾਸ਼ਾਹਾਂ ਦੇ ਸਾਹਮਣੇ ਵੀ ਨਹੀਂ। ਜਦੋਂ ਮੈਂ ਬੋਲਦਾ ਹਾਂ, ਮੈਂ ਆਜ਼ਾਦ ਹੁੰਦਾ ਹਾਂ।" ਉਹਨਾਂ ਸਾਰਿਆਂ ਨੇ ਇੱਕਠਿਆਂ ਹੀ ਮੈਨੂੰ ਆਪਣੇ ਮਿਲਵਰਤਣ ਦਾ ਯਕੀਨ ਦਿਵਾਇਆ।

ਸੁਤੰਤਰਤਾ ਦੇ ਦਿਨ 'ਤੇ ਮੈਂ ਮਜਾਰ 'ਤੇ ਚਲਾ ਗਿਆ। ਸਟੇਜ 'ਤੇ ਇਕ ਤੋਂ ਬਾਅਦ ਇਕ ਬੋਲਣ ਵਾਲੇ, ਕਾਇਦੇ ਆਜ਼ਮ ਦੇ ਹੋਮ ਲੈਂਡ ਦੇ ਸੁਪਨੇ ਬਾਰੇ ਅਤੇ ਅਸੀਂ ਉਸ ਲਈ ਕਿੰਨੇ ਵਚਨ ਬੰਦ ਹਾਂ, ਬਾਰੇ ਦੱਸ ਰਹੇ ਸਨ। ਫਿਰ ਮੈਨੂੰ ਬੁਲਾਇਆ ਗਿਆ। ਆਪਣੇ ਸਾਹਮਣੇ ਬੈਠੇ ਲੋਕਾਂ ਵੱਲ ਸਰਸਰੀ ਨਿਗਾਹ ਮਾਰ ਕੇ ਮੈਂ ਆਪਣੇ ਦਿਲ ਤੋਂ ਬੋਲਿਆ : "ਜੇ ਸੰਸਥਾਪਕ ਅੱਜ ਜਿਉਂਦਾ ਹੁੰਦਾ ਤਾਂ ਉਸ ਨੂੰ ਹੈਰਾਨੀ ਹੁੰਦੀ ਕਿ ਉਸ ਦੇ ਸੰਘਰਸ਼ ਦਾ ਕੀ ਸਿੱਟਾ ਨਿਕਲਿਆ ਹੈ।" ਮੈਨੂੰ ਲੱਗਦਾ ਸੀ ਕਿ ਉਹ ਨਹੀਂ ਸਨ ਜਾਣਦੇ। ਮੈਂ ਬੋਲਣਾ ਜਾਰੀ ਰੱਖਿਆ : "ਪਾਕਿਸਤਾਨ ਡਿੱਗ ਰਿਹਾ ਹੈ ਕਿਉਂ ਜੋ ਇਸ ਦੇ ਨੇਤਾਵਾਂ ਨੇ ਇਸ ਦੇ ਉਦੇਸ਼ ਅਤੇ ਇਸ ਦੀ ਵਿਚਾਰਧਾਰਾ ਨੂੰ ਜੀਉਂਦਾ ਨਹੀਂ ਰੱਖਿਆ। ਹੁਣ ਤਕ ਅਸੀਂ ਇਸ ਮੀਨਾਰ 'ਤੇ ਖੜ੍ਹੇ ਹੁੰਦੇ ਹਾਂ, ਹਰ ਸਾਲ, ਜਿਸ ਸਤਿਕਾਰ ਨਾਲ ਅਸੀਂ ਖਲੋਂਦੇ ਹਾਂ, ਉਹ ਸਤਿਕਾਰ ਕਿਸ ਕਿਸਮ ਦਾ ਹੈ ਜੋ ਅਸੀਂ ਦਿੰਦੇ ਹਾਂ। ਕੀ ਉਹ ਇਹ ਹੈ ?" ਮੈਂ ਉਨ੍ਹਾਂ ਹਜ਼ਾਰਾਂ ਲੋਕਾਂ ਵੱਲ ਬਾਂਹ ਹਿੱਲਾ ਕੇ ਕਿਹਾ ਜੋ ਗ਼ਲਤ ਦਿਸ਼ਾ-ਨਿਰਦੇਸ਼ ਅਤੇ ਬੇਉਮੀਦੇ ਸੂਰਜ ਦੀ ਭੜਕਦੀ ਅੱਗ ਵਿਚ ਖੜੇ ਸਨ, ਜੋ ਸ਼ਬਦਾਂ ਨੂੰ ਇਸ ਤਰ੍ਹਾਂ ਸੁਣ ਕੇ ਸਮਝ ਰਹੇ ਹਨ ਕਿ ਸ਼ਾਇਦ ਉਹ ਉਹਨਾਂ ਦੀ ਕਿਸਮਤ ਬਦਲ ਦੇਣ। ਉਧਰੋਂ ਪਿਛਾਂਹ ਮੁੜ ਕੇ ਮੈਂ ਸਟੇਜ 'ਤੇ ਬੜੀ ਸ਼ਾਨ ਨਾਲ ਬੈਠੇ ਗੈਰ ਜ਼ਿੰਮੇਵਾਰ ਲੀਡਰਾਂ ਵੱਲ ਹੱਥ ਹਿੱਲਾ ਕੇ ਉਹਨਾਂ ਵੱਲ ਇਸ਼ਾਰਾ ਕੀਤਾ, ਜੋ ਬੜੇ ਘਮੰਡ ਨਾਲ ਸਟੇਜ 'ਤੇ ਬੈਠੇ ਸਨ। ਉਸ ਸਹੀ ਸਮੇਂ ਮੈਂ ਵੇਖਿਆ ਕਿ ਇਕ ਅਫਸਰ ਭੀੜ ਵਿਚੋਂ ਧੱਕੇ ਮਾਰਦਾ ਹੋਇਆ ਮੇਰੇ ਸਾਥੀ ਵੱਲ ਵਧ ਰਿਹਾ ਸੀ। ਕੁਝ ਝਿਝਕਦੇ ਹੋਏ ਮੇਰੇ ਸਾਥੀ ਨੇ ਮੈਨੂੰ ਮੇਰੇ ਕੰਨ ਵਿਚ ਕਿਹਾ, "ਉਹ ਕਹਿ ਰਹੇ ਹਨ, ਤੁਹਾਨੂੰ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ।" ਇਸ ਨੇ ਮੇਰਾ ਲਾਵਾ ਹੋਰ ਵਧਾ ਦਿੱਤਾ ਜਿਸ ਨੂੰ ਮੈਂ ਦਬਾਈ ਰਖਿਆ ਸੀ ਅਤੇ ਮੇਰੀ ਆਵਾਜ਼ ਹੋਰ ਉੱਚੀ ਹੋ ਗਈ।

ਅਸੀਂ ਘਰ ਵਾਪਸ ਆਉਂਦਿਆਂ ਇਸ ਗੱਲ 'ਤੇ ਚਰਚਾ ਕੀਤੀ, ਮੈਂ ਹੱਸ ਰਿਹਾ ਸਾਂ, "ਉਹ ਮੈਨੂੰ ਹੁਣ ਕਦੀ ਵੀ ਦੁਬਾਰਾ ਨਹੀਂ ਬੁਲਾਉਣਗੇ। ਜਿਸ ਤਰ੍ਹਾਂ ਰਾਸ਼ਟਰਪਤੀ ਸੁਹਾਰਦੋ ਦਾ ਸੁਆਗਤ ਮੇਰੇ ਲਈ ਆਖ਼ਰੀ ਸੱਦਾ ਸੀ, ਇਹ ਵੀ ਆਖ਼ਰੀ ਹੀ ਹੋਵੇਗਾ।"

ਜਦੋਂ ਅਫਸਰ ਨੇ ਮੇਰੇ ਸਾਥੀ ਨੂੰ ਮੇਰੇ ਭਾਸ਼ਣ ਵਿਚ ਦਖ਼ਲ ਦੇਣ ਲਈ ਕਿਹਾ ਸੀ ਤਾਂ ਮੇਰੇ ਸਾਥੀ ਨੇ ਉਸ ਨੂੰ ਚਿਤਾਵਨੀ ਦਿੱਤੀ ਸੀ, "ਇਸ ਵੇਲੇ ਇਹ ਕੋਸ਼ਿਸ਼ ਵੀ ਨਾ ਕਰਨਾ। ਇਸ ਸਮੇਂ ਈਦੀ ਕਿਸੇ ਦਾ ਵੀ ਨਹੀਂ, ਇਥੋਂ ਤਕ ਕਿ ਆਪਣੇ ਆਪ ਦਾ ਵੀ ਨਹੀਂ।" ਸਾਡੇ ਸਾਰਿਆਂ ਦੀਆਂ ਇਕੋ ਜਿਹੀਆਂ ਅੰਦਰੂਨੀ ਬੇਅਰਾਮੀ ਦੀਆਂ ਭਾਵਨਾਵਾਂ ਸਨ, ਉਹ ਕਿਉਂ ਸਨ ? ਇਹ ਅਸੀਂ ਨਹੀਂ ਸਾਂ ਜਾਣਦੇ।

ਫਿਰ ਇਹ ਮਾਮਲਾ ਭੁਲ ਗਿਆ ਕਿਉਂ ਜੋ ਮੇਰਾ ਧਿਆਨ ਹੋਰ ਮੁੱਦਿਆਂ ਵਿਚ ਲੱਗ ਗਿਆ ਅਤੇ ਫਿਰ 1½ ਸਾਲ ਬਾਅਦ ਇਹ ਮਾਮਲਾ ਫਿਰ ਸਾਹਮਣੇ ਆ ਗਿਆ। ਜੁਲਾਈ 1994 ਵਿਚ ਸਾਡੇ ਅਮਰੀਕਾ ਵਿਚ ਫਾਊਂਡੇਸ਼ਨ ਦੇ ਪ੍ਰਤੀਨਿਧ ਨੇ ਲੰਡਨ ਵਿਚ ਇਕ ਕਾਨਫਰੰਸ ਬੁਲਾਈ ਅਤੇ ਇੰਗਲੈਂਡ ਵਿਚ ਈਦੀ ਫਾਊਂਡੇਸ਼ਨ ਦੇ ਪ੍ਰਤੀਨਿਧ ਨੇ ਮੇਰੇ ਕੋਲੋਂ ਪੁੱਛਿਆ ਕਿ ਕੀ ਇਮਰਾਨ ਖਾਨ ਮੈਨੂੰ ਆ ਕੇ ਮਿਲ ਸਕਦਾ ਹੈ।

ਕ੍ਰਿਕਟ ਦੀ ਖੇਡ ਤੋਂ ਰਿਟਾਇਰ ਹੋਣ ਤੋਂ ਪਹਿਲਾਂ, ਇਮਰਾਨ ਖਾਨ ਨੇ ਪਾਕਿਸਤਾਨ ਵਿਚ ਕੈਂਸਰ ਹਸਪਤਾਲ ਬਨਾਉਣ ਦਾ ਖਿਆਲ ਆਪਣੇ ਦਿਮਾਗ ਵਿਚ ਲਿਆਂਦਾ ਸੀ। ਭਾਵੇਂ ਕਿ ਇਸ ਫੈਸਲੇ ਬਾਰੇ ਮੇਰੇ ਕੋਲ ਰਾਖਵੇਂ ਅਧਿਕਾਰ ਸਨ ਪਰ ਫਿਰ ਵੀ ਮੈਂ ਉਸ ਦੇ ਇਸ ਚੰਗੇ ਕੰਮ ਲਈ ਜਨਤਾ ਦੀ ਮਜ਼ਬੂਤ ਅਪੀਲ ਨੂੰ ਸਲਾਹਿਆ। ਜਦੋਂ ਕੋਈ ਆਦਮੀ, ਆਮ ਜਨਤਾ ਲਈ ਕੰਮ ਕਰਦਾ ਹੈ ਤਾਂ ਮੈਂ ਆਪਣੇ ਦੋਸਤਾਂ ਨੂੰ ਦੱਸਦਾ ਹਾਂ, "ਘੱਟੋ ਘੱਟ ਮੇਰੇ ਮੋਢਿਆਂ ਦਾ ਇਕ ਭਾਰ ਤਾਂ ਘਟਿਆ।" ਇਸ ਭਾਵਨਾ ਨਾਲ, ਮੈਂ ਉਹਨਾਂ ਪਹਿਲੇ ਵਿਅਕਤੀਆਂ ਵਿਚੋਂ ਸਾਂ ਜਿਨ੍ਹਾਂ ਨੇ ਇਕ ਲੱਖ ਪੰਝੀ ਹਜ਼ਾਰ ਰੁਪਏ ਉਸ ਸੰਸਥਾ ਨੂੰ ਦਾਨ ਦਿੱਤਾ।

ਇਸ ਮੀਟਿੰਗ ਵਿਚ ਇਮਰਾਨ ਖਾਨ ਨੇ ਮੈਨੂੰ ਸਲਾਹ ਦਿੱਤੀ ਕਿ ਭ੍ਰਿਸ਼ਟ ਵਾਤਾਵਰਣ ਦੇ ਸਾਹਮਣੇ ਖੁੱਲ੍ਹ ਕੇ ਲੋਕਾਂ ਵਿਚ ਇਸ ਮੁੱਦੇ ਨੂੰ ਰੱਖਿਆ ਜਾਵੇ। ਉਸ ਦਾ ਵਿਚਾਰ ਸੀ ਕਿ ਕੁਝ ਚੰਗੀ ਸਾਖ ਵਾਲੇ ਵਿਅਕਤੀਆਂ ਦਾ ਇਕ ਤਾਕਤਵਰ ਗਰੁੱਪ, ਜੇ ਉਹਨਾਂ ਵਿਚ ਏਕਤਾ ਹੋਵੇ, ਤਾਂ ਉਹ ਇਸ ਸਥਿਤੀ ਨੂੰ ਬਦਲ ਸਕਦੇ ਸਨ। ਜਦੋਂ ਉਹ ਇਸ ਦੀ ਵਿਆਖਿਆ ਕਰ ਰਿਹਾ ਸੀ ਤਾਂ ਮੈਂ ਚੁੱਪ ਚਾਪ ਇਸ ਨੂੰ ਸੁਣ ਰਿਹਾ ਸਾਂ, ਜਦੋਂ ਉਹ ਚੁੱਪ ਹੋਇਆ ਤਾਂ ਮੈਂ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਮਾਮਲਿਆਂ ਵਿਚ ਆਪਣੇ ਆਪ ਨੂੰ ਨਾ ਉਲਝਾਏ, "ਅਸੀਂ ਇਸ ਸਥਿਤੀ ਵਿਚ ਨਹੀਂ ਕਿ ਕੁਝ ਵੀ ਤਬਦੀਲੀ ਕਰ ਸਕੀਏ। ਆਪਣੇ ਕੰਮ ਨੂੰ ਪੂਰਾ ਕਰਨ ਤੋਂ ਇਲਾਵਾ ਕਿਸੇ ਵੀ ਹੋਰ ਢੰਗ ਨਾਲ ਨਹੀਂ ਕਰ ਸਕਦੇ। ਆਪਣੇ ਉਦੇਸ਼ ਉਤੇ ਕੇਂਦਰਿਤ ਹੁੰਦੇ ਹੋਏ, ਹੋਰ ਕਿਸੇ ਵਿਚ ਵੀ ਦਖਲ ਦੇਣਾ ਸਾਡਾ ਕੰਮ ਨਹੀਂ। ਤੁਸੀਂ ਵੱਧ ਤੋਂ ਵੱਧ ਦਬਾਅ ਪਾ ਸਕਦੇ ਹੋ, ਜੇ ਤੁਸੀਂ ਪਹਿਲਾ ਇਸ ਨੂੰ ਬਣਾ ਲਉ।" ਇੱਕਲੇ ਰਹੋ ਅਤੇ ਆਪਣੇ ਕੰਮ ਕਰਦੇ ਰਹੋ, ਇਹ ਹੀ ਇਕ ਚੰਗਾ ਢੰਗ ਹੈ ਕਿ ਦਬਾਅ ਬਣਾਇਆ ਜਾਏ।

ਉਹ ਕਾਹਲੀ ਵਿਚ ਸੀ, ਜਿਸ ਤਰ੍ਹਾਂ ਆਮ ਤੌਰ ’ਤੇ ਜਵਾਨ ਆਦਮੀ ਜੋ, ਆਮ ਆਦਮੀ ਦੀ ਹਾਲਤ ਨੂੰ ਵੇਖਦੇ ਹਨ ਅਤੇ ਉਸ ਦੀ ਸਹਾਇਤਾ ਕਰਨ ਦੀ ਖਾਹਿਸ਼ ਰੱਖਦੇ ਹਨ। ਉਹ ਆਪਣੇ ਵਿਚਾਰ ’ਤੇ ਲਗਾਤਾਰ ਜ਼ੋਰ ਦੇ ਰਿਹਾ ਸੀ ਅਤੇ ਇਕ ਦਬਾਅ ਵਾਲੇ ਗਰੁੱਪ ਦੇ ਲਾਭ ਦੱਸ ਰਿਹਾ ਸੀ। ਮੈਂ ਉਸ ਨੂੰ ਸਲਾਹ ਦੇਣਾ ਜਾਰੀ ਰੱਖਿਆ, “ਇੱਕਲੇ ਰਹੋ, ਚੰਗੇ ਕੰਮ ਲਈ ਦਬਾਅ ਬਣਾਉ। ਦਬਾਅ ਵਾਲੇ ਗਰੁੱਪਾਂ ਅਤੇ ਰਾਜਨੀਤਕ ਪਾਰਟੀਆਂ ਵਿਚ ਆਪਣੇ ਆਪ ਨੂੰ ਨਾ ਉੱਲਝਾਉ, ਉਹ ਤੁਹਾਨੂੰ ਕਮਜ਼ੋਰ ਕਰ ਦੇਣਗੇ ਅਤੇ ਉਸ ਨੂੰ ਗੈਰ ਜ਼ਰੂਰੀ ਬਣਾ ਦੇਣਗੇ। ਇਸ ਤੋਂ ਪਹਿਲਾਂ ਕਿ ਤੁਸੀਂ ਜਾਣ ਸਕੋ, ਉਹ ਤੁਹਾਨੂੰ ਮੈਦਾਨ ਵਿਚ ਖਿੱਚ ਲਿਆਉਣਗੇ, ਅਤੇ ਤੁਹਾਨੂੰ ਤੁਹਾਡੇ ਅਮਲੀ ਕੰਮ ਤੋਂ ਦੂਰ ਲੈ ਜਾਣਗੇ ਅਤੇ ਤੁਹਾਨੂੰ ਉਹਨਾਂ ਲੋਕਾਂ ਵਿਚ ਲਿਆ ਕੇ ਬਿਠਾ ਦੇਣਗੇ, ਜਿਨ੍ਹਾਂ ਨੂੰ ਤੁਸੀਂ ਹਟਾਉਣਾ ਚਾਹੁੰਦੇ ਹੋ। ਇਸ ਮਸਲੇ ਤੋਂ ਦੂਰ ਰਹੋ। ਇਸ ਦੀ ਗੰਭੀਰਤਾ, ਤੁਹਾਡੀ ਸਮਝ ਤੋਂ ਪਰੇ ਹੈ।”

ਜਦੋਂ ਉਹ ਇਨ੍ਹਾਂ ਗੱਲਾਂ ਨਾਲ ਸਹਿਮਤ ਨਾ ਹੋਇਆ ਤਾਂ ਮੈਂ ਉਸ ਨੂੰ ਹੋਰ ਵਿਸਥਾਰ ਨਾਲ ਦੱਸਿਆ, “ਮੈਂ ਇਸ ਤਬਦੀਲੀ, ਜਿਸ ਦਾ ਤੁਸੀਂ ਪਿੱਛਲੇ 45 ਸਾਲਾਂ ਤੋਂ ਸਮਰਪਣ ਕਰ ਰਹੇ ਹੋ, ਨੂੰ ਲਿਆਉਣ ਲਈ ਉੱਲਝਿਆ ਹੋਇਆ ਹਾਂ। ਮੇਰਾ ਢੰਗ ਬਹੁਤ ਅਮਨ ਦਾ ਢੰਗ ਹੈ ਅਤੇ ਉਹ ਹੌਲੀ-ਹੌਲੀ ਨਜ਼ਰ ਆਵੇਗਾ। ਇਸ ਦੇ ਲਈ ਨਾ ਡਗਮਗਾਉਣ ਵਾਲੀ ਸਬਰ ਅਤੇ ਲਗਾਤਾਰ ਮਿਹਨਤ ਚਾਹੀਦੀ ਹੈ ਤਾਂ ਕਿ ਉਸਾਰੂ ਸਮਾਜਿਕ ਤਬਦੀਲੀ ਲਿਆਂਦੀ ਜਾ ਸਕੇ। ਮੈਂ ਸੌਖੇ ਤਰੀਕਿਆਂ ਵਿਚ, ਪ੍ਰਚਾਰ ਕਰਨ ਦੇ ਢੌਂਗਾਂ, ਤਾਕਤ ਦੀਆਂ ਖੇਡਾਂ ਅਤੇ ਹਿੱਸੇਦਾਰੀਆਂ ਵਿਚ ਵਿਸ਼ਵਾਸ ਨਹੀਂ ਰੱਖਦਾ।” ਮੇਰੇ ਇਹ ਸਭ ਕੁਝ ਕਹਿਣ ਤੋਂ ਬਾਅਦ ਉਸ ਦੀ ਚੁੱਪ ਵਿਚ ਲੱਗਦਾ ਸੀ ਕਿ ਉਸ ਨੂੰ ਕੁਝ ਸਮਝ ਆ ਗਿਆ ਸੀ। ਜਦੋਂ ਉਹ ਚਲਾ ਗਿਆ ਤਾਂ ਮੈਂ ਇਹ ਉਮੀਦ ਕੀਤੀ ਕਿ ਉਹ ਇਹ ਸਮਝ ਗਿਆ ਹੋਵੇਗਾ ਕਿ ਮੈਂ ਉਸ ਨੂੰ ਕਿੰਨੀ ਮਜ਼ਬੂਤੀ ਨਾਲ ਅਤੇ ਜਾਣ ਬੁੱਝ ਕੇ ਇਸ ਕੰਮ ਤੋਂ ਰੋਕਿਆ ਸੀ ਅਤੇ ਕਿਉਂ ਰੋਕਿਆ ਸੀ, ਪਰ ਉਸ ਦਾ ਮਨੋਵੇਗ ਮੈਨੂੰ ਸੰਦੇਹ ਵਿਚ ਛੱਡ ਗਿਆ। ਉਸ ਦੀ ਭਾਵਨਾਵਾਂ ਮੇਰੇ ਲਈ ਬਾਹਰਲੀਆਂ ਨਹੀਂ ਸਨ, ਮੈਂ ਵੀ ਇਸ ਤਰ੍ਹਾਂ ਦਾ ਹੀ ਕਾਹਲ ਕਈ ਵਾਰ ਮਹਿਸੂਸ ਕੀਤੀ ਸੀ।

ਅਗਸਤ ਮਹੀਨੇ ਦੇ ਕਿਸੇ ਸਮੇਂ ਵਿਚ ਮੇਰੇ ਪਾਕਿਸਤਾਨ ਵਾਪਸ ਆਉਣ ’ਤੇ ਜਨਰਲ ਹਮੀਦ ਗੁਲ ਜੋ ਦੋ ਸਾਲ ਪਹਿਲਾਂ ਕਾਰਪਸ ਕਮਾਂਡਰ ਮੁਲਤਾਨ ਦੇ ਆਹੁਦੇ ਤੋਂ ਰਿਟਾਇਰ ਹੋਇਆ ਸੀ, ਉਸ ਦਾ ਟੈਲੀਫੋਨ ਆਇਆ, “ਈਦੀ ਸਾਹਿਬ ਇਹ ਸਿਆਸਤਦਾਨ ਲੋਕਾਂ ਨੂੰ ਬਰਬਾਦ ਕਰਨ ਵਿਚ ਸਫਲ ਹੋ ਗਏ ਹਨ ਅਤੇ ਹੁਣ ਉਹ ਸੁਰੱਖਿਆ ਦੇ ਕੰਮਾਂ ਵਿਚ ਦਖ਼ਲ ਦੇ ਰਹੇ ਹਨ।” ਮੈਨੂੰ ਹੈਰਾਨੀ ਹੋਈ ਕਿ ਉਸ ਦਾ ਕੀ ਅਰਥ ਸੀ ਅਤੇ ਮੈਂ ਸੋਚਿਆ ਕਿ ਉਹ ਮੇਰੇ ਵਲੋਂ ਉਸ ਨੂੰ ਮੁਲਤਾਨ ਵਿਚ ਪਹਿਲਾਂ ਦਿੱਤੇ ਗਏ ਸੁਝਾਅ ’ਤੇ ਨਿਰਭਰ ਕਰ ਰਿਹਾ ਸੀ; ਪਰ ਇਹ ਉਦੋਂ ਸੀ ਜਦੋਂ ਉਹ ਇਸ

ਸਥਿੱਤੀ ਵਿਚ ਸੀ ਕਿ ਉਹ ਇਹ ਫ਼ਰਕ ਵੇਖ ਸਕਦਾ ਸੀ। ਹੁਣ ਉਸ ਨੂੰ ਉਸ ਪ੍ਰਕ੍ਰਿਆ 'ਤੇ ਵਿਸਥਾਰ ਪੂਰਵਕ ਚਰਚਾ ਕਰਨੀ ਚਾਹੀਦੀ ਸੀ ਜਿਸ ਵਿਚ ਲੋਕਤੰਤਰੀ ਅੰਦੋਲਨ ਹੋ ਸਕਦਾ ਸੀ। ਇਹ ਇਕ ਵੱਖਰੀ ਖੇਡ ਸੀ।

ਉਸ ਨੇ ਇਕ ਦਬਾਅ ਵਾਲੇ ਗਰੁੱਪ ਦਾ ਖਿਆਲ ਵਿਸਥਾਰ ਨਾਲ ਦੱਸਿਆ ਜਿਸ ਵਿਚ ਕੁਝ, ਇਕੋ ਜਿਹੇ ਵਿਚਾਰ ਰੱਖਣ ਵਾਲੇ ਅਤੇ ਵਿਸ਼ਵਾਸਯੋਗ ਲੋਕ ਹੋਣ ਅਤੇ ਕਹਿਣ ਲੱਗਾ, "ਸਾਨੂੰ ਦੇਸ਼ ਨੂੰ ਸੁਰੱਖਿਅਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹ ਲੋਕ ਜਿਨ੍ਹਾਂ ਦੇ ਬੇਦਾਗ ਰਿਕਾਰਡ ਹੋਣ ਅਤੇ ਜਾਇਜ਼ ਇਰਾਦੇ ਹੋਣ, ਉਹ ਹੀ ਇਹ ਤਬਦੀਲੀ ਕਰ ਸਕਦੇ ਹਨ।" ਮੈਂ ਉਸ ਨੂੰ ਸੁਣਦਾ ਰਿਹਾ ਅਤੇ ਹਲੀਮੀ ਨਾਲ ਜੁਆਬ ਦਿੱਤਾ, "ਜਨਰਲ ਸਾਹਿਬ, ਮੇਰਾ ਕੰਮ ਕਿਸੇ ਹੋਰ ਕੰਮ ਲਈ ਸਮੇਂ ਦੀ ਇਜ਼ਾਜਤ ਨਹੀਂ ਦਿੰਦਾ।" ਉਹ ਅੜਿਆ ਰਿਹਾ ਅਤੇ ਪੁੱਛਣ ਲੱਗਾ ਕਿ ਮੈਂ ਇਸਲਾਮਾਬਾਦ ਕਦੋਂ ਆਵਾਂਗਾ ਤਾਂ ਕਿ ਅਸੀਂ ਮਿਲ ਸਕੀਏ, ਮੈਂ ਉਸ ਨੂੰ ਦੱਸਿਆ ਕਿ ਮੈਂ ਛੇਤੀ ਹੀ ਉਸ ਨੂੰ ਦੱਸਾਂਗਾ।

ਮੈਂ ਮਹਿਸੂਸ ਕਰਦਾ ਸਾਂ ਕਿ ਉਹ ਵੀ ਉਸ ਹੀ ਤੇਜੀ ਅਤੇ ਬੇਸਬਰੀ ਨਾਲ ਬੋਲ ਰਿਹਾ ਸੀ, ਜਿਸ ਬੇਸਬਰੀ ਨਾਲ ਇਮਰਾਨ ਖਾਨ ਬੋਲ ਰਿਹਾ ਸੀ। ਮੈਂ ਜਿੰਨਾਂ ਕੁ ਜਨਰਲ ਹਮੀਦ ਗੁਲ ਦੀ ਸਹਿਜ ਆਵਾਜ਼ ਨਾਲ ਸਮਝ ਸਕਿਆ ਉਹ ਇਹ ਕਿ ਜਨਰਲ ਚੰਗੀ ਤਰ੍ਹਾਂ ਜਾਣਦਾ ਸੀ। ਉਸ ਕੋਲ ਸਿਆਸਤ ਦਾ ਅਪ੍ਰਤੱਖ ਤਜ਼ਰਬਾ ਸੀ। ਮੈਂ ਸੋਚਿਆ, "ਇਹ ਪੱਕਾ ਹੈ ਕਿ ਉਹ ਮੇਰੇ ਵਿਚਾਰਾਂ ਬਾਰੇ ਜਾਣਦਾ ਹੈ। ਚਿਹਰੇ ਬਦਲ ਕੇ ਪ੍ਰਣਾਲੀ ਨੂੰ ਠੀਕ ਨਹੀਂ ਕੀਤਾ ਜਾ ਸਕਦਾ। ਇਹ ਸਿਰਫ ਲੋਕਤੰਤਰੀ ਪ੍ਰਣਾਲੀ ਵਿਚ ਰੁਕਵਟਾਂ ਪਾਉਂਦੇ ਅਤੇ ਇਸ ਨੂੰ ਪਿਛਾਂਹ ਵੱਲ ਧਕੇਲ ਦਿੰਦੇ ਹਨ।

ਮੇਰਾ ਇੱਕਲੇ ਰਹਿਣ ਦਾ ਢੰਗ ਮੇਰੇ ਇਸ ਵਿਸ਼ਵਾਸ ਉਤੇ ਆਧਾਰਿਤ ਸੀ ਕਿ ਫਿਰਕਾਵਾਦ, ਬੋਲੀ, ਕਬੀਲਾਵਾਦ, ਅਤੇ ਰਾਜਨੀਤਕ ਵੰਡਾਂ ਨੂੰ ਮਤਭੇਦ ਵਿਚ ਨਹੀਂ ਆਉਣਾ ਚਾਹੀਦਾ ਜਾਂ ਖਰਾਇਤੀ ਸੰਸਥਾਵਾਂ ਦੇ ਮੁਕਾਬਲੇ ਵਿਚ ਆ ਜਾਂਦੀਆਂ ਸਨ, "ਮੈਂ ਇਕ ਆਦਮੀ ਨਾਲ ਇਕ ਰਸਤੇ 'ਤੇ ਚਲ ਰਿਹਾ ਹਾਂ... ਮੈਂ ਆਪਣੇ ਨਾਲ।" ਬਿਲਕਿਅਸ ਇਹ ਜਾਣਨਾ ਚਾਹੁੰਦੀ ਸੀ ਕਿ ਮੈਂ ਇਸ ਮਾਮਲੇ ਨੂੰ ਇੰਨੀ ਮਹੱਤਤਾ ਕਿਉਂ ਦੇ ਰਿਹਾ ਸਾਂ ਅਤੇ ਮੈਂ ਇਹ ਮੰਨਦਾ ਸਾਂ ਕਿ ਮੈਂ ਇਸ ਤੋਂ ਆਪਣੀ ਸਹਿਜ ਬਿਰਤੀ ਵਿਚ ਪ੍ਰੇਸ਼ਾਨ ਸਾਂ ਮੈਂ ਆਪਣੇ ਸਾਥੀਆਂ ਨਾਲ ਵਿਚਾਰ ਕੀਤੀ, "ਪਿੱਛਲੇ ਸਾਲ ਏਜੰਸੀ ਵਿਚ ਉਨ੍ਹਾਂ ਦੋ ਆਦਮੀਆਂ ਦੀਆਂ ਗੱਲਾਂ ਵੀ ਇੰਨਾਂ ਵਰਗੀਆਂ ਹੀ ਸਨ।" ਮੈਂ ਪ੍ਰੈਸ ਵਿਚ ਇਕ ਬਿਆਨ ਦਿੱਤਾ, "ਮੇਰਾ ਕੰਮ ਗੈਰ ਸਿਆਸੀ ਹੈ। ਮੈਂ ਇਕ ਸਮਾਜ ਸੇਵਕ ਹਾਂ ਅਤੇ ਇਹੋ ਹੀ ਰਹਿਣਾ ਚਾਹੁੰਦਾ ਹਾਂ।" ਮੈਂ ਆਪਣੇ ਬਾਰੇ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ, ਉਹ ਜੋ ਕੁਝ ਕਰਦੇ ਹਨ ਉਹ ਉਹਨਾਂ ਦਾ ਆਪਣਾ ਕੰਮ ਹੈ।

ਅਗਲੇ ਹਫਤੇ ਇਸਲਾਮਾਬਾਦ ਦੇ ਸਾਡੇ ਜੋਨ ਦੇ ਇੰਨਚਾਰਜ ਨੂੰ ਮੈਂ ਕਿਹਾ ਕਿ ਉਹ ਜਨਰਲ ਸਾਹਿਬ ਨੂੰ ਫੋਨ ਕਰ ਕੇ ਸੂਚਨਾ ਦੇਣ ਕਿ ਮੈਂ ਉਹਨਾਂ ਦੀ ਯੋਜਨਾ ਵਿਚ ਦਿਲਚਸਪੀ ਨਹੀਂ ਰੱਖਦਾ, ਤਾਂ ਕਿ ਉਹ ਮੈਨੂੰ ਉਡੀਕਣ ਵਿਚ ਆਪਣਾ ਸਮਾਂ ਨਾ ਗਵਾਉਣ। ਉਸ ਇੰਨਚਾਰਚ ਨੇ ਮੈਨੂੰ ਵਾਪਸ ਫੋਨ ਕੀਤਾ ਕਿ ਜਨਰਲ ਸਾਹਿਬ ਪਹਿਲਾਂ ਹੀ ਉਹਨਾਂ ਦੇ ਖਿਆਲ ਉਨ੍ਹਾਂ ਦੇ ਪ੍ਰੈਸ ਦੇ ਬਿਆਨ ਤੋਂ ਸਮਝ ਗਏ ਸਨ। ਇਹ ਵਿਸ਼ਾ ਬੰਦ ਹੋ ਗਿਆ ਅਤੇ ਮੈਂ ਆਪਣੇ ਕੰਮ ਵਿਚ ਰੁੱਝ ਗਿਆ ਅਤੇ ਇਸ ਵਿਸ਼ੇ ਵਿਚ ਹੋਰ ਕੁਝ ਉਦੋਂ ਤਕ ਨਾ ਸੋਚਿਆ ਗਿਆ ਜਦੋਂ ਕਿ ਅਕਤੂਬਰ ਵਿਚ ਇਕ ਫੌਜ ਦਾ ਅਫਸਰ ਟਾਵਰ ’ਤੇ ਆਇਆ।

ਮੈਨੂੰ ਦੱਸਿਆ ਗਿਆ ਕਿ ਉਹ ਇਕ ਘੰਟਾ ਇਸ ਸੰਸਥਾ ਦੇ ਚੱਲਣ ਬਾਰੇ ਸੁਆਲ ਪੁੱਛਦਾ ਰਿਹਾ ਅਤੇ ਉਹ ਇਸ ਨੂੰ ਸਾਧਾਰਨ ਤਰੀਕੇ ਨਾਲ ਇਸ ਦੇ ਵਿਸਥਾਰ ਤੋਂ ਬਹੁਤ ਪ੍ਰਭਾਵਿਤ ਸੀ। ਅਗਲੇ ਸ਼ੁਕਰਵਾਰ ਉਹ ਫਿਰ ਆ ਗਿਆ ਅਤੇ ਉਸ ਨੂੰ ਦੱਸਿਆ ਗਿਆ ਕਿ ਉਹ ਸ਼ਾਇਦ ਮੈਨੂੰ ਸੋਹਰਾਬ ਗੋਥ ਮਿਲ ਪਵੇ। ਉਹ ਇਕ ਘੰਟਾ ਟਾਵਰ ’ਤੇ ਉਡੀਕਦਾ ਰਿਹਾ ਅਤੇ ਫਿਰ ਸੋਹਰਾਬ ਗੋਥ ਆ ਗਿਆ ਜਿੱਥੇ ਉਸ ਨੇ ਇੰਨਚਾਰਜ ਨਾਲ ਗੱਲਾਂ ਕੀਤੀਆਂ; ਉਸ ਦੀਆਂ ਗੱਲਾਂ ਮੁੱਖ ਤੌਰ ’ਤੇ ਇਸ ਪ੍ਰਣਾਲੀ ਦੇ ਬਾਰੇ ਅਤੇ ਲੰਮੇ ਸਮੇਂ ਦੇ ਉਦੇਸ਼ਾਂ ਬਾਰੇ ਸਨ। ਉਹ ਉਦੋਂ ਉਥੋਂ ਗਿਆ ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਮੈਂ ਆਪਣੀ ਸਮਾਂ ਸੂਚੀ ਨੂੰ ਬਦਲ ਲਿਆ ਸੀ। ਮੈਂ ਹੈਰਾਨ ਹੁੰਦਾ ਰਿਹਾ ਕਿ ਉਹ ਮੈਨੂੰ ਕਿਉਂ ਮਿਲਣਾ ਚਾਹੁੰਦਾ ਸੀ, ਜਦੋਂ ਤਕ ਕਿ ਤੀਸਰੇ ਸ਼ੁਕਰਵਾਰ ਉਹ ਮੇਰੇ ਸੋਹਰਾਬ ਗੋਥ ਦੇ ਦਫਤਰ ਆ ਗਿਆ।

ਉਸ ਨੇ ਕਿਹਾ ਕਿ ਉਹ ਬ੍ਰਿਗੇਡੀਅਰ ਸੀ। ਅਸੀਂ ਮੇਰੇ ਆਪਣੇ ਕੰਮ ਬਾਰੇ ਅਤੇ ਕਰਾਚੀ ਦੇ ਅਸਥਿਰ ਦੰਗਾ ਗ੍ਰਸਤ ਮਹੌਲ ਬਾਰੇ ਗੱਲਬਾਤ ਕੀਤੀ। ਉਸ ਨੇ ਮੈਨੂੰ ਮਲੀਰ ਵਿਚ ਸੈਂਕਡਰੀ ਸਕੂਲ ਵਿਚ ਭਾਸ਼ਣ ਦੇਣ ਲਈ ਸੱਦਿਆ ਜਿਸ ਨੂੰ ਮੈਂ ਪ੍ਰਵਾਨ ਕਰ ਲਿਆ। ਉਸ ਮੌਕੇ ’ਤੇ ਮੈਂ ਵਿਦਿਆਰਥੀਆਂ ਸਾਹਮਣੇ ਭਾਸ਼ਣ ਦਿੱਤਾ ਅਤੇ ਆਪਣੇ ਉਹਨਾਂ ਵਿਚਾਰਾਂ ਨੂੰ ਠੀਕ ਦੱਸਿਆ ਜਿਨ੍ਹਾਂ ਨਾਲ ਮੈਂ ਆਪਣੇ ਦੇਸ਼ ਵਿਚ ਇਕ ਕਲਿਆਣਕਾਰੀ ਪ੍ਰਣਾਲੀ ਅਪਨਾਉਣਾ ਚਾਹੁੰਦਾ ਸਾਂ। ਅਗਲੇ ਸ਼ੁਕਰਵਾਰ ਉਹ ਫਿਰ ਮੇਰੇ ਦਫ਼ਤਰ ਵਿਚ ਆ ਗਿਆ ਅਤੇ ਅਖੀਰ ਵਿਚ ਉਸ ਨੇ ਦੱਸਿਆ ਕਿ ਉਹ ਇਸ ਬਾਰੇ ਜਿੱਦ ਕਿਉਂ ਕਰ ਰਿਹਾ ਸੀ, “ਈਦੀ ਸਾਹਿਬ ਇਹ ਸਮਾਂ ਹੈ ਕਿ ਤੁਸੀਂ ਸਮਾਜਿਕ ਕੰਮ ਵਿਚੋਂ ਅੱਗੇ ਆਉ ਅਤੇ ਦੇਸ਼ ਨੂੰ ਇਸ ਘੁੰਮਣਘੇਰੀ ਵਿਚੋਂ ਕੱਢੋ। ਤੁਸੀਂ ਇਸ ਸਥਿੱਤੀ ਵਿਚ ਹੋ ਕੇ ਤੁਸੀਂ ਇਕ ਵੱਡੀ ਸੇਵਾ ਕਰ ਸਕਦੇ ਹੋ।” ਮੈਂ ਉਸ ਨੂੰ ਕੁਝ ਸਵਾਲ ਪੁੱਛੇ ਅਤੇ ਉਸ ਦੀ ਰਾਇ ਅਤੇ ਢੰਗ ਬਿਲਕੁਲ ਉਸ ਤਰ੍ਹਾਂ ਦੇ ਹੀ ਸਨ ਜਿਸ ਤਰ੍ਹਾਂ ਦੇ ਏਜੰਸੀ ਦੇ ਦਫਤਰ ਵਿਚ ਮੈਨੂੰ ਦੋ ਆਦਮੀਆਂ ਵੱਲੋਂ ਦਰਸਾਏ ਗਏ ਸਨ, ਜਿਹੜੇ ਥੋੜਾ ਚਿਰ ਪਹਿਲਾਂ ਮੈਨੂੰ ਮਿਲੇ ਸਨ। ਜਦੋਂ ਮੈਂ ਉਹਨਾਂ ਦੇ ਇਕੋ ਜਿਹੇ

ਵਿਚਾਰਾਂ ਬਾਰੇ ਸੁਚੇਤ ਹੋ ਗਿਆ ਤਾਂ ਮੈਂ ਉਸ ਨੂੰ ਕਿਹਾ, "ਚਿਹਰੇ ਬਦਲਣ ਨਾਲ ਕੋਈ ਚੰਗੇ ਇਰਾਦੇ ਨਹੀਂ ਆ ਜਾਂਦੇ। ਇਸ ਪ੍ਰਣਾਲੀ ਨੂੰ ਬਦਲਣ ਲਈ ਖਿਆਲ ਤੋਂ ਇਲਾਵਾ ਹੋਰ ਵੀ ਕੁੱਝ ਚਾਹੀਦਾ ਹੈ। ਪ੍ਰਣਾਲੀ ਨੂੰ ਲਾਗੂ ਕਰਨ ਲਈ 25 ਸਾਲ ਚਾਹੀਦੇ ਹਨ। ਜੋ ਕੁਝ ਮੈਂ ਕਰ ਰਿਹਾ ਹਾਂ ਇਹ ਇਸ ਤਬਦੀਲੀ ਲਈ ਅਮਲੀ ਢੰਗ ਹੈ।" ਉਸ ਨੇ ਖੁਸ਼ਾਮਦ ਕਰਦਿਆਂ ਹੋਇਆਂ ਇਸ ਦਾ ਜਵਾਬ ਦਿੱਤਾ, "ਈਦੀ ਸਾਹਿਬ, ਤੁਸੀਂ ਹੌਲੀ-ਹੌਲੀ ਤੁਰ ਰਹੇ ਹੋ। ਤੁਸੀਂ ਉਹ ਸਭ ਕੁਝ ਇਸ ਖੇਤਰ ਵਿਚ ਕੀਤਾ ਹੈ, ਹੁਣ ਤੁਹਾਨੂੰ ਅੱਗੇ ਵਧਣ ਦੀ ਲੋੜ ਹੈ। ਤੁਹਾਨੂੰ ਇਕ ਬਿਲੀਆਨ ਚਾਹੀਦਾ ਹੈ ਅਤੇ ਇਸ ਨੂੰ ਇੱਕਠਾ ਕਰਨ ਲਈ ਸੱਤ ਸਾਲਾਂ ਦਾ ਟੀਚਾ ਹੈ, ਪਰ ਇਹ ਇਕ ਛਾਲ ਵਿਚ ਇੱਕਠਾ ਕੀਤਾ ਜਾ ਸਕਦਾ ਹੈ। ਇਕ ਅਧਿਕਾਰੀ ਦੀ ਸਥਿੱਤੀ ਤੋਂ ਤੁਸੀਂ ਆਪਣੀਆਂ ਸਾਰੀਆਂ ਨੀਤੀਆਂ ਬਗੈਰ ਕਿਸੇ ਦੇਰੀ ਜਾਂ ਰੁਕਾਵਟ ਦੇ ਲਾਗੂ ਕਰ ਸਕਦੇ ਹੋ।"

ਤਾਂ ਉਹ ਮੇਰੀ ਅਗਵਾਈ ਕਰਨ ਲਈ ਮੇਰੇ ਬਾਰੇ ਜ਼ਿਆਦਾ ਨਹੀਂ ਸੀ ਜਾਣਦਾ ਕਿ ਉਹ ਮੇਰੀ ਅਗਵਾਈ ਵਿਚ ਉਸ ਦਾ ਕੇਸ ਬਿਲਕੁਲ ਤਬਾਹ ਹੋ ਜਾਵੇਗਾ, "ਮੈਂ ਛੋਟਿਆਂ ਰਸਤਿਆਂ ਰਾਹੀਂ ਮੰਜ਼ਲ ਤਕ ਪਹੁੰਚਣ 'ਤੇ ਵਿਸ਼ਵਾਸ ਨਹੀਂ ਰੱਖਦਾ। ਸ਼ੁਰੂ ਤੋਂ ਹੀ ਮੇਰਾ ਢੰਗ, ਕਦਮ-ਕਦਮ ਕਰਕੇ ਚੱਲਣਾ ਹੈ। ਮੈਂ ਹੁਣ ਕਿਉਂ ਛਾਲ ਮਾਰਨਾ ਚਾਵਾਂਗਾ ਅਤੇ ਅਖ਼ੀਰਲੇ ਕਦਮ ਛੱਡ ਦਿਆਂ।" ਉਸ ਨੇ ਮੁਸਕਰਾ ਕੇ ਜਵਾਬ ਦਿੱਤਾ, "ਕਿਉਂ ਜੋ ਦੇਸ਼ ਉਡੀਕ ਨਹੀਂ ਕਰ ਸਕਦਾ, ਇਸ ਦੀਆਂ ਹਾਲਤਾਂ ਇਸ ਦੀ ਇਜਾਜ਼ਤ ਨਹੀਂ ਦੇਂਦੀਆਂ।

ਭਾਵੇਂ ਕਿ ਦੇਸ਼ ਬਾਰੇ ਮੈਂ ਕੋਈ ਵੀ ਚਰਚਾ ਨਹੀਂ ਸਾਂ ਕਰਨਾ ਚਾਹੁੰਦਾ ਅਤੇ ਮੈਨੂੰ ਯਕੀਨ ਸੀ ਕਿ ਉਸ ਨੂੰ ਇਨ੍ਹਾਂ ਹਾਲਤਾਂ ਬਾਰੇ ਕੁਝ ਵੀ ਪਤਾ ਨਹੀਂ। ਮੈਂ ਆਪਣੇ ਸ਼ਬਦਾਂ 'ਤੇ ਕਾਬੂ ਨਾ ਪਾ ਸਕਿਆ, "ਦੇਸ਼ ਨੇ ਆਪਣੇ ਹਿੱਸੇ ਤੋਂ ਵੀ ਜ਼ਿਆਦਾ ਸਹਿਣ ਕੀਤਾ ਹੈ ਅਤੇ ਬਹੁਤ ਕੁਝ ਸਹਿਣ ਕਰੇਗਾ, ਜੇ ਤੁਸੀਂ ਦੁਬਾਰਾ ਇਸ ਦੇ ਲੋਕਤੰਤਰੀ ਪ੍ਰਣਾਲੀ ਵਿਚ ਰੁਕਾਵਟਾਂ ਨਾ ਪਾਉ। ਸਰਕਾਰ ਨੂੰ ਉਸ ਦੀ ਮਿਆਦ ਪੂਰੀ ਕਰਨ ਦਿਉ, ਆਪਣਾ ਪ੍ਰਭਾਵ ਸੰਬੰਧਿਤ ਸ਼ਕਤੀਸ਼ਾਲੀ ਲੋਕਾਂ ਕੋਲ ਵਰਤੋ ਤਾਂ ਕਿ ਇਹ ਮਿਆਦ ਪੰਜ ਸਾਲਾਂ ਦੀ ਬਜਾਏ ਤਿੰਨ ਸਾਲਾਂ ਦੀ ਹੋ ਜਾਵੇ, ਪਰ ਇਸ ਨੂੰ ਫਿਰ ਤੋੜਨ ਦੀ ਗ਼ਲਤੀ ਨਾ ਕਰਨਾ...... ਕਿਸੇ ਲਈ ਵੀ ਨਹੀਂ।"

ਉਹ ਮੇਰੀਆਂ ਸਾਧਾਰਨ ਟਿੱਪਣੀਆਂ ਤੋਂ ਬੇਚੈਨ ਹੋਇਆ ਲੱਗਦਾ ਸੀ, "ਭੁੱਟੋ ਨੂੰ ਹਟਾਉਣ ਲਈ ਨੌਂ *ਵਾਲੀ ਅਲਾਹਸ* ਸਾਹਮਣੇ ਆ ਗਏ ਸਨ, ਉਹ ਸਾਨੂੰ ਸਵਰਗ ਦੀ ਕੁੰਜੀ ਦੇ ਰਹੇ ਸਨ, ਪਰ ਇਹ ਗ਼ਲਤ ਕੁੰਜੀ ਸੀ ਅਤੇ ਇਸ ਨਾਲ ਕੁਝ ਵੀ ਨਹੀਂ ਸੀ ਖੁਲ੍ਹਦਾ। ਜੇ ਭੁੱਟੋ ਨੂੰ ਉਸ ਦੀ ਮਿਆਦ ਪੂਰੀ ਕਰਨ ਦਿੱਤੀ ਜਾਂਦੀ ਤਾਂ ਉਹ ਸਾਡੇ ਰਾਹ 'ਤੇ ਤੁਰਦਾ। ਤਿੰਨ ਜਾਂ ਚਾਰ ਚੋਣਾਂ ਨੇ ਲੋਕਤੰਤਰ ਦਾ ਰਾਹ ਪੱਧਰਾ

ਕਰ ਦਿੱਤਾ ਹੈ। ਜੇ ਤੁਸੀਂ ਸੱਚਮੁੱਚ ਹੀ ਤਬਦੀਲੀ ਚਾਹੁੰਦੇ ਹੋ, ਸਰਕਾਰ ਨੂੰ ਲੋਕ ਭਲਾਈ ਲਈ ਪ੍ਰੇਰੋ।" ਹੁਣ ਤਕ ਮੇਰੀ ਖਿੱਝ ਸਪੱਸ਼ਟ ਸੀ, "ਜਨਰਲ ਜਿਆ ਨੇ, ਸਿਵਾਏ ਇਸ ਦੇ ਕਿ ਉਸ ਨੇ ਇਸਲਾਮ ਦੇ ਅਧੀਨ ਕੋੜੇ ਮਾਰਨ ਦਾ ਢੰਗ ਵਰਤਿਆ, ਜਦ ਅਸਲ ਵਿਚ ਉਸ ਨੇ ਦੇਸ਼ ਨੂੰ ਆਪਣੇ ਅਧੀਨ ਚਲਾਇਆ, ਉਸ ਨੇ ਕੀ ਪ੍ਰਾਪਤ ਕੀਤਾ ? ਤੁਹਾਡੇ ਖਿਆਲ ਚਲ ਨਹੀਂ ਸਕਦੇ। ਇੰਨਾਂ ਗ਼ਲਤ ਯੋਜਨਾਵਾਂ ਵਿਚ ਬਹੁਤ ਗੰਭੀਰ ਗ਼ਲਤੀਆਂ ਨੂੰ ਉਹਨਾਂ ਲੋਕਾਂ ਵੱਲੋਂ ਅਣਗੌਲਿਆ ਗਿਆ ਹੈ ਜਿਨ੍ਹਾਂ ਨੇ ਉਹ ਬਣਾਈਆਂ ਹਨ।"

ਉਸ ਨੇ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਪਰ ਮੈਂ ਆਪਣਾ ਹੱਥ ਉੱਚਾ ਕਰਕੇ ਉਸ ਨੂੰ ਬੰਦ ਕਰ ਦਿੱਤਾ, "ਤੁਸੀਂ ਅਫਗਾਨ ਦੀ ਜੰਗ ਦੇ ਸਿੱਟਿਆਂ ਨੂੰ ਨਹੀਂ ਵੇਖਦੇ ? ਕੀ ਇਹ ਕੋਈ ਯੋਜਨਾ ਸੀ ? ਜਦੋਂ ਉਸ ਦੀ ਕੀਮਤ ਗਿਰ ਗਈ, ਉਸ ਦਾ ਜਹਾਜ਼ ਵੀ ਡਿੱਗ ਪਿਆ। ਉਹ ਕਿਹੜੀ ਸਾਜਿਸ਼ ਸੀ ? ਇਹ ਕਿਥੋਂ ਸ਼ੁਰੂ ਹੋਈ ? ਉਸ ਨੂੰ ਕਿਸ ਨੇ ਪ੍ਰੇਰਿਆ ਅਤੇ ਜਨਰਲ ਨੇ ਆਪ ਕੀ ਪ੍ਰਾਪਤ ਕੀਤਾ ਜਾਂ ਵਿਸ਼ਵਾਸ ਕੀਤਾ ? ਉਸ ਸਾਜਿਸ਼ ਦੀ ਕਿਸਮਤ ਇੰਨੀ ਅਸਪਸ਼ਟ ਸੀ ਜਿੰਨੀ ਕਿ ਯੋਜਨਾ 'ਤੇ ਅਤੇ ਇੰਨੀ ਹੀ ਬੇਯਕੀਨੀ ਸੀ ਜਿੰਨੀ ਕਿ ਉਸ ਦਾ ਖੁਫੀਆ ਰਹਿਣਾ ਜਿਸ ਨਾਲ ਉਸ ਦੀ ਵਿਵਸਥਾ ਕੀਤੀ ਗਈ। ਇਸ ਤੋਂ ਬਾਅਦ ਹਮੇਸ਼ਾ ਤਬਾਹੀ ਹੁੰਦੀ ਹੈ।" ਜਦੋਂ ਉਹ ਉੱਠ ਕੇ ਜਾਣ ਲੱਗਾ ਉਹ ਹਮਦਰਦੀ ਦਾ ਬਹਾਨਾ ਕਰ ਰਿਹਾ ਸੀ ਅਤੇ ਉਹ ਕਹਿਣ ਲੱਗਾ, "ਈਦੀ ਸਾਹਿਬ, ਮੈਂ ਤੁਹਾਡੇ ਇਨਕਾਰ ਨੂੰ ਪ੍ਰਵਾਨ ਨਹੀਂ ਕੀਤਾ। ਮੈਂ ਅਗਲੇ ਸ਼ੁਕਰਵਾਰ ਫਿਰ ਤੁਹਾਨੂੰ ਕੁਝ ਜ਼ਿਆਦਾ ਦੱਸਣ ਲਈ ਆਵਾਂਗਾ।"

ਮੈਂ ਆਪਣੇ ਕੁਝ ਖਾਸ ਮਦਦਗਾਰਾਂ ਨੂੰ ਟੈਲੀਫੂਨ 'ਤੇ ਮੀਠਾਦਾਰ ਆਉਣ ਲਈ ਕਿਹਾ। ਇਸ ਸਮੇਂ ਮੈਂ ਇਕ ਕਮਰੇ ਤੋਂ ਦੂਸਰੇ ਕਮਰੇ ਵਿਚ ਗਿਆ। ਉਹ ਪਹੁੰਚ ਗਏ। ਮੈਂ ਉਹਨਾਂ ਅੱਗੇ ਆਪਣੀ ਗੱਲ ਰੱਖੀ, "ਤੁਸੀਂ ਕੀ ਮਹਿਸੂਸ ਕਰਦੇ ਹੋ ਕਿ ਇਹ ਕੀ ਹੈ ? ਮੈਨੂੰ ਇਸ ਗੱਲ ਨਾਲ ਬੇਅਰਾਮੀ ਹੈ।" ਅਸੀਂ ਵਿਸ਼ਲੇਸ਼ਣ ਕੀਤਾ, "ਇਕ ਸਾਜਿਸ਼ ਦੇ ਜੋੜ, ਇਕ ਚੇਨ ਦੀ ਤਰ੍ਹਾਂ ਹਨ, ਜਿਹੜੇ ਇਕ, ਦੂਸਰੇ ਨੂੰ ਜੋੜਦੇ ਹਨ। ਵੱਡੀ ਤਸਵੀਰ ਕਿਸੇ ਨੂੰ ਵੀ ਨਹੀਂ ਦਿੱਸਦੀ। ਇਹੋ ਜਿਹੀਆਂ ਸਕੀਮਾਂ ਵਿਚ ਖੁਲ੍ਹੀਆਂ ਮੀਟਿੰਗਾਂ ਨਹੀਂ ਹੁੰਦੀਆਂ, ਹਰ ਵਿਅਕਤੀ ਨੂੰ ਵੱਖਰੇ ਤੌਰ 'ਤੇ ਪ੍ਰਭਾਵਿਤ ਕੀਤਾ ਜਾਂਦਾ ਹੈ, ਹਰ ਕੋਈ ਦੂਸਰੇ ਬਾਰੇ ਅਣਜਾਣ ਹੁੰਦਾ ਹੈ। ਤੁਸੀਂ ਕੀ ਮਹਿਸੂਸ ਕਰਦੇ ਹੋ, ਇਹ ਕਿਥੋਂ ਆ ਰਹੇ ਹਨ ?" ਕਿਸੇ ਨੇ ਇਸ ਦਾ ਠੀਕ ਹੀ ਅੰਦਾਜ਼ਾ ਲਾਇਆ, "ਇਹ ਸਿਰਫ ਇਕ ਅਚਾਨਕ ਹੀ ਚੰਗੀ ਸਾਖ ਵਾਲੇ ਲੋਕਾਂ ਦੇ ਨਾਂ 'ਤੇ ਤਾਕਤ ਨੂੰ ਹਾਸਲ ਕਰਨ ਦੀ ਕੋਸ਼ਿਸ਼ ਹੈ। ਇਹ ਇਕ ਖਿਆਲ 'ਤੇ ਆਧਾਰਿਤ ਲੱਗਦੀ ਹੈ, ਕਿਸੇ ਅਧਿਐਨ 'ਤੇ ਨਹੀਂ," ਮੈਂ ਮੰਨ ਗਿਆ। ਉਹਨਾਂ ਦੀਆਂ ਯੋਜਨਾਵਾਂ ਥੋੜੇ ਸਮੇਂ ਦੀਆਂ ਸਨ। ਭਵਿੱਖ ਦਾ ਰਸਤਾ ਨਹੀਂ ਸੀ ਉਲੀਕਿਆ ਗਿਆ।

ਅਗਲੇ ਸ਼ੁਕਰਵਾਰ ਉਹ ਅਫਸਰ ਸੋਹਰਾਬ ਗੋਥ ਮੇਰੀ ਸਮਾਂ ਸੂਚੀ ਅਨੁਸਾਰ ਪਹੁੰਚ ਗਿਆ। ਉਸ ਨਾਲ ਇਕ ਹੋਰ ਆਦਮੀ ਸੀ, ਜਿਸ ਨੇ ਆਪਣੀ ਵਾਕਫੀ ਕਰਾਉਂਦੇ ਹੋਏ ਦੱਸਿਆ ਕਿ ਉਹ ਰਿਟਾਇਰਡ ਬ੍ਰਗੇਡੀਅਰ ਸੀ। ਪਰ ਉਸ ਦੀ ਉਮਰ, ਕਿਸੇ ਵੀ ਤਰ੍ਹਾਂ, ਉਸ ਵਲੋਂ ਦਿੱਤੀ ਸੂਚਨਾ ਨਾਲ ਮੇਲ ਨਹੀਂ ਸੀ ਖਾਂਦੀ। ਅਸੀਂ ਗੱਲਾਂ ਕਰਨ ਲਈ ਬੈਠ ਗਏ ਅਤੇ ਮੈਂ ਸਿੱਧਾ ਹੀ ਪੁੱਛ ਲਿਆ, "ਤੁਹਾਨੂੰ ਮੇਰੀ ਕਿਉਂ ਜ਼ਰੂਰਤ ਹੈ ? ਮੈਂ ਇਕ ਅਨਪੜ੍ਹ ਆਦਮੀ ਹਾਂ, ਤੁਹਾਨੂੰ ਜ਼ਿਆਦਾ ਯੋਗਤਾ ਰੱਖਣ ਵਾਲੇ ਵਿਅਕਤੀਆਂ ਨੂੰ ਮਿਲਣਾ ਚਾਹੀਦਾ ਹੈ। ਮੈਂ ਇਸ ਸਥਿੱਤੀ ਵਿਚ ਨਹੀਂ ਕਿ ਤਾਕਤਵਰ ਲੋਕਾਂ ਨੂੰ ਆਪਣੇ ਨਾਲ ਮਿਲਾ ਸਕਾਂ, ਉਹ ਮੇਰੇ ਤੋਂ ਬਹੁਤ ਜ਼ਿਆਦਾ ਤਾਕਤਵਰ ਹਨ।"

ਅਫਸਰ ਮੁਸਕਰਾ ਪਿਆ, "ਈਦੀ ਸਾਹਿਬ ਮੇਰੇ ਕੋਲ ਤੁਹਾਡੇ ਲਈ ਸੂਚਨਾ ਹੈ। ਤੁਸੀਂ ਇੱਕਲੇ ਨਹੀਂ ਹੋਵੋਗੇ। ਜਿਉਂ ਹੀ ਤੁਸੀਂ ਘੋਸ਼ਣਾ ਕਰੋਗੇ, ਤਾਂ ਤੁਹਾਡੇ ਇਰਦ ਗਿਰਦ ਬਹੁਤ ਸਾਰੇ ਲੋਕ ਜਮਾਂ ਹੋ ਜਾਣਗੇ।" ਉਸ ਨੇ ਕੁਝ ਪ੍ਰਸਿੱਧ ਵਿਅਕਤੀਆਂ ਦੇ ਨਾਂ ਲੈਂਦੇ ਹੋਏ ਹੋਰ ਕਿਹਾ, "ਅਸੀਂ ਹਮੇਸ਼ਾ ਤੁਹਾਡੇ ਪਿੱਛੇ ਹੋਵਾਂਗੇ।" ਉਸ ਦਾ ਸਾਥੀ ਚੁੱਪ ਚਾਪ ਮੈਨੂੰ ਬੜੇ ਧਿਆਨ ਨਾਲ ਦੇਖ ਰਿਹਾ ਸੀ, ਮੈਨੂੰ ਸ਼ੱਕ ਪਿਆ ਕਿ ਉਹ ਮਨੁੱਖੀ ਵਿਵਹਾਰ ਦਾ ਅੰਦਾਜ਼ਾ ਲਾਉਣ ਦਾ ਮਾਹਿਰ ਸੀ ਅਤੇ ਬਹੁਤ ਵੱਡੀ ਸੰਖਿਆ ਦੀਆਂ ਏਜੰਸੀਆਂ ਵਿਚੋਂ ਕਿਸੇ ਇਕ ਏਜੰਸੀ ਨਾਲ ਸੰਬੰਧ ਰੱਖਦਾ ਸੀ। ਇਸ ਲਈ ਮੈਂ ਆਪਣੇ ਸ਼ਬਦ ਧਿਆਨ ਨਾਲ ਬੋਲਣ ਲੱਗ ਪਿਆ, "ਜੇ ਪਾਕਿਸਤਾਨ ਤਬਾਹ ਹੋ ਰਿਹਾ ਹੈ, ਤਾਂ ਤੁਸੀਂ ਇਹ ਕਿਸ ਤਰ੍ਹਾਂ ਮੰਨ ਲੈਂਦੇ ਹੋ ਕਿ ਅਸੀਂ ਇਸ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਦਾਅ-ਪੇਚਾਂ ਨਾਲ ਜ਼ਬਰਦਸਤੀ ਠੀਕ ਕਰ ਸਕਦੇ ਹਾਂ ਅਤੇ ਕੁਝ ਸਾਫ ਅਕਸ ਵਾਲੇ ਵਿਅਕਤੀਆਂ ਤੋਂ ਸਿਵਾਏ ਹੋਰ ਕੁਝ ਵੀ ਨਾ ਦਈਏ ? ਤੁਸੀਂ ਕਿੰਨਾ ਚਿਰ ਇਹ ਸੋਚ ਸਕਦੇ ਹੋ ਕਿ ਉਹ ਸਾਫ ਸੁਥਰੇ ਰਹਿਣਗੇ ਅਤੇ ਕੌਣ ਉਹਨਾਂ ਨੂੰ ਰਹਿਣ ਦੇਵੇਗਾ ? ਇਹ ਪ੍ਰਣਾਲੀ ਛੇ ਮਹੀਨਿਆਂ ਵਿਚ ਕਿਸ ਤਰ੍ਹਾਂ ਬਦਲ ਸਕਦੀ ਹੈ ? ਇਹ ਇਕ ਭੁਲੇਖਾ ਹੈ।" ਮੈਂ ਸਪੱਸ਼ਟ ਕੀਤਾ, "ਮੈਨੂੰ ਭੁਲੇਖਿਆਂ, ਰੋਮਾਂਚਿਕ ਇਨਕਲਾਬ ਅਤੇ ਲਾਗੂ ਨਾ ਹੋ ਸਕਣ ਵਾਲੇ ਖਿਆਲਾਂ ਤੋਂ ਨਫਰਤ ਹੈ।" ਉਹਨਾਂ ਨੇ ਮੈਨੂੰ ਕੁਝ ਲਾਗੂ ਕੀਤੇ ਜਾਣ ਵਾਲੀਆਂ ਯੋਜਨਾਵਾਂ ਅਤੇ ਅਮਲ ਵਿਚ ਲਿਆਉਣ ਵਾਲੇ ਢੰਗਾਂ ਬਾਰੇ ਯਕੀਨ ਦੁਆਇਆ।

ਕੁਝ ਦਿਨਾਂ ਬਾਅਦ ਮੇਰੇ ਸਟਾਫ ਨੇ ਇਹ ਦੱਸਿਆ ਕਿ ਜੋ ਕੁਝ ਤੁਸੀਂ ਕਿਹਾ ਸੀ, ਉਹੋ ਹੀ ਸਭ ਕੁਝ ਉਹਨਾਂ ਵਲੋਂ ਹੀ ਕਿਹਾ ਗਿਆ ਸੀ, ਜਿਨ੍ਹਾਂ ਦੇ ਨਾਂ ਉਹਨਾਂ ਨੇ ਦੱਸੇ ਸਨ, "ਉਹ ਸਾਰੇ ਹੀ ਇਕੋ ਜਿਹੇ ਖਿਆਲ ਆਪਣੇ-ਆਪਣੇ ਸ਼ਬਦਾਂ ਅਤੇ ਆਪਣੇ-ਆਪਣੇ ਢੰਗ ਨਾਲ ਦੁਹਰਾ ਰਹੇ ਹਨ।" ਅਗਲੇ ਸ਼ੁਕਰਵਾਰ ਮੈਂ ਬੈਲਜ਼ੀਅਮ ਟੈਲੀਵਿਜ਼ਨ ਦੇ ਗਰੁੱਪ ਨਾਲ ਰੁੱਝਾ ਰਿਹਾ ਅਤੇ ਅਫਸਰਾਂ ਨੂੰ ਨਾ ਮਿਲ ਸਕਿਆ। ਉਸ ਤੋਂ ਅਗਲੇ ਹਫਤੇ, ਜਦੋਂ ਉਹ ਆਏ ਤਾਂ ਮੈਨੂੰ ਕਿਸੇ ਗ਼ਲਤ ਖੇਡ ਬਾਰੇ ਪੂਰੀ ਤਰ੍ਹਾਂ ਯਕੀਨ ਹੋ ਚੁੱਕਾ ਸੀ।

ਅਫਸਰ ਨੇ ਕਿਹਾ, "ਈਦੀ ਸਾਹਿਬ, ਅਸੀਂ ਤੁਹਾਨੂੰ ਇਸ ਵਿਚ ਸ਼ਾਮਲ ਹੋਣ ਤੋਂ ਬਗੈਰ ਨਹੀਂ ਰਹਿਣ ਦੇਵਾਂਗੇ। ਤੁਸੀਂ ਬਚਾਉਣ ਵਾਲੇ ਹੋ ਅਤੇ ਤੁਹਾਨੂੰ ਉਹ ਭੂਮਿਕਾ ਜ਼ਰੂਰ ਪ੍ਰਵਾਨ ਕਰਨੀ ਪਵੇਗੀ।" ਜਦੋਂ ਉਹਨਾਂ ਨੇ ਸੇਵਾ ਵਿਚ ਚਲ ਰਹੇ ਕੁੱਝ ਅਫਸਰਾਂ ਦੇ ਨਾਂ ਲਏ, ਮੇਰਾ ਸ਼ੱਕੀ ਸੁਭਾਅ ਹੋਰ ਤੇਜ ਹੋ ਗਿਆ। ਮੈਂ ਸੋਚਿਆ, "ਕੀ ਇਹ ਇਸ ਤਰ੍ਹਾਂ ਦੀ ਯੋਜਨਾ ਤਾਂ ਨਹੀਂ ਕਿ ਇਕ ਫੌਜ ਦੇ ਸਾਜਿਸ਼ ਕਰਨ ਵਾਲਿਆਂ ਦੇ ਛੋਟੇ ਜਿਹੇ ਗਰੁੱਪ ਦੇ ਨਾਲ ਮੇਰੇ ਨਾਂ ਨੂੰ ਜੋੜ ਦਿੱਤਾ ਜਾਵੇ ? ਕੀ ਉਹ ਮੇਰੇ ਸਮੂਹ ਵਿਚ ਵਿਚ ਹਥਿਆਰ ਤਾਂ ਨਹੀਂ ਰੱਖ ਦੇਣਗੇ ਅਤੇ ਮੇਰੇ 'ਤੇ ਦੇਸ਼ ਧਰੋਹੀ ਦਾ ਦੋਸ਼ ਲਗਾ ਦੇਣ..... ਜੇ ਮੈਂ ਉਹਨਾਂ ਦੀ ਗੱਲ ਨਾਲ ਸਹਿਮਤ ਨਾ ਹੋਵਾਂ।"

ਮੈਂ ਜਾਣਦਾ ਸਾਂ ਕਿ ਉਹਨਾਂ ਨੇ ਜੋ ਵੀ ਗੱਲਾਂ ਜ਼ਾਹਿਰ ਕੀਤੀਆਂ ਸਨ, ਉਹ ਬਹੁਤ ਗੰਭੀਰ ਸਨ। ਮੈਂ ਇਹ ਵੀ ਜਾਣ ਗਿਆ ਸਾਂ ਕਿ ਮੇਰੇ ਤੋਂ ਸਾਰਥਿਕ ਜਵਾਬ ਲੈਣ ਦੀਆਂ ਕੋਸ਼ਿਸ਼ਾਂ ਵਿਚ ਉਹ ਬਹੁਤ ਕੁਝ ਦੱਸ ਗਏ ਸਨ। ਮੇਰੇ ਅਕਸ ਉਤੇ ਵਿਪਰੀਤ ਪ੍ਰਭਾਵ ਪਾਉਣ ਤੋਂ ਬਗੈਰ ਹੁਣ ਇਸ ਤੋਂ ਪਿਛਾਂਹ ਹਟਣਾ ਉਨ੍ਹਾਂ ਲਈ ਸੰਭਵ ਨਹੀਂ ਸੀ। ਫਿਰ ਵੀ ਨਾ ਜਾਣਦਿਆਂ ਹੋਇਆਂ, ਹਥਿਆਰਬੰਦ ਫੌਜਾਂ ਨੂੰ ਸ਼ਾਮਲ ਕਰਨ ਦਾ ਮੇਰਾ ਫੈਸਲਾ ਉਹਨਾਂ ਨੇ ਸਮਝ ਲਿਆ।

ਉਸ ਸ਼ਾਮ ਮੈਂ ਆਪਣੇ ਦੋਸਤਾਂ ਨੂੰ ਦੱਸਿਆ, "ਮੈਂ ਗੰਭੀਰ ਯੋਜਨਾਵਾਂ ਨੂੰ ਬਾਹਰ ਕੱਢਣ ਲਈ ਇਕ ਯੋਗ ਗਵਾਹ ਹਾਂ। ਕਰਾਚੀ ਵਿਚ ਕੀਤੇ ਗਏ ਉਦੇਸ਼ਹੀਣ ਕਤਲ, ਗਿਣਤੀ ਨਾ ਕੀਤੇ ਜਾਣ ਵਾਲੇ ਕਤਲਾਂ ਨੂੰ ਪੂਰੀ ਤਰ੍ਹਾਂ ਢੱਕ ਦੇਵੇਗਾ। ਇਸ ਚਲ ਰਹੇ ਦੰਗਿਆਂ ਵਿਚ ਮੈਂ ਮਾਰਿਆ ਜਾਵਾਂਗਾ। ਉਹ ਮੇਰਾ ਸਟਾਫ ਅਤੇ ਮੇਰੇ ਪਰਿਵਾਰ ਨੂੰ ਵੀ ਇਸ ਵਿਚ ਲਪੇਟ ਲੈਣਗੇ।" ਮੈਂ ਇਸ ਸੰਬੰਧ ਵਿਚ ਕੁਝ ਕਾਰਨ ਪ੍ਰਗਟ ਕੀਤੇ, "ਤੁਸੀਂ ਜਾਣਦੇ ਹੋ ਮੈਂ ਕਿਸੇ ਲਈ ਵੀ ਫਿਕਰਮੰਦ ਨਹੀਂ। ਵਿਰੋਧੀਆਂ ਨੇ ਮੈਨੂੰ ਕਦੀ ਨਹੀਂ ਡਰਾਇਆ, ਪਰ ਕੀ ਤੁਸੀਂ ਮੇਰੀ ਮੌਤ ਤੋਂ ਬਾਅਦ ਵਾਲੀ ਸਥਿਤੀ ਦੀ ਕਲਪਨਾ ਕਰ ਸਕਦੇ ਹੋ ? ਇਹ ਇਕ ਖ਼ਤਰਨਾਕ ਮਾਮਲਾ ਹੈ, ਕਿਉਂ ਜੋ ਇਸ ਦਾ ਉਦੇਸ਼ ਬਹੁਤ ਉੱਚਾ ਹੈ ਅਤੇ ਉਹ ਬਹੁਤ ਥੱਲੇ ਤੋਂ ਕੰਮ ਕਰ ਰਹੇ ਹਨ....... ਮੇਰੇ ਤੋਂ। ਜੋ ਵੀ ਇਸ ਦੇ ਪਿੱਛੇ ਹੈ, ਉਸਦਾ ਇਹ ਇਕ ਬਹੁਤ ਹੁਸ਼ਿਆਰ ਖਿਆਲ ਹੈ।" ਮੇਰੇ ਦੋਸਤਾਂ ਨੇ ਸਲਾਹ ਦਿੱਤੀ, "ਸਿਰਫ ਦੂਰ-ਦੂਰ ਰਹੋ, ਹੋਰ ਸਮੇਂ 'ਤੇ ਉਹਨਾਂ ਨੂੰ ਅਣਗੌਲਿਆ ਕਰੋ, ਉਹ ਛੇਤੀ ਹੀ ਚਲੇ ਜਾਣਗੇ।" ਇਹ ਨਾ ਇਨਕਾਰ ਸੀ, ਨਾ ਹੀ ਬਚਾਅ ਦਾ ਇੰਤਜ਼ਾਮ ਸੀ। ਮੈਂ ਉਹਨਾਂ ਨਾਲ ਸਹਿਮਤ ਨਹੀਂ ਹੋਇਆ, "ਜੇ ਉਹਨਾਂ ਮੇਰਾ ਜਵਾਬ ਮੰਨਿਆ ਹੁੰਦਾ ਤਾਂ ਉਹ ਹੁਣ ਤਕ ਪਿਛਾਂਹ ਹੱਟ ਗਏ ਹੁੰਦੇ।" ਮੈਂ ਪ੍ਰੇਸ਼ਾਨ ਦਿਸ ਰਿਹਾ ਸਾਂ, ਜਦੋਂ ਮੈਂ ਇਹ ਆਖਿਆ, "ਉਹਨਾਂ ਦਾ ਇਰਾਦਾ ਦੇਸ਼ ਦਾ ਨੈੱਟਵਰਕ ਵਰਤਣ ਦਾ ਹੈ। ਇਸ ਕਾਰਨ ਉਹਨਾਂ ਨੂੰ ਮੇਰੀ ਲੋੜ ਹੈ, ਜਾਂ ਉਹ ਮੇਰੇ ਤੋਂ ਬਗੈਰ ਇਹ ਉਦੇਸ਼ ਰੱਖਣਗੇ। ਮੈਨੂੰ ਇਸ ਦਾ ਪੂਰਾ ਯਕੀਨ ਹੈ।"

ਬੜੀ ਛੇਤੀ ਇਮਰਾਨ ਖਾਨ ਦੇ ਲੋਕਾਂ ਸਾਹਮਣੇ ਦਿੱਤੇ ਬਿਆਨ ਨੇ ਮੇਰੇ ਸ਼ੱਕ ਨੂੰ ਹੋਰ ਗੰਭੀਰ ਬਣਾ ਦਿੱਤਾ। ਇਨ੍ਹਾਂ ਹਾਲਤਾਂ ਵਿਚ, ਜਦੋਂ ਉਸ ਦੇ ਹਸਪਤਾਲ ਦੇ ਉੱਦਘਾਟਨ 'ਤੇ ਮੈਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਸੱਦਿਆ, ਮੈਂ ਇਸ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਂ ਦੇਸ਼ ਤੋਂ ਬਾਹਰ ਹੋਵਾਂਗਾ। ਮੈਂ ਇਹ ਵੀ ਫੈਸਲਾ ਕੀਤਾ ਕਿ ਮੈਂ ਕਰਾਚੀ ਵਿਚ ਜੰਗ ਜਲਸੇ ਵਿਚ ਅਮਨ ਸਥਾਪਿਤ ਕਰਨ ਲਈ ਸ਼ਾਮਲ ਹੋਵਾਂਗਾ, ਅਤੇ ਬੜੇ ਸਮੇਂ ਸਿਰ ਮੈਂ, ਫੈਸਲ ਅਤੇ ਆਪਣੇ ਦੋਸਤਾਂ ਨੂੰ ਲੈ ਕੇ ਉਥੇ ਆ ਗਿਆ ਅਤੇ ਅਸੀਂ ਹੋਰ ਹਿੱਸਾ ਲੈਣ ਵਾਲਿਆਂ ਵਿਚ ਬੈਠ ਗਏ। ਇਕ ਦਮ ਨਜ਼ਰ ਮਾਰਨ ਨਾਲ ਏਜੰਸੀਆਂ ਦੇ ਬੰਦਿਆਂ ਨੂੰ ਮੈਂ ਵੇਖ ਲਿਆ, ਇਹ ਉਹਨਾਂ ਲਈ ਇਕ ਆਮ ਗੱਲ ਸੀ ਕਿ ਉਹ ਉਥੇ ਹੁੰਦੇ। ਜਦੋਂ ਇਮਰਾਨ ਮੇਰੇ ਕੋਲ ਮੈਨੂੰ ਸਤਿਕਾਰ ਦੇਣ ਲਈ ਆਇਆ ਤਾਂ ਇਸ ਦਾ ਮੈਨੂੰ ਇੰਨਾਂ ਜ਼ਿਆਦਾ ਦੁੱਖ ਅਤੇ ਉਸ ਉੱਤੇ ਸ਼ਕਾਂ ਹੋਈ ਪਰ ਉਹ ਮੈਨੂੰ ਉਸੇ ਗਰਮਜੋਸ਼ੀ ਨਾਲ ਮਿਲਿਆ ਜਿਸ ਤਰ੍ਹਾਂ ਮੈਨੂੰ ਹੋਰ ਹਾਲਤਾਂ ਵਿਚ ਮਿਲਦਾ ਸਾਂ।

ਇਕ ਹਫਤਾਵਾਰ ਅਖ਼ਬਾਰ ਜਿਸ ਦਾ ਨਾਂ ਤਕਬੀਰ ਹੈ, ਉਸ ਦੇ ਐਡੀਟਰ ਸਲਾਹੁਦੀਨ ਨੇ ਮੇਰੇ ਨਾਲ ਇਕ ਮਾਤਰ ਇੰਟਰਵਿਊ ਦੀ ਮੰਗ ਕੀਤੀ। ਮੈਂ ਉੱਚੀ ਸਾਰੀ ਜਵਾਬ ਦਿੱਤਾ, ਜਿਸ ਤਰ੍ਹਾਂ ਮੈਂ ਹਰ ਕਿਸੇ ਲਈ ਕਮਰੇ ਵਿਚ ਬੋਲਦਾਂ ਹਾਂ, "ਮੀਠਾਦਾਰ ਵਿਚ ਕੱਲ੍ਹ ਤੋਂ ਬਾਅਦ ਪਰਸੋਂ ਆ ਜਾਣਾ, ਮੈਂ ਤੁਹਾਨੂੰ ਦੱਸਾਗਾਂ ਕਿ ਪਾਕਿਸਤਾਨ ਦੀ ਇਸ ਮਾੜੀ ਹਾਲਤ ਦੇ ਪਿੱਛੇ ਕੌਣ ਹੈ। ਹੁਣ ਉਹ ਦੁਨਿਆਵੀ ਮਦਦ ਕਰਨ ਵਾਲਿਆਂ ਕੋਲ ਪਹੁੰਚ ਰਹੇ ਅਤੇ ਇਕ ਹੀ ਸਾਖ ਵਾਲੇ ਖੇਤਰ ਦਾ ਸ਼ੋਸ਼ਣ ਕਰ ਰਹੇ ਹਨ। ਛੇਤੀ ਹੀ ਲੋਕ ਹਰ ਚੀਜ਼ ਤੋਂ ਵਿਸ਼ਵਾਸ ਗਵਾ ਬੈਠਣਗੇ। ਮੈਂ ਤੁਹਾਨੂੰ ਸਭ ਕੁਝ ਦੱਸਾਂਗਾ।" ਜਿਉਂ ਹੀ ਮੈਂ ਇਹ ਗੱਲ ਕਹੀ, ਮੈਨੂੰ ਇਸ ਦਾ ਅਫਸੋਸ ਹੋਇਆ। ਬਹੁਤ ਸਾਰੇ ਲੋਕਾਂ ਨੇ ਇਸ ਨੂੰ ਸੁਣਿਆ ਅਤੇ ਉਹ ਕੌਣ ਸਨ, ਇਹ ਪ੍ਰਤੱਖ ਹੋ ਗਿਆ।

ਲਿਸਟ ਦੇ ਅਨੁਸਾਰ ਮੈਂ ਪਹਿਲੀ ਲਾਈਨ ਵਿਚ ਸਾਂ, ਜਦੋਂ ਉਹਨਾਂ ਘੋਸ਼ਣਾ ਕੀਤੀ ਕਿ ਮੈਂ ਪਹਿਲੀ ਨਹੀਂ ਦੂਸਰੀ ਵਿਚ ਸਾਂ। ਮੈਨੂੰ ਇਸ ਗੱਲ ਤੋਂ ਹੋਰ ਜ਼ਿਆਦਾ ਸ਼ੱਕ ਹੋ ਗਿਆ ਕਿ ਇਸ ਨੂੰ ਬਦਲ ਕਿਉਂ ਦਿੱਤਾ ਗਿਆ ਹੈ ? ਇਥੋਂ ਤਕ ਕਿ ਜਦੋਂ ਮੈਂ ਟਰਾਲੀ 'ਤੇ ਚੜ੍ਹਿਆ, ਮੈਂ ਕੁਝ ਬੇਅਰਾਮੀ ਮਹਿਸੂਸ ਕੀਤੀ। ਫਿਲਮ ਸਟਾਰਾਂ ਦੇ ਨਾਲ ਹੋਰ ਕਈ ਪ੍ਰਸਿੱਧ ਗੈਰ-ਰਾਜਨੀਤਕ ਲੋਕ ਹਜ਼ਾਰਾਂ ਪੈਦਲ ਚੱਲਣ ਵਾਲਿਆਂ ਦੀ ਭੀੜ ਨਾਲ ਹੌਲੀ ਹੌਲੀ ਚਲ ਰਹੇ ਸਨ, ਗੁਰੂ ਮੰਦਰ ਤੋਂ ਮੁੜ ਕੇ, ਲਾਲੂ ਖੇਤ ਰਾਹੀਂ ਇਹ ਜਲੂਸ ਸਦਰ ਬਾਜ਼ਾਰ ਦੀ ਤਰਫ ਮੁੜ ਗਿਆ। ਹੌਲੀ-ਹੌਲੀ ਪਹਿਲੇ ਹਿੱਸੇ ਵਿਚ ਲੜਕਿਆਂ ਦੀ ਭੀੜ ਜਮਾਂ ਹੋ ਗਈ, ਜੋ ਇਸ ਨੂੰ ਬਿਖੇਰਨਾ ਚਾਹੁੰਦੇ ਸਨ, ਤੀਸਰੇ ਹਿੱਸੇ ਨੂੰ ਵੀ ਗੁੰਡਾਗਰਦੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕੋਈ 50 ਕੁ

ਨੌਜਵਾਨ ਐੱਮ.ਕਿਯੂ.ਐੱਮ. ਦੇ ਬੈਨਰ ਅਤੇ ਪੋਸਟਰ ਚੁੱਕੀ ਹੋਏ ਦੂਸਰੇ ਹਿੱਸੇ ਦੇ ਇਰਦ ਗਿਰਦ ਸਨ, ਮੈਨੂੰ ਪਹਿਚਾਨਦਿਆਂ ਹੋਇਆਂ ਉਹਨਾਂ ਨੇ ਉੱਚੀਆਂ ਅਵਾਜ਼ਾਂ ਵਿਚ ਨਾਅਰੇ ਲਾਉਣ ਲੱਗ ਪਏ, "ਈਦੀ ਜਿੰਦਾਬਾਦ, ਐੱਮ.ਕਿਯੂ.ਐੱਮ. ਜਿੰਦਾਬਾਦ।" ਮੈਨੂੰ ਇਹ ਅਜੀਬ ਜਿਹਾ ਲੱਗਾ। ਅੱਜ ਕੱਲ ਦੀਆਂ ਹਾਲਤਾਂ ਵਿਚ ਜਦੋਂ ਕਿ ਐੱਮ.ਕਿਯੂ.ਐੱਮ. ਨਾਲ ਅਨੁਸ਼ਾਸਨਾਤਮਕ ਕਾਰਵਾਈ ਹੋ ਰਹੀ ਸੀ, ਇਹ 50 ਕੁ ਲੜਕੇ ਰੇਂਜਰਾਂ ਅਤੇ ਪੁਲੀਸ ਦੇ ਬਿਲਕੁਲ ਸਾਹਮਣੇ ਕਿਸ ਤਰ੍ਹਾਂ ਨਿਕਲ ਆਏ ਸਨ ? ਉਹ ਚਾਹੁੰਦੇ ਸਨ ਕਿ ਮੈਂ ਭਾਸ਼ਣ ਦੇਵਾਂ। ਇਸ ਹੀ ਜਗਾਹ ਟੈਲੀਵਿਜ਼ਨ ਰਿਕਾਰਡ ਕਰਨ ਵਾਲੇ ਆ ਗਏ, "ਈਦੀ ਸਾਹਿਬ, ਅੰਦਰ ਆ ਜਾਉ, ਅਸੀਂ ਤੁਹਾਡੀ ਇੰਟਰਵਿਊ ਲੈਣੀ ਚਾਹੁੰਦੇ ਹਾਂ।" ਉਹਨਾਂ ਨੇ ਮੈਨੂੰ ਟਰੱਕ ਵਿਚੋਂ ਉਤਾਰਣ ਵਿਚ ਮਦਦ ਕੀਤੀ। ਫੈਸਲ ਕਿਥੇ ਸੀ ? ਮੈਂ ਘਬਰਾਹਟ ਮਹਿਸੂਸ ਕੀਤੀ, ਇਧਰ ਉਧਰ ਵੇਖਿਆ, ਪਰ ਅਜੇ ਵੀ ਉਸ ਨੂੰ ਕਿਥੇ ਵੀ ਨਹੀਂ ਸਾਂ ਵੇਖ ਰਿਹਾ।

ਜਦੋਂ ਟੈਲੀਵਿਜ਼ਨ ਉਪਕਰਣ ਤਿਆਰ ਕੀਤੇ ਜਾ ਰਹੇ ਸਨ, ਮੈਂ ਅਖ਼ਬਾਰਾਂ ਵਾਲਿਆਂ ਦੇ ਸੁਆਲਾਂ ਦੇ ਜੁਆਬ ਦੇ ਰਿਹਾ ਸਾਂ। ਕੈਮਰਾ ਤਿਆਰ ਸੀ, ਮੈਂ ਇਸ ਵਿਚ ਵੇਖਿਆ ਅਤੇ ਕਿਹਾ, "ਇਹ ਜਲਸਾ ਇਕ ਆਰਜ਼ੀ ਫਸਟ ਏਡ ਹੈ। ਇਹ ਕੁਝ ਵੀ ਨਹੀਂ ਬਦਲੇਗੀ। ਪ੍ਰਣਾਲੀ ਸਿਰਫ ਸਪਸ਼ਟ ਤੌਰ 'ਤੇ ਬਹੁਸੰਮਤੀ ਦੀਆਂ ਮੁਸ਼ਕਲਾਂ ਨੂੰ ਸਾਫ-ਸਾਫ ਸਮਝਣ ਨਾਲ ਹੀ ਬਦਲੇਗੀ। ਨਵੇਂ ਚਿਹਰੇ ਕੁਝ ਵੀ ਨਹੀਂ ਬਦਲਣਗੇ। ਉਹ ਜੋ ਤਬਦੀਲੀ ਪ੍ਰਦਾਨ ਕਰਨ ਦੀਆਂ ਗੱਲਾਂ ਕਰ ਰਹੇ ਹਨ, ਸਿਰਫ ਦੁਬਾਰਾ ਲੋਕਾਂ ਨੂੰ ਧੋਖਾ ਦੇ ਰਹੇ ਹਨ। ਇਥੋਂ ਤਕ ਉਹ ਜੋ ਇਸ ਸਕੀਮ ਸੰਬੰਧੀ ਚੰਗੇ ਇਰਾਦੇ ਰੱਖਦੇ ਹਨ, ਉਹ ਵੀ ਇਸ ਸਕੀਮ ਨਾਲ ਸੁਧਾਰ ਨਹੀਂ ਕਰ ਸਕਦੇ।"

ਅਸੀਂ ਮੀਠਾਦਾਰ ਵੱਲ ਚੱਲ ਪਏ ਜਿਥੇ ਟੈਲੀਵਿਜ਼ਨ 'ਤੇ ਆਉਣ ਵਾਲੀ ਟੀਮ ਦੀ ਉਡੀਕ ਕਰਨ ਲੱਗੇ। ਭਾਵੇਂ ਕਿ ਦੂਸਰਿਆਂ ਦੀਆਂ ਇੰਟਰਵਿਊਆਂ ਆਈਆਂ ਸਨ, ਮੇਰੀ ਇੰਟਰਵਿਊ ਨਹੀਂ ਆਈ ਸੀ, "ਇਸ ਦਾ ਕੀ ਅਰਥ ਹੈ ? ਉਹਨਾਂ ਨੂੰ ਫੋਨ ਕਰੋ ਅਤੇ ਪਤਾ ਕਰੋ।" ਸਾਨੂੰ ਦੱਸਿਆ ਗਿਆ ਕਿ ਟੇਪ ਨੂੰ ਜ਼ਬਤ ਕਰ ਲਿਆ ਗਿਆ ਹੈ। ਮੈਂ ਉਸ ਦੀ ਕਾਪੀ ਮੰਗੀ, ਉਹਨਾਂ ਕਿਹਾ ਕਿ ਉਹਨਾਂ ਕੋਲ ਕੁਝ ਵੀ ਨਹੀਂ। ਮੇਰੇ ਇਰਾਦੇ ਬਾਹਰ ਆ ਗਏ ਸਨ। ਇਸ ਸਟੇਜ 'ਤੇ ਇਸ ਭੇਦ ਦਾ ਖੁੱਲਣਾ ਕਿਸੇ ਵੀ ਤਰ੍ਹਾਂ ਟੇਪ ਤਕ ਸੀਮਿਤ ਸੀ, ਦੂਸਰੇ ਦਿਨ ਮੈਂ ਸਲਾਹੁਦੀਨ ਦੇ ਸਾਹਮਣੇ ਬੋਲਣਾ ਸੀ। ਇਸ ਗੱਲ ਦੀਆਂ ਅਫਵਾਹਾਂ ਸਨ ਕਿ ਹਿੱਟ ਲਿਸਟ ਵਿਚ ਮਹੱਤਵਪੂਰਨ ਵਿਅਕਤੀਆਂ ਦੇ ਨਾਂ ਕੁਝ ਨਾ ਮਲੂਮ ਵਿਅਕਤੀਆਂ ਨੇ ਜਾਰੀ ਕੀਤੇ ਹਨ, ਜਿਸ ਨਾਲ ਭੈਅ ਪੈਦਾ ਹੋ ਗਿਆ ਸੀ। ਇਸ ਦਹਿਸ਼ਤ ਦੇ ਦੌਰ ਵਿਚ ਸਲਾਹੁਦੀਨ, 'ਤਕਬੀਰ' ਦੇ ਐਡੀਟਰ ਦਾ ਕਤਲ ਕਰ ਦਿੱਤਾ ਗਿਆ, ਜਿਸ ਨੇ ਮੇਰੇ ਸ਼ੱਕ ਨੂੰ ਹੋਰ ਪੱਕਾ ਕਰ ਦਿੱਤਾ।

ਢੰਗ ਤਰੀਕੇ, ਜੋੜ ਤੋੜ ਅਤੇ ਸਿੱਟਿਆਂ ਆਦਿ ਸਭ ਕੁਝ ਨੇ ਮੇਰੇ ਇਕ ਦਮ ਪਾਕਿਸਤਾਨ ਛੱਡਣ ਦੇ ਫੈਸਲੇ 'ਤੇ ਦਬਾ ਪਾਇਆ। ਮੈਂ ਆਪ ਹੀ ਆਪਣੀ ਸੀਟ ਰਿਜ਼ਰਵ ਕਰਾਈ ਅਤੇ ਕਿਸੇ ਨੂੰ ਦੱਸਣ ਤੋਂ ਬਗੈਰ ਹੀ ਪਾਕਿਸਤਾਨ ਛੱਡ ਦਿੱਤਾ। ਮੈਨੂੰ ਆਪਣੇ ਆਪ ਨੂੰ ਵੀ ਉਸ ਤਰ੍ਹਾਂ ਹੀ ਬਚਾਉਣਾ ਪੈਣਾ ਸੀ, ਜਿਸ ਤਰ੍ਹਾਂ ਮੇਰਾ ਸਿਆਸਤ ਵਿਚ ਖਿੱਚੇ ਜਾਣ ਦਾ ਬਚਾਅ ਕਰਨਾ। ਦੋਵੇਂ ਘਟਨਾਵਾਂ ਮੇਰੀ ਜਿੰਦਗੀ ਦੇ ਕੰਮ ਨੂੰ ਬਹੁਤ ਹੱਦ ਤਕ ਨੁਕਸਾਨ ਪਹੁੰਚਾਉਂਦੀਆਂ ਸਨ।

ਹੁਣ ਮੈਂ ਇਸ ਨੂੰ ਚੰਗੀ ਤਰ੍ਹਾਂ ਛਾਣਨਾ ਸ਼ੁਰੂ ਕੀਤਾ ਅਤੇ ਘਟਨਾਵਾਂ ਦੀ ਬੇਤਰਤੀਬੀ 'ਤੇ ਉਸ ਦਾ ਗੰਭੀਰਤਾ ਨਾਲ ਨਿਰੀਖਣ ਕਰਨ ਲੱਗਾ। ਮੇਰਾ ਛੱਡ ਆਉਣ ਦਾ ਫੈਸਲਾ ਯੋਗ ਸੀ, ਫਿਰ ਵੀ ਕੋਈ ਵੀ ਵਿਆਖਿਆ ਕੀ ਚੰਗਾ ਕਰੇਗੀ, ਸਿਵਾਏ ਇਸ ਦੇ ਕਿ ਇਸ ਨਾਲ ਹੋਰ ਵਿਰੋਧ ਅਤੇ ਉੱਲਝਨਾਂ ਵਧਣਗੀਆਂ ? ਕੀ ਮੈਨੂੰ ਬੋਲਣਾ ਚਾਹੀਦਾ ਸੀ ? ਜਾਂ ਕੀ ਮੈਨੂੰ ਚੁੱਪ ਰਹਿਣਾ ਚਾਹੀਦਾ ਸੀ ? ਉਹ ਮੇਰੇ ਸਾਜਿਸ਼ ਕਰਨ ਵਾਲੇ ਕਿੰਨੇ ਤਾਕਤਵਰ ਸਨ ਅਤੇ ਕਿੰਨੀ ਦੂਰ ਤਕ ਮੇਰੇ ਕੰਮ ਨੂੰ ਤਬਾਹ ਕਰ ਸਕਦੇ ਸਨ, ਜੇ ਮੈਂ ਉਹਨਾਂ ਨਾਲ ਮੁਕਾਬਲਾ ਕਰਨ ਦੇ ਯੋਗ ਨਾ ਹੋਵਾਂ ? ਇਹ ਸੁਆਲ ਸਾਧਾਰਨ ਜੁਆਬਾਂ ਲਈ ਬਹੁਤ ਗੁੰਝਲਦਾਰ ਸਨ, ਇਸ ਲਈ ਹੁਣ ਉਹ ਇਸ ਤੋਂ ਚੰਗੇ ਤਰੀਕੇ ਨਾਲ ਫੈਸਲਾ ਨਹੀਂ ਸੀ ਕਰ ਸਕਦੇ, ਇਸ ਤੋਂ ਕਿ ਮੈਂ ਦੇਸ਼ ਤੋਂ ਗੈਰ ਹਾਜ਼ਰ ਰਹਾਂ।

ਕਿਸੇ ਦੀ ਇਹ ਖਾਹਿਸ਼ ਕਿ ਸਾਖ ਵਾਲੇ ਲੋਕਾਂ ਦਾ ਸ਼ੋਸ਼ਣ ਕਰਕੇ ਪਾਕਿਸਤਾਨ ਦੀ ਕਿਸਮਤ ਬਦਲੀ ਜਾਵੇ, ਕੇਵਲ ਕਲਪਨਾ ਮਾਤਰ ਨਹੀਂ। ਅਸੀਂ ਲਾਂਘੇ ਦਾ ਪੱਥਰ ਬਣਨਾ ਸੀ ਤਾਂ ਕਿ ਦੇਸ਼ ਨੂੰ ਮਰਜ਼ੀ ਨਾਲ ਹੋਰ ਧਕੇਲਿਆ ਜਾਵੇ, ਉਹ ਵੀ ਦੇਸ਼ ਦੇ ਖ਼ਰਚੇ 'ਤੇ। ਇਹ ਯੋਜਨਾ, ਪੂਰੀ ਤਰ੍ਹਾਂ ਇਸ ਦੇ ਵਿਰੁੱਧ ਸੀ ਅਤੇ ਮੇਰੇ ਆਪਣੇ ਖਿਆਲਾਂ ਦੇ ਖਿਲਾਫ ਸੀ। ਇਹ ਸਮਾਜਿਕ ਕੰਮ ਦੇ ਪਿੱਛੇ ਦੇ ਇਰਾਦੇ ਵਿਚ ਸੰਜੀਦਗੀ ਨਾਲ ਖ਼ਤਰੇ ਵਿਚ ਪਾਉਂਦੀ ਸੀ ਅਤੇ ਆਉਣ ਵਾਲੇ ਸਾਰੇ ਸਮਿਆਂ ਨੂੰ ਸ਼ੱਕੀ ਬਣਾਉਂਦੀ ਸੀ। ਨਾ ਸਿਰਫ ਸੇਵਾ ਨੂੰ ਹੀ ਮਾੜਾ ਸਮਝਿਆ ਜਾਵੇਗਾ ਬਲਕਿ ਅਸੀਂ ਆਪਣੇ ਆਪ ਵਿਚ ਵੀ ਕੁਝ ਕਰਨ ਤੋਂ ਫੇਲ੍ਹ ਹੋ ਜਾਵਾਂਗੇ। ਫਿਰ ਕੀ ਹੋਵੇਗਾ ? ਮੈਂ ਵੇਖਿਆ ਉਹ ਯੋਜਨਾ ਬੇਯਕੀਨੀ ਸੀ, ਆਦਰਸ਼ਵਾਦੀਆਂ ਦਾ ਸੁਪਨਾ।

ਮੈਨੂੰ ਪੱਕਾ ਯਕੀਨ ਸੀ ਕਿ ਜਿਹੜਾ ਵੀ ਇਸ ਦੇ ਪਿੱਛੇ ਹੋਵੇਗਾ, ਉਹ ਮਾਫੀਏ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇਗਾ। ਮੈਂ ਇਹ ਵੀ ਜਾਣਦਾ ਸਾਂ ਕਿ ਕਈ ਸਾਲਾਂ ਤੋਂ ਇਹ ਮਾਫੀਆ ਆਪਣੇ ਇਰਾਦੇ ਨਾਲ ਹਰ ਜਗਾਹ ਫੈਲਾਇਆ ਗਿਆ ਸੀ। ਕਈ ਵਾਰ ਸੰਬੰਧਿਤ ਮਸਲਿਆਂ ਤੋਂ ਧਿਆਨ ਬਦਲਣ ਲਈ, ਕਈ ਵਾਰ ਕਿਸੇ ਦੰਗਿਆਂ ਦੇ ਰੂਪ ਵਿਚ, ਕਿਸੇ ਹੋਰ ਸਮੇਂ 'ਵੰਡੋ ਅਤੇ ਰਾਜ ਕਰੋ', ਜਾਂ ਮੌਕੇ ਨੂੰ ਪਹਿਚਾਣੋ ਅਤੇ ਉਸ ਦਾ ਸ਼ੋਸ਼ਣ ਕਰੋ। ਮੈਂ ਅਜੇ ਵੀ ਇਹ ਮੁੱਦਾ ਹੱਲ ਕਰ ਰਿਹਾ ਸਾਂ, ਇਸ ਨੂੰ ਬੰਦ

ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ ਅਤੇ ਇਸ ਦੇ ਵਿਸਥਾਰ ਨਾਲ ਪੈਣ ਵਾਲੇ ਪ੍ਰਭਾਵਾਂ ਦਾ ਪਤਾ ਲਗਾ ਰਿਹਾ ਸਾਂ, ਜਦੋਂ ਅਸੀਂ ਉਤਰਨਾ ਸ਼ੁਰੂ ਕੀਤਾ। ਹਵਾਈ ਜਹਾਜ਼ ਉਤਰਿਆ, ਠਹਿਰਣ ਲਈ ਆਪਣੀ ਜਗਾਹ ਖੜ੍ਹਾ ਹੋਇਆ, ਮੈਂ ਅਜ੍ਹੇ ਵੀ ਉਹਨਾਂ ਮੁਸ਼ਕਲਾਂ ਨੂੰ ਸੁਲਝਾਉਣ ਵਿਚ ਫਸਿਆ ਹੋਇਆ ਸਾਂ ਅਤੇ ਉਹਨਾਂ ਨਾਲ ਨਜਿੱਠਣ ਦਾ ਕੋਈ ਰਾਹ ਨਹੀਂ ਸੀ ਲੱਭ ਰਿਹਾ।

ਸਾਡੇ ਨਵਾਬ ਸ਼ਾਹ ਕੇਂਦਰ ਦਾ ਜੋਨਲ ਇੰਨਚਾਰਜ, ਹੀਥਰੋ ਹਵਾਈ ਅੱਡੇ ’ਤੇ ਮੇਰੇ ਸੁਆਗਤ ਲਈ ਆਇਆ ਹੋਇਆ ਸੀ, ਇੰਗਲੈਂਡ ਦੇ ਈਦੀ ਕੇਂਦਰ ਦੇ ਰਾਹ ਵਿਚ ਜਾਂਦਿਆਂ, ਮੈਂ ਇਹ ਕਹਾਣੀ ਉਸ ਨੂੰ ਦੱਸੀ, ਉਸ ਹੀ ਰਾਤ ਉਹ ਆਪਣੇ ਚਾਚੇ ਅਤੇ ਬੀ.ਬੀ.ਸੀ. ਰੇਡੀਉ ਸਟੇਸ਼ਨ ਦੇ ਇਕ ਬਰਾਡਕਾਸਟਰ ਨੂੰ ਨਾਲ ਲੈ ਕੇ ਆ ਗਿਆ। ਮੈਂ ਇਹ ਸੋਚਦਿਆਂ ਹੋਇਆਂ ਕਿ ਸ਼ਾਇਦ ਬੀ.ਬੀ.ਸੀ. ਮੇਰੇ ਗੁੱਸੇ ਨੂੰ ਪ੍ਰਗਟ ਕਰੇ ਅਤੇ ਮੇਰੇ ਵੱਲੋਂ ਦੱਸੇ ਜਾਣ ਵਾਲੇ ਉਪਦੇਸ਼ ਦਾ ਥੋੜਾ ਜਿਹਾ ਭਾਗ ਹੀ ਰੀਲੇਅ ਕਰੇ, ਮੈਂ ਮਾਮਲੇ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਕ ਸਪੱਸ਼ਟ ਸਿੱਟੇ ’ਤੇ ਪਹੁੰਚਿਆ....... ਇਕ ਕਹਾਣੀ ਜਿਸ ਦੀ ਕਿਸੇ ਨੂੰ ਥੋੜੀ ਜਿਹੀ ਸਮਝ ਆਉਂਦੀ ਸੀ, ਉਹ ਰੇਡੀਓ ਤੋਂ ਰੀਲੇਅ ਕੀਤੀ ਗਈ। ਪਰ ਇਸ ਨਾਲ ਇਹ ਪ੍ਰਭਾਵ ਪਿਆ ਕਿ ਜਿਹੜੇ ਮੇਰੇ ਸਿਧਾਂਤਾਂ ’ਤੇ ਵਿਚਾਰ ਕਰਦੇ ਸਨ, ਉਹਨਾਂ ਨੇ ਆਪਣੇ ਕਲਾਬਾਜੀ ਦਿਖਾ ਗਏ।

ਜਦੋਂ ਵਾਇਸ ਆਫ਼ ਅਮਰੀਕਾ ਦੇ ਪਾਕਿਸਤਾਨ ਵਾਲੇ ਪ੍ਰਤਿਨਿਧ ਨੇ ਮੈਨੂੰ ਟੈਲੀਫ਼ੋਨ ਕੀਤਾ ਅਤੇ ਕਿਹਾ, “ਈਦੀ ਸਾਹਿਬ, ਤੁਸੀਂ ਮੁੱਦਾ ਸਾਫ਼ ਕਿਉਂ ਨਹੀਂ ਕਰਦੇ ?” ਮੈਂ ਉਸ ਨੂੰ ਕਿਹਾ, “ਮੈਂ ਆਪਣੇ ਆਪ ਨੂੰ ਇਸ ਸਰਗਰਮੀ ਵਿਚ ਉੱਲਝਾਉਣਾ ਨਹੀਂ ਚਾਹੁੰਦਾ। ਮੈਂ ਜੋ ਕੁਝ ਜਾਣਦਾ ਸਾਂ ਕਹਿ ਦਿੱਤਾ ਹੈ।” ਇਸ ਵਿਚ ਇਮਰਾਨ ਖ਼ਾਨ ਨੂੰ ਸ਼ੱਕ ਦਾ ਲਾਭ ਦੇ ਦਿੱਤਾ। ਭਾਵੇਂ ਕਿ ਮੇਰਾ ਸੁਭਾਅ ਬਹੁਤ ਸ਼ੱਕੀ ਸੀ, ਮੈਂ ਸੁਝਾਅ ਦਿੱਤਾ, “ਹੁਣ ਕਿਉਂ ਜੋ ਉਹ ਮਾਮਲੇ ਤੋਂ ਸੁਚੇਤ ਹੈ, ਉਹ ਸ਼ਾਇਦ ਕੋਈ ਟਿੱਪਣੀ ਕਰੇਗਾ, ਸ਼ਾਇਦ ਉਹ ਤੁਹਨੂੰ ਕੁਝ ਜ਼ਿਆਦਾ ਦੱਸੇ।”

ਇਸ ਹੀ ਸਮੇਂ ਵਿਰੋਧੀ ਪਾਰਟੀ ਦੇ ਇਕ ਪ੍ਰਮੁੱਖ ਲੀਡਰ ਨੇ ਪ੍ਰੈੱਸ ਵਿਚ ਇਕ ਬਿਆਨ ਦਿੱਤਾ, “ਈਦੀ, ਬੇਨਜ਼ੀਰ ਭੁੱਟੋ ਦੇ ਹੱਥਾਂ ਵਿਚ ਖੇਡ ਰਿਹਾ ਹੈ, ਉਸ ਨੂੰ ਵਰਤ ਲਿਆ ਗਿਆ ਹੈ ਅਤੇ ਕੁਝ ਗੁਪਤ ਉਦੇਸ਼ਾਂ ਨਾਲ ਉਹ ਭੱਜ ਗਿਆ ਹੈ। ਉਸ ਦੇ ਹੈਲੀਕਾਪਟਰ ਦਾ ਮਿਸਿਜ਼ ਭੁੱਟੋ ਦੀਆਂ ਚੋਣਾਂ ਦੇ ਪ੍ਰਚਾਰ ਵਿਚ ਵਰਤਿਆ ਜਾਣਾ, ਇਸ ਗੱਲ ਦਾ ਸਾਫ਼ ਪ੍ਰਮਾਣ ਹੈ ਕਿ ਉਸ ਦੀਆਂ ਵਫ਼ਾਦਾਰੀਆਂ ਕਿਥੇ ਹਨ।” ਮੈਂ ਉਸ ਆਦਮੀ ਦੇ ਆਪਣੇ ਆਪ ਦੇ ਫ਼ੈਸਲੇ ’ਤੇ, ਜਿਹੜਾ ਮੈਨੂੰ ਜਾਣਦਾ ਤਕ ਨਹੀਂ ਸੀ, ਹੈਰਾਨ ਸਾਂ ਅਤੇ ਜਨਰਲ ਹਮੀਦ ਗੁਲ ਨੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਅਫ਼ਗਾਨਿਸਤਾਨ ਵਿਚ ਕਾਬਲ ਤੋਂ ਇਕ ਬਿਆਨ ਦਿੱਤਾ, “ਈਦੀ ਨੂੰ

ਆਪਣੇ ਬਾਰੇ ਖ਼ਿਆਲ ਕਰਨਾ ਚਾਹੀਦਾ ਹੈ ਅਤੇ ਚੁੱਪ ਰਹਿਣਾ ਚਾਹੀਦਾ ਹੈ।" ਇਮਰਾਨ ਖ਼ਾਨ ਨੇ ਘੋਸ਼ਣਾ ਕੀਤੀ, "ਜੇ ਈਦੀ ਕਰਾਚੀ ਵਿਚ ਰਹਿਣ ਤੋਂ ਡਰਦਾ ਸੀ ਤਾਂ ਉਸ ਨੂੰ ਪੰਜਾਬ ਵਿਚ ਪਨਾਹ ਲੈ ਲੈਣੀ ਚਾਹੀਦੀ ਸੀ। ਉਹ ਇੰਗਲੈਂਡ ਕਿਉਂ ਗਿਆ ?" ਇਕ ਹੋਰ ਸਮਾਜ ਸੇਵਕ ਨੇ ਬਿਆਨ ਦਿੱਤਾ, "ਈਦੀ ਆਪਣੀ ਜਾਨ ਬਚਾਉਣ ਲਈ ਭੱਜ ਗਿਆ ਹੈ। ਸਗੋਂ ਮੈਂ ਤਾਂ ਪਾਕਿਸਤਾਨ ਲਈ ਆਪਣੀ ਜਾਣ ਦੇ ਦੇਵਾਂਗਾ ਅਤੇ ਇਸ ਨੂੰ ਮੈਂ ਆਪਣੇ ਲਹੂ ਦਾ ਆਖ਼ਰੀ ਤੁਪਕਾ ਦੇ ਦੇਵਾਂਗਾ।"

ਹੁਣ ਮੈਂ ਦੂਰ ਤੋਂ ਵੇਖ ਰਿਹਾ ਸਾਂ ਅਤੇ ਮੇਰੇ ਪ੍ਰਤੀ ਨਫ਼ਰਤ ਨੂੰ ਵੇਖ ਸਕਦਾ ਸਾਂ। ਅਮਰੀਕਾ ਵਾਲੇ ਪ੍ਰਤਿਨਿਧ ਦੇ ਜਵਾਬ ਵਿਚ ਮੈਂ ਕਿਹਾ, "ਕੀ ਮੈਂ ਸੱਚੀਮੁੱਚੀ ਪੀਪਲਜ਼ ਪਾਰਟੀ ਦੀ ਸਰਕਾਰ ਨੂੰ ਬਚਾ ਲਿਆ ਹੈ ? ਕੀ ਮੈਂ ਪੰਜਾਬ ਵਿਚ ਸੁਰੱਖਿਅਤ ਰਹਿੰਦਾ ? ਕੀ ਪਾਕਿਸਤਾਨ ਨੂੰ ਮੇਰੇ ਲਹੂ ਦੀ ਲੋੜ ਹੈ ? ਕੀ ਇਸ ਨਾਲ ਉਸ ਦਾ ਉਦੇਸ਼ ਪੂਰਾ ਹੋ ਜਾਵੇਗਾ ? ਜਾਂ ਕੀ ਇਸ ਨਾਲ ਕੋਈ ਤੁਫ਼ਾਨ ਪੈਦਾ ਹੋ ਜਾਵੇਗਾ ?" ਮੈਂ ਸਮਾਜਿਕ ਕੰਮ ਅਤੇ ਈਦੀ ਫ਼ਾਊਂਡੇਸ਼ਨ ਨੂੰ ਬਚਾਉਣ ਦਾ ਬਹੁਤ ਚੰਗਾ ਕੰਮ ਕੀਤਾ, ਪਰ ਉਹਨਾਂ ਨੂੰ ਕੌਣ ਜੁਆਬ ਦੇਵੇਗਾ ਅਤੇ ਉਹ ਜਵਾਬ ਕੀ ਕਰੇਗਾ ?

ਜਦੋਂ ਇੰਗਲੈਂਡ ਦੇ ਪ੍ਰਤਿਨਿਧ ਨੇ ਇਮਰਾਨ ਖ਼ਾਨ ਨੂੰ ਸਾਜ਼ਿਸ਼ ਦੇ ਖ਼ਿਲਾਫ਼ ਚਿਤਾਵਨੀ ਦੇਣੀ ਚਾਹੀ, ਮੈਂ ਉਸ ਨੂੰ ਕਿਹਾ, "ਮੈਂ ਉਸ ਨੂੰ ਪਹਿਲਾਂ ਹੀ ਰਾਜਨੀਤੀ ਵਿਚ ਉੱਲਝਣ ਬਾਰੇ ਚਿਤਾਵਨੀ ਦੇ ਦਿੱਤੀ ਸੀ, ਹੁਣ ਕਹਿਣ ਨੂੰ ਹੋਰ ਕੁਝ ਨਹੀਂ।" ਪਰ ਮੇਰਾ ਦੋਸਤ ਇਕ ਸੁਨੇਹੇ ਨਾਲ ਵਾਪਸ ਆਇਆ ਕਿ ਮੈਂ ਆਪਣੇ ਬਿਆਨ ਦੀ ਨਿਖੇਧੀ ਕਰਾਂ। ਮੈਂ ਉਸ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਹੋਰ ਕੋਈ ਸੁਨੇਹਾ ਨਾ ਭੇਜੇ, ਕੁਝ ਸਾਲਾਂ ਬਾਅਦ ਉਹ ਜਾਣ ਜਾਏਗਾ ਕਿ ਮੈਂ ਠੀਕ ਸਾਂ।"

ਇੰਗਲੈਂਡ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਗੱਲਬਾਤ ਕਰਨ ਲਈ ਆਏ। ਉਸ ਨੇ ਜਾਣ ਤੋਂ ਪਹਿਲਾਂ ਸਟਾਫ਼ ਨੂੰ ਹਿਦਾਇਤ ਦਿੱਤੀ ਕਿ ਉਹ ਮੈਨੂੰ ਕੋਈ ਰਸਤਾ ਨਾ ਦੇਣ, ਪਰ ਮੈਂ ਅਚਾਨਕ ਹੀ ਉਹਨਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਅਤੇ ਘੱਟੋ ਘੱਟ ਵਰਤਮਾਨ ਲਈ ਜ਼ੋਖਿਮ ਖ਼ਤਮ ਹੋ ਗਿਆ।

ਜਦੋਂ ਬਿਲਕਿਅਸ ਭਾਰਤ ਤੋਂ ਵਾਪਸ ਆਈ, ਉਸ ਨੇ ਰਿਪੋਰਟਰਾਂ ਦਾ ਜੁਆਬ ਦਿੱਤਾ, "ਜੇ ਮੈਂ ਇਥੇ ਹੁੰਦੀ ਤਾਂ ਮੈਂ ਆਪਣੇ ਪਤੀ ਨੂੰ ਜਾਣ ਨਾ ਦਿੰਦੀ। ਉਹ ਬਹੁਤ ਸ਼ੱਕੀ, ਸੁਚੇਤ ਅਤੇ ਆਪਣੇ ਸੁਭਾਅ ਦਾ ਆਦਮੀ ਹੈ।" ਉਸ ਤੋਂ ਇਲਾਵਾ ਮੇਰਾ ਪਰਿਵਾਰ ਅਤੇ ਸਟਾਫ਼ ਨੂੰ ਹਿਦਾਇਤਾਂ ਮੰਨਦੇ ਹੋਏ ਕੋਈ ਵੀ ਖ਼ਬਰਾਂ ਦੇ ਜੁਆਬ ਦੇਣ ਤੋਂ ਝਿਜਕਦੇ ਸਨ।

ਇਸ ਸਮੇਂ ਵਿਚ ਜਰਮਨੀ, ਫ਼ਰਾਂਸ ਅਤੇ ਬ੍ਰਿਟਿਸ਼ ਦੀ ਪ੍ਰੈੱਸ ਨੇ ਸਾਡੇ ਇੰਗਲੈਂਡ ਦੇ ਕੇਂਦਰ ਨਾਲ ਸੰਪਰਕ ਕਾਇਮ ਕੀਤਾ। ਮੈਂ ਆਪਣੇ ਸਟਾਫ਼ ਨੂੰ ਮਨ੍ਹਾ ਕੀਤਾ

ਕਿ ਉਹ ਕੋਈ ਵੀ ਸੂਚਨਾ ਦੇਣ ਤੋਂ ਝਿਜਕਣ, "ਇਹ ਇਕ ਅੰਦਰੂਨੀ ਮਾਮਲਾ ਹੈ। ਮੈਂ ਦੇਸ਼-ਧ੍ਰੋਹੀ ਨਹੀਂ, ਨਾ ਹੀ ਮੈਂ ਅੰਤਰ-ਰਾਸ਼ਟਰੀ ਪ੍ਰਚਾਰ ਚਾਹੁੰਦਾ ਹਾਂ। ਇਸ ਮੁੱਦੇ ਨਾਲ ਮੈਂ ਆਪਣੇ ਢੰਗ ਨਾਲ, ਆਪਣੇ ਸਮੇਂ ਅਨੁਸਾਰ ਨਿਪਟ ਲਵਾਂਗਾ।" ਜਦੋਂ ਸਿਦਕ ਈਦੀ, ਬੰਟਵਾ ਦਾ ਮੇਰਾ ਪੁਰਾਣਾ ਦੋਸਤ ਮੈਨੂੰ ਮਿਲਣ ਆਇਆ, ਮੈਂ ਰੂਹ-ਪੋਸ਼ ਹੋਣ ਦੀ ਸੋਚੀ ਅਤੇ ਲੰਡਨ ਦੇ ਬਾਹਰ ਉਸ ਦੇ ਫ਼ਾਰਮ 'ਤੇ ਚਲਾ ਗਿਆ। ਇਥੇ ਮੈਂ ਸ਼ੁੱਧ ਹਵਾ ਵਿਚ ਖਾਣਾ ਬਣਾਉਂਦਾ ਸਾਂ, ਸਫ਼ਾਈ ਕਰਦਾ ਸਾਂ ਅਤੇ ਤੁਰਦਾ ਫਿਰਦਾ ਸਾਂ; ਇਕ ਇੱਕਲਾਪਨ ਸੀ ਅਤੇ ਨਾਲੋ-ਨਾਲ ਨਵੀਆਂ-ਨਵੀਆਂ ਵਿਚਾਰਾਂ ਆਉਂਦੀਆਂ ਸਨ।

24 ਦਿਨਾਂ ਵਿਚ ਮੈਂ 200 ਸਫ਼ਿਆਂ ਦਾ ਗੁਜਰਾਤੀ ਵਿਚ ਹੱਥ ਨਾਲ ਇਕ ਪੱਤਰ ਲਿਖਿਆ, ਜਿਸ ਵਿਚ ਮੈਂ ਇਕ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਿਸ ਨੇ ਪਾਕਿਸਤਾਨ ਨੂੰ ਘੇਰਿਆ ਹੋਇਆ ਸੀ। ਜਨਰਲ ਜ਼ਿਆ ਦੇ ਮਾਰਸ਼ਲ ਲਾਅ ਤਕ ਮੈਂ ਇਸ ਨੂੰ ਸੰਖੇਪ ਵਿਚ ਲਿਖਿਆ, ਫਿਰ ਉਹ ਢੰਗ ਜਿਸ ਨਾਲ ਨਫ਼ਰਤ ਫੈਲਾਈ ਜਾਂਦੀ ਸੀ, ਉਸ ਨੂੰ ਵਿਸਥਾਰ ਨਾਲ ਦੱਸਿਆ। ਇਸ ਖਰੜੇ ਦੀਆਂ 5 ਕਾਪੀਆਂ ਨੂੰ ਲਿਫ਼ਾਫ਼ਿਆਂ ਵਿਚ ਬੰਨ੍ਹਿਆ ਗਿਆ ਅਤੇ ਵੱਖ ਵੱਖ ਦਿਸ਼ਾਵਾਂ ਵਿਚ ਭੇਜੀਆਂ ਗਈਆਂ ਅਤੇ ਇਹ ਹਿਦਾਇਤਾਂ ਦਿੱਤੀਆਂ ਗਈਆਂ ਕਿ ਇਨ੍ਹਾਂ ਨੂੰ ਲੋਕਾਂ ਸਾਹਮਣੇ ਤਾਂ ਹੀ ਲਿਆਂਦਾ ਜਾਵੇ ਜੇ ਮੇਰੀ ਗ਼ੈਰ-ਕੁਦਰਤੀ ਮੌਤ ਹੋ ਜਾਵੇ ਜੇ ਮੈਂ ਕੁਦਰਤੀ ਤੌਰ 'ਤੇ ਮਰ ਜਾਵਾਂ ਤਾਂ ਉਸ ਹਾਲਤ ਵਿਚ ਨਹੀਂ।

ਇੰਗਲੈਂਡ ਵਿਚ ਮੈਂ ਆਪਣੀ ਪਹਿਲੀ ਯਾਤਰਾ ਨੂੰ ਯਾਦ ਕਰਦਾ ਸਾਂ, ਜਦੋਂ ਸਿਦਕ ਈਦੀ ਨੇ ਮੈਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਮੈਨੂੰ ਨੌਕਰੀ ਲੈ ਦੇਵੇਗਾ, ਮੈਂ ਉਸ ਨੂੰ ਕਿਹਾ, "ਮੈਂ ਸੰਨ 1950 ਵਿਚ ਕੰਮ ਸ਼ੁਰੂ ਕੀਤਾ, ਸੰਨ 1978 ਵਿਚ ਫ਼ਾਊਂਡੇਸ਼ਨ ਸਥਾਪਿਤ ਕੀਤੀ ਅਤੇ ਹੁਣ ਸੰਨ 1995 ਵਿਚ ਮੈਂ ਮਨੁੱਖ ਜਾਤੀ ਨੂੰ ਸੁਨੇਹਾ ਦੇ ਰਿਹਾ ਹਾਂ ਕਿ ਆਉ ਅਤੇ ਮੇਰੇ ਕੰਮ ਵਿਚ ਮੇਰੇ ਨਾਲ ਸ਼ਾਮਲ ਹੋਵੋ। ਜਾਤੀ ਇਨਕਲਾਬ ਦੇ ਸਿੱਟੇ ਵੱਜੋਂ ਸਾਂਝੀ ਭਲਾਈ ਹੋਵੇਗੀ।" ਮੇਰੀ ਖੋਜ ਨੇ ਇਹ ਪੱਕਾ ਕਰ ਦਿੱਤਾ ਸੀ ਕਿ ਇਨਸਾਨੀਅਤ ਹੀ ਦੁਨੀਆਂ ਦੀ ਪ੍ਰਣਾਲੀ ਬਣਨੀ ਚਾਹੀਦੀ ਸੀ। ਜੰਗਾਂ ਅਤੇ ਸ਼ਹੀਦਾਂ ਦਾ ਸਮਾਂ ਖ਼ਤਮ ਹੋ ਚੁੱਕਾ ਸੀ। ਤੀਸਰੀ ਦੁਨੀਆਂ ਵਿਚ ਸਿਆਸਤ ਨੂੰ ਉਸ ਤਰ੍ਹਾਂ ਹੀ ਥੱਲੇ ਆਉਣਾ ਚਾਹੀਦਾ ਸੀ, ਜਿਸ ਤਰ੍ਹਾਂ ਇਹ ਪੱਛਮ ਵਿਚ ਆਈ ਸੀ। ਜਿਸ ਤਰ੍ਹਾਂ ਪੱਛਮ ਵਿਚ ਜਲਸਿਆਂ ਦੇ ਡਰਾਮੇ ਅਤੇ ਨਾ ਲਾਗੂ ਹੋ ਸਕਣ ਵਾਲੇ ਨਾਅਰੇ ਨਹੀਂ, ਇਸ ਤਰ੍ਹਾਂ ਤੀਸਰੀ ਦੁਨੀਆਂ ਵਿਚ ਵੀ ਇਨ੍ਹਾਂ ਨੂੰ ਖ਼ਤਮ ਹੋ ਜਾਣਾ ਚਾਹੀਦਾ ਸੀ।

ਖੇਤਾਂ ਵਿਚ ਲੰਮੀ ਚਹਿਲ ਕਦਮੀ ਕਰਨ ਵੇਲੇ ਅਸੀਂ ਸਾਂਝੀ ਭਲਾਈ ਪ੍ਰਣਾਲੀ ਨਾਲ ਸੰਬੰਧਿਤ ਕਈ ਮੁੱਦਿਆਂ 'ਤੇ ਗੱਲਾਂ ਕਰਦੇ। ਮੈਂ ਆਪਣੇ ਦੋਸਤ ਨੂੰ ਕਈ ਘਟਨਾਵਾਂ ਦੱਸਦਾ, "ਇਰਾਨ ਤੋਂ ਇਕ ਡਾਕਟਰ ਵਾਪਸ ਆਇਆ ਅਤੇ ਉਸ

ਨੇ ਦੱਸਿਆ ਕਿ ਦੂਰ ਦਰਾਜ ਦੇ ਪਿੰਡਾਂ ਵਿਚ ਵੀ ਮੁਫ਼ਤ ਡਾਕਟਰੀ ਸੇਵਾ ਮਿਲਦੀ ਹੈ। ਮੈਂ ਇਹ ਸਮਝਦਾ ਸਾਂ ਕਿ ਉਹ ਜਿੰਦਾ ਰਹਿਣਗੇ। ਜਦੋਂ ਇਕ ਪ੍ਰਣਾਲੀ ਦੇ ਦਿੱਤੀ ਜਾਂਦੀ ਹੈ ਤਾਂ ਰਾਜਨੀਤਕ ਮੁਕਾਬਲੇ ਦਾ ਕੋਈ ਮੁੱਦਾ ਨਹੀਂ ਰਹਿ ਜਾਂਦਾ।" ਅਸੀਂ ਇਸਲਾਮ ਦੀ ਮਹਾਨਤਾ ਬਾਰੇ ਵੀ ਚਰਚਾ ਕਰਦੇ : "ਜਦੋਂ ਮੈਂ ਇਹ ਸੁਣਿਆ ਕਿ ਲਿਬੀਆ ਦੇ ਪ੍ਰਧਾਨ ਗੱਦਾਫ਼ੀ ਨੇ ਗਰੀਬ ਮੁਸਲਿਮ ਦੇਸ਼ਾਂ ਨੂੰ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ ਤਾਂ ਮੈਂ ਉਸ ਨੂੰ ਲਿਖਿਆ ਕਿ ਮੁਸਲਿਮ ਹੋਣ ਦੇ ਨਾਤੇ ਉਹ ਆਪਣੀ ਪੇਸਕਸ਼ ਸਾਰੇ ਗਰੀਬ ਦੇਸ਼ਾਂ ਲਈ ਕਰੇ। ਇਹ ਹੀ ਇਸਲਾਮ ਦਾ ਢੰਗ ਹੈ।"

ਮੇਰੇ ਸਾਥੀ ਲੰਡਨ ਤੋਂ ਮੈਨੂੰ ਮਿਲਣ ਆਏ ਅਤੇ ਉਹਨਾਂ ਨੇ ਮੈਨੂੰ ਉੱਚੇ ਹੌਂਸਲੇ ਵਿਚ ਵੇਖਿਆ। ਹੁਣ ਅਸੀਂ ਉਸ ਮੁੱਦੇ ਤੋਂ ਇਲਾਵਾ, ਜਿਸ ਨੇ ਕੁਝ ਹੀ ਸਮਾਂ ਪਹਿਲਾਂ ਮੈਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਹੋਰ ਮੁੱਦਿਆਂ ਬਾਰੇ ਵੀ ਗੱਲਾਂ ਕਰ ਸਕਦੇ ਸਾਂ। ਜਿਸ ਤਰ੍ਹਾਂ ਇਹ ਸੁਭਾਵਿਕ ਹੀ ਸੀ ਕਿ ਦੁੱਖ ਦੇ ਸਮੇਂ ਅਤੇ ਦੇਸ਼-ਨਿਕਾਲੇ ਦੇ ਸਮੇਂ ਸਮਾਜਿਕ ਤਬਦੀਲੀ ਦਾ ਵਿਸ਼ਾ ਉੱਭਰ ਆਉਂਦਾ ਸੀ, ਮੈਂ ਵਿਆਖਿਆ ਕੀਤੀ, "ਜਦੋਂ ਤੁਸੀਂ ਡੂੰਘਾਈ ਨਾਲ ਇਤਿਹਾਸ ਅਤੇ ਹੁਣ ਦੇ ਮੁੱਦਿਆਂ ਦਾ ਅਧਿਐਨ ਨਾ ਕਰੋ ਅਤੇ ਉੱਤੋਂ ਉੱਤੋਂ ਹੀ ਬੇਨਿਯਮੀ ਨੂੰ ਦੇਖੋ ਜਾਂ ਮਹਿਸੂਸ ਕਰੋ ਤਾਂ ਤੁਸੀਂ ਅਧਿਕਾਰੀ ਦੀ ਸਥਿਤੀ ਵਿਚ ਹੋ ਕੇ ਵੀ ਠੀਕ ਤਰ੍ਹਾਂ ਧਿਆਨ ਨਹੀਂ ਦੇ ਸਕਦੇ। ਲੋਕ ਸਾਧਾਰਣ ਤੌਰ 'ਤੇ ਅਵਿਵਸਥਾ ਦੇਖ ਕੇ ਹੀ ਲੜਾਈ ਝਗੜਿਆਂ ਵਿਚ ਛਾਲ ਮਾਰ ਦਿੰਦੇ ਹਨ। ਉਹਨਾਂ ਵਲੋਂ ਉਸ ਮੁੱਖ ਮੁਸ਼ਕਲ ਨੂੰ, ਇਸ ਦੀ ਜ਼ਿੰਮੇਵਾਰੀ ਲੈਣ ਤੋਂ ਪਹਿਲਾਂ ਨਾ ਉਹਨਾਂ ਵੱਲੋਂ ਅਤੇ ਨਾ ਹੀ ਲੋਕਾਂ ਵੱਲੋਂ ਕਿਸੇ ਡੂੰਘਾਈ ਨਾਲ ਸਮਝਣ ਦੀ ਜ਼ਰੂਰਤ ਹੀ ਸਮਝੀ ਜਾਂਦੀ। ਤਬਦੀਲੀ ਲਈ ਛੋਟੇ ਰਸਤੇ ਵਾਲਾ ਇਨਕਲਾਬ, ਅਖ਼ੀਰ ਵਿਚ ਖ਼ੂਨ-ਖ਼ਰਾਬਾ, ਭੰਨ-ਤੋੜ ਹੀ ਲਿਆਉਂਦਾ ਹੈ ਅਤੇ ਕੋਈ ਸੁਧਰਿਆ ਹੋਇਆ ਸਮਾਜ ਨਹੀਂ ਬਣਦਾ।

ਅਸੀਂ ਭਵਿੱਖ ਦੀਆਂ ਯੋਜਨਾਵਾਂ ਦੀਆਂ ਗੱਲਾਂ ਕਰਦੇ ਅਤੇ ਮੈਂ ਕਹਿੰਦਾ, "ਤਜਰਬਾ ਤੁਹਾਨੂੰ ਦੁਨੀਆਂ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਚ ਲਿਜਾ ਸਕਦਾ ਹੈ। ਸਿਰਫ਼ ਇਸ ਕਰਕੇ ਮੈਂ ਦੁਨੀਆਂ ਦੇ ਸਭ ਤੋਂ ਚੰਗੇ ਵਿਦਵਾਨਾਂ ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚੇ 'ਤੇ ਚਰਚਾ ਕਰ ਸਕਦਾ ਹਾਂ। ਮੈਨੂੰ ਮਾਹਿਰ ਬਣਨ ਲਈ 20 ਸਾਲ ਦਾ ਸਮਾਂ ਬਿਤਾਉਣ ਦੀ ਲੋੜ ਨਹੀਂ। ਜਦੋਂ ਹੋਰ ਸਭ ਕੋਸ਼ਿਸ਼ਾਂ ਨੂੰ ਪਰਖ ਲਿਆ ਅਤੇ ਉਹ ਟੁੱਕੜੇ-ਟੁੱਕੜੇ ਹੋ ਗਈਆਂ, ਪਰਮਾਤਮਾ ਨੇ ਚਾਹਿਆ ਤਾਂ ਪਰਦਾ ਉੱਠ ਜਾਵੇਗਾ। ਅਫ਼ਸਰ, *ਮਸ਼ਹੇਕ, ਸਰਦਾਰ* ਅਤੇ *ਜ਼ਿਮੀਂਦਾਰ* ਸਭ ਉਸ ਉੱਪਰ ਉੱਠਣ ਵਾਲੇ ਅਮਨ ਦੀ ਲਹਿਰ ਵਿਚ ਸ਼ਾਮਿਲ ਹੋ ਜਾਣਗੇ। ਮੇਰਾ ਕੰਮ ਉਹਨਾਂ ਨੂੰ ਚੁੰਬਕ ਦੀ ਤਰ੍ਹਾਂ ਅਮਲੀ ਕੰਮ ਵੱਲ ਖਿੱਚ ਲਵੇਗਾ।

ਆਪਣੇ ਗਵਾਂਢ ਵਿਚ ਅਸੀਂ ਆਪਣਾ ਕੰਮ ਥੱਲੇ ਦੀ ਪੱਧਰ ’ਤੇ ਸਥਾਪਿਤ ਕਰਨ ਲਈ ਕਾਮਯਾਬ ਹੋ ਗਏ ਸੀ। ਭਾਰਤ ਉਸ ਦੀ ਉਦਾਹਰਨ ਲਵੇਗਾ ਅਤੇ ਉਹ ਵੀ ਉਸ ਤਰ੍ਹਾਂ ਹੀ ਕਰੇਗਾ। ਮੈਂ ਉਹਨਾਂ ਨੂੰ ਕਿਹਾ, “ਸਾਡੇ ਵਾਂਗ, ਉਹ ਵੀ ਆਪਣੀ ਗਰੀਬ ਆਰਥਿਕਤਾ ਨੂੰ, ਸਮਾਜਿਕ, ਭਲਾਈ ਦੇ ਕੰਮ ਤੋਂ ਬਗੈਰ ਅੱਗੇ ਨਹੀਂ ਵਧਾ ਸਕਦਾ। ਮੈਂ ਨੀਹਾਂ ਖੋਦ ਕੇ ਫਾਂਉਂਡੇਸ਼ਨਾਂ ਭਰ ਦਿੱਤੀਆਂ ਹਨ.....ਅਸੀਂ ਬਣਾਉਣ ਲਈ ਤਿਆਰ ਹਾਂ। ਤੀਸਰੀ ਦੁਨੀਆਂ ਨੂੰ ਮੇਰੀ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ। ਪ੍ਰੋਫ਼ੈਸਰਾਂ ਅਤੇ ਫ਼ਿਲਾਸਫ਼ਰਾਂ ਨੂੰ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਮੈਂ ਉਹਨਾਂ ਨੂੰ ਦੱਸਾਂਗਾ : “ਮੈਂ ਇਕ ਯੂਨੀਵਰਸਿਟੀ ਤੋਂ ਡਿਗਰੀ ਲਈ ਸੀ ਅਤੇ ਆਪਣੇ ਪ੍ਰੈਕਟੀਕਲ ਪੂਰੇ ਕੀਤੇ ਹਨ, ਮੈਨੂੰ ਮੇਰੀਆਂ ਗ਼ਲਤੀਆਂ ਦੱਸੋ, ਮੇਰੀਆਂ ਯੋਜਨਾਵਾਂ ਦੀ ਚਰਚਾ ਕਰੋ। ਦੁਨੀਆਂ ਦੇ 98 ਫ਼ੀਸਦੀ ਲੋਕ ਮੁੱਦਿਆਂ ਨਾਲ ਉੱਲਝਦੇ ਹਨ ਅਤੇ ਠੱਗੇ ਜਾਂਦੇ ਹਨ, ਅਸੀਂ ਸਿਰਫ਼ ਮੁੱਦਿਆਂ ਦੀ ਗੱਲ ਨਹੀਂ ਕਰ ਰਹੇ, ਅਸੀਂ ਉਹਨਾਂ ਦਾ ਹੱਲ ਦੇ ਰਹੇ ਹਾਂ, ਜਿਸ ਨਾਲ ਅਗਾਂਹ ਅਮਨ ਵਧੇਗਾ। ਦੁਨੀਆਂ ਨੂੰ ਧਿਆਨ ਨਾਲ ਉਸ ਪ੍ਰਣਾਲੀ ਨੂੰ ਵੇਖਣਾ ਚਾਹੀਦਾ ਹੈ, ਜੋ ਪਾਕਿਸਤਾਨ ਦੇ ਰਿਹਾ ਹੈ।”

ਉਸ ਤਰ੍ਹਾਂ ਹੀ ਜਿਸ ਤਰ੍ਹਾਂ ਗਿਰਜੇ ਦੀ ਬੁਨਿਆਦੀ ਪ੍ਰਮੁੱਖਤਾ ਬਦਲ ਗਈ ਸੀ, ਮਸਜਿਦ ਦੇ ਉਦੇਸ਼ਾਂ ਨੂੰ ਫਿਰ ਲੋਕਾਂ ਦੇ ਕੇਂਦਰਾਂ ਦੇ ਤੌਰ ’ਤੇ ਦੁਬਾਰਾ ਚਾਲੂ ਕਰਨਾ ਚਾਹੀਦਾ ਹੈ। ਮੈਂ ਆਪਣੇ ਦੋਸਤਾਂ ਨੂੰ ਇਸ ਦੀ ਵਿਆਖਿਆ ਕੀਤੀ, “ਸਾਰੇ ਹੀ ਧਰਮ ਚੰਗੀ ਤਰ੍ਹਾਂ ਉਦੋਂ ਸਮਝੇ ਅਤੇ ਮੰਨੇ ਜਾਂਦੇ ਹਨ, ਜਦੋਂ ਇਨਸਾਨੀਅਤ ਜ਼ਿੰਦਗੀ ਦਾ ਅਮਲ ਕਰਨ ਦਾ ਢੰਗ ਬਣ ਜਾਂਦਾ ਹੈ। ਲੋਕਾਂ ਨੂੰ ਸਿਆਸੀ ਅਤੇ ਧਾਰਮਿਕ ਗਰੁੱਪ ਛੱਡ ਕੇ ਇਨਸਾਨੀਅਤ ’ਤੇ ਨਿਰਭਰ ਹੋ ਜਾਣਾ ਚਾਹੀਦਾ ਹੈ। ਉਹਨਾਂ ਨੂੰ ਜੰਗਾਂ ਅਤੇ ਦਹਿਸ਼ਤ ਤੋਂ ਮੁੜਨਾ ਚਾਹੀਦਾ ਹੈ, ਇਸੇ ਤਰ੍ਹਾਂ ਉੱਚੀ ਪੱਧਰ ਦੀਆਂ ਕਾਨਫ਼ਰੰਸਾਂ ਤੋਂ। ਉਹ ਸਾਰੇ ਜਵਾਬ ਅਤੇ ਹੱਲ, ਜਿਨ੍ਹਾਂ ਨੂੰ ਉਹ ਲੱਭਦੇ ਹਨ, ਉਹ ਸਭ ਉਸ ਵਿਚ ਹਨ, ਉਹਨਾਂ ਨੂੰ ਆਪਣਾ ਭੂਤਕਾਲ ਮੁਆਫ਼ ਕਰ ਦੇਣਾ ਚਾਹੀਦਾ ਹੈ ਅਤੇ ਭੁੱਲ ਜਾਣਾ ਚਾਹੀਦਾ ਹੈ ਅਤੇ ਆਪਸ ਵਿਚ ਭਲਾਈ ਲਈ ਸਮਝੌਤਾ ਕਰਨਾ ਚਾਹੀਦਾ ਹੈ। ਸੰਨ 2000 ਤਕ ਦੁਨੀਆਂ ਇਨਸਾਨੀਅਤ ਨੂੰ ਭਵਿੱਖ ਦੀ ਵਿਚਾਰਧਾਰਾ ਵਜੋਂ ਅਪਣਾ ਲਵੇਗੀ, ਅਤੇ ਇਕ ਮੁੱਖ ਕੇਂਦਰ ’ਤੇ ਇਕ ਝੰਡੇ ਥੱਲੇ ਇਕੱਠੀ ਹੋ ਜਾਵੇਗੀ।”

ਜਦੋਂ ਉਹਨਾਂ ਇਹ ਪੁੱਛਿਆ ਕਿ ਇਹ ਕਿਸ ਤਰ੍ਹਾਂ ਹੋਵੇਗਾ ਤਾਂ ਮੈਂ ਹੱਸ ਪਿਆ, “ਉਹ ਤੁਹਾਡੀ ਸਮੱਸਿਆ ਹੈ। ਤੁਸੀਂ ਨੀਹਾਂ ਵਿਚੋਂ ਉਹ ਸਭ ਕੁਝ ਕੱਢ ਲੈਂਦੇ ਹੋ ਜੋ ਚਾਹੀਦਾ ਹੈ। ਮੈਂ ਤੁਹਾਨੂੰ ਬਣੀ-ਬਣਾਈ ਪ੍ਰਣਾਲੀ ਦੇ ਰਿਹਾ ਹਾਂ। ਤੁਸੀਂ ਇਸ ਨੂੰ ਅਪਣਾਉ। ਸ਼ਿਆ, ਸੁੰਨੀ, ਹਿੰਦੂ, ਮੁਸਲਿਮ, ਇਸਾਈ, ਯਹੂਦੀ ਅਤੇ ਸਾਰੇ ਹੀ ਧਰਮ

ਇਸ ਨਾਲ ਨਿਮਰਤਾ ਨਾਲ ਰਹਿ ਸਕਦੇ ਹਨ, ਪਰ ਸਿਰਫ਼ ਤਾਂ ਹੀ ਜੇ ਉਹ ਇਹ ਸਮਝ ਲੈਣ ਕਿ ਹੁਣ ਸਮਾਂ ਅਮਨ ਬਣਾਉਣ ਦਾ ਹੈ। ਸੰਸਾਰ ਦੇ ਝਗੜੇ ਉਦੋਂ ਹੀ ਬੰਦ ਹੋ ਜਾਣਗੇ, ਜਦੋਂ ਦੁਨੀਆਂ ਦੇ ਨੇਤਾ ਇਨਸਾਨੀਅਤ ਨੂੰ ਵਧਾਉਣ। ਹਰ ਆਦਮੀ ਨੂੰ ਲੋਕਾਂ ਦੇ ਸੇਵਕ ਵਿਚ ਬਦਲਣ ਦਾ ਖ਼ਿਆਲ ਕੋਈ ਜਜ਼ਬਾਤੀ ਖ਼ਿਆਲ ਨਹੀਂ, ਇਸ ਨਾਲ ਸੇਵਾ ਤਾਕਤ ਦੀ ਜਗ੍ਹਾ ਲਵੇਗੀ ਅਤੇ ਇਹ ਸਨਮਾਨ ਨੂੰ ਪਹਿਲ ਦੇਵੇਗੀ ਅਤੇ ਸਾਖ਼ ਨੂੰ ਫੈਲਾਏਗੀ। ਸਿਆਣੇ ਲੋਕ ਉਸ ਦਲਦਲ ਵਿਚੋਂ ਬਾਹਰ ਨਿਕਲ ਆਉਣਗੇ, ਉਹ ਚੂਹਾ ਦੌੜ ਵਿਚੋਂ ਬਾਹਰ ਆ ਕੇ ਖ਼ੁਸ਼ ਹੋਣਗੇ। ਉਹ ਜੋ ਝੂਠ ਵਿਚੋਂ ਆਪਣੀ ਰੋਜ਼ੀ ਕਮਾਉਣ ਵਾਲੇ ਹਨ ਅਤੇ ਸ਼ੁੱਧਤਾ ਗਵਾ ਚੁੱਕੇ ਹਨ, ਉਹ ਗ਼ੈਰ-ਜ਼ਰੂਰੀ ਸਮਝੇ ਜਾਣਗੇ।"

"ਮੈਨੂੰ ਹੋਰ ਸੱਤ ਸਾਲ ਚਾਹੀਦੇ ਹਨ", ਮੈਂ ਹਰ ਇਕ ਨੂੰ ਕਹਿੰਦਾ ਸਾਂ, "ਮੈਨੂੰ ਜੀਊਣ ਲਈ ਹੋਰ ਸੱਤ ਸਾਲਾਂ ਦੀ ਜ਼ਰੂਰਤ ਹੈ, ਉਸ ਲਈ ਪ੍ਰਾਰਥਨਾ ਕਰੋ।" ਇਹੋ ਗੱਲ ਮੈਂ ਬੇਨਜ਼ੀਰ ਭੁੱਟੋ ਨੂੰ ਕਹੀ ਸੀ, "ਜੇ ਮੈਨੂੰ ਹੌਲੀ ਹੌਲੀ ਵਧਣ ਦੀ ਇਜਾਜ਼ਤ ਦਿੱਤੀ ਗਈ ਤਾਂ ਸੱਤਾਂ ਸਾਲਾਂ ਵਿਚ ਲੋਕਾਂ ਨੂੰ ਇਸ ਪ੍ਰਣਾਲੀ ਵਿਚ ਹਿੱਸਾ ਪਾਉਣ ਦੀ ਜ਼ਰੂਰਤ ਨਹੀਂ ਰਹੇਗੀ। ਉਹਨਾਂ ਦਾ ਨਿਵੇਸ਼ ਇਹ ਯਕੀਨੀ ਬਣਾਏਗਾ ਕਿ 50 ਸਾਲਾਂ ਵਿਚ ਪਾਕਿਸਤਾਨ, ਕਰਜ਼ਾਈ ਦੇਸ਼ ਨਹੀਂ ਹੋਵੇਗਾ।" ਮੈਂ ਆਪਣੇ ਦੋਸਤਾਂ ਨੂੰ ਭਰੋਸਾ ਦਿੱਤਾ, "ਇਕ ਸ਼ਕਤੀ ਨੇ ਮੈਨੂੰ ਵਿਕਸਤ ਕੀਤਾ ਹੈ ਕਿ ਮੈਂ ਅਨਪੜ੍ਹਾਂ ਨੂੰ ਰਸਤਾ ਵਿਖਾਵਾਂ। ਮੈਂ ਦੁਨੀਆਂ ਦੀ ਬਹੁ-ਸੰਮਤੀ ਨਾਲ ਸੰਬੰਧ ਰੱਖਦਾ ਹਾਂ। ਮੈਂ ਇਕ ਮਿਸਾਲ ਹਾਂ। ਜੇ ਮੈਂ ਇੰਨਾ ਕੁਝ ਪ੍ਰਾਪਤ ਕਰ ਸਕਦਾ ਹਾਂ ਤਾਂ ਹਰ ਕੋਈ ਆਦਮੀ ਵੀ ਪ੍ਰਾਪਤ ਕਰ ਸਕਦਾ ਹੈ।" ਮੈਂ ਹੱਸਦਾ ਅਤੇ ਮਖ਼ੌਲ ਕਰਦਾ, "ਪਰਮਾਤਮਾ ਨੇ ਮੈਨੂੰ ਮੇਰੀ ਸਮਰੱਥਾ ਦੇ ਅਨੁਸਾਰ ਕੰਮ ਦਿੱਤਾ ਹੈ। ਉਹ ਮੈਨੂੰ ਭੱਜਣ ਨਹੀਂ ਦੇਵੇਗਾ। ਹੁਣ ਇਸ ਨੂੰ ਕਰਨ ਲਈ ਹੋਰ ਲੋਕ ਭੱਜ ਰਹੇ ਹਨ।"

ਵਰਤਮਾਨ ਦੀ ਘਟਨਾ ਫਿਰ ਅੱਗੇ ਆ ਗਈ। ਸਿਆਸਤ ਵੱਲ ਹਰ ਕਦਮ ਬੜਾ ਕਾਂਬਾ ਲਗਾਉਣ ਵਾਲਾ ਸੀ, ਪਰ ਇਹ ਹਮੇਸ਼ਾ ਮੇਰਾ ਆਪਣਾ ਫ਼ੈਸਲਾ ਹੁੰਦਾ ਸੀ ਕਿ ਕਦਮ ਉਠਾਵਾਂ। ਇਸ ਸਮੇਂ ਸਿਆਸਤ ਦਾ ਮੇਰੇ 'ਤੇ ਹਮਲਾ ਸੀ ਅਤੇ ਜ਼ਬਰਦਸਤੀ ਮੇਰੇ 'ਤੇ ਠੋਸੀ ਗਈ ਸੀ। ਮੈਂ ਆਪਣੇ ਸਾਥੀਆਂ ਨੂੰ ਕਿਹਾ, "ਮੇਰਾ ਦਿਮਾਗ ਦੂਸਰੇ ਆਦਮੀਆਂ ਦੇ ਦਿਮਾਗਾਂ ਨਾਲ ਲੜ ਚੁੱਕਾ ਹੈ..... ਦੂਸਰੇ ਆਦਮੀ ਦੀ ਕਲਪਨਾ ਨਾਲ।"

ਲੰਡਨ ਵਿਚ ਵਾਪਸ ਆਉਣ 'ਤੇ ਹਾਈ ਕਮਿਸ਼ਨਰ ਫਿਰ ਮੇਰੇ ਕੋਲ ਆਇਆ ਅਤੇ ਉਸ ਨੇ ਮੈਨੂੰ ਸੂਚਨਾ ਦਿੱਤੀ ਕਿ ਪਾਰਲੀਮੈਂਟ ਅਤੇ ਸੈਨਟ ਵਿਚ ਮੇਰੀ ਵਾਪਸੀ ਲਈ ਮਤੇ ਪਾਸ ਕੀਤੇ ਗਏ ਹਨ ਅਤੇ ਪ੍ਰਧਾਨ ਲਗਾਰੀ ਨੇ ਬੇਨਤੀ ਕੀਤੀ ਹੈ ਕਿ ਮੈਂ ਉਹਨਾਂ ਦੀ ਅਪੀਲ ਮੰਨ ਲਵਾਂ। ਮੈਂ ਉਸ ਨੂੰ ਵਿਆਖਿਆ ਦਿੱਤੀ, "ਮੈਂ ਹੁਣ ਇਥੇ

ਪਹਿਲਾਂ ਵਾਲੇ ਉਦੇਸ਼ ਕਰਕੇ ਨਹੀਂ ਹਾਂ, ਮੈਂ ਹੁਣ ਗਰੀਬਾਂ ਲਈ 'ਇਕ ਪੌਂਡ' ਦੀ ਵਿਵਸਥਾ ਦਾ ਸਟੋਰ ਅਤੇ ਦੋ ਐਂਬੂਲੈਂਸਾਂ ਖ਼ਰੀਦ ਕੇ ਵਾਪਸ ਆਵਾਂਗਾ। ਮੈਂ ਕੈਂਸਰ ਦੇ ਮਰੀਜ਼ਾਂ ਵਾਸਤੇ ਕੁਝ ਪੈਸੇ ਵੀ ਇਕੱਠੇ ਕਰਨੇ ਹਨ, ਜਦੋਂ ਮੇਰਾ ਲਕਸ਼ ਪੂਰਾ ਹੋ ਗਿਆ, ਮੈਂ ਆਜ਼ਾਦ ਹੋ ਜਾਵਾਂਗਾ।"

ਇਸਲਾਮ ਵਿਚ ਰਮਦਾਨ ਦਾ ਮਹੀਨਾ ਖ਼ਰਾਇਤ ਦਾ ਮਹੀਨਾ ਹੁੰਦਾ ਹੈ। ਮੈਨੂੰ ਟੈਲੀਫ਼ੋਨ 'ਤੇ ਸੂਚਨਾ ਮਿਲੀ ਕਿ ਮੇਰਾ ਬਗ਼ੈਰ ਕੁਝ ਦਸੇ ਉਥੋਂ ਚਲੇ ਜਾਣਾ ਅਤੇ ਬਾਅਦ ਵਿਚ ਨਿਰਾਤਮਕ ਸੋਚ, ਸੋਚ ਕੇ ਸ਼ਾਇਦ ਜਕਾਤ ਦਾ ਦਾਨ ਘੱਟ ਜਾਵੇ, ਜੋ ਕਿ ਮੇਰੇ ਸੱਤ ਸਾਲਾਂ ਦੇ ਸਮੇਂ ਸੂਚੀ ਲਈ ਵੱਡਾ ਘਾਟਾ ਸੀ। ਮੈਂ ਆਪਣੇ ਸਟਾਫ਼ ਨੂੰ ਯਕੀਨ ਦਿਵਾਇਆ, "ਇਹ ਆਰਜ਼ੀ ਤੌਰ 'ਤੇ ਹੈ, ਕੋਈ ਹੋਰ ਰਾਹ ਪੱਕਾ ਹੋ ਸਕਦਾ ਹੈ। ਕਿਉਂ ਜੋ ਖੂਹ ਵਿਚ ਜਿੰਨਾ ਪਾਣੀ ਹੈ, ਮੈਂ ਉਸ ਤੋਂ ਜ਼ਿਆਦਾ ਨਹੀਂ ਕੱਢ ਸਕਦਾ, ਮੈਂ ਉਹ ਸਭ ਕੁਝ ਕਰਾਂਗਾ ਜੋ ਮੇਰੀ ਸਮਰੱਥਾ ਵਿਚ ਹੈ।" ਸਮਾਜਿਕ ਅਤੇ ਰਾਜਨੀਤਕ ਫਰੰਟ 'ਤੇ ਹੋਰ ਗਤੀਵਿਧੀਆਂ ਨੇ ਮੈਨੂੰ ਹੋਰ ਵਿਸ਼ਵਾਸ ਦਿਵਾ ਦਿੱਤਾ ਕਿ ਇਕ ਦਮ ਮੇਰਾ ਆ ਜਾਣ ਦਾ ਫ਼ੈਸਲਾ ਠੀਕ ਸੀ। ਫ਼ਾਊਂਡੇਸ਼ਨ ਦਾ ਨੁਕਸਾਨ ਭਾਵੇਂ ਆਰਜ਼ੀ ਸੀ, ਇਸ ਦੁਚਿੱਤੀ ਨਾਲ ਦੇਸ਼ ਨੂੰ ਪੱਕਾ ਨੁਕਸਾਨ ਹੋ ਜਾਣਾ ਸੀ।

ਮੈਂ 8 ਜਨਵਰੀ ਨੂੰ ਵਾਪਸ ਪਾਕਿਸਤਾਨ ਮੁੜਨ ਦਾ ਫ਼ੈਸਲਾ ਕਰ ਲਿਆ। ਜਦੋਂ ਸਾਡੇ ਮੁੱਖ ਦਫ਼ਤਰ ਨੇ ਇਹ ਸੂਚਨਾ ਅਖ਼ਬਾਰ ਨੂੰ ਦੇਣੀ ਚਾਹੀ ਤਾਂ ਮੈਂ ਉਹਨਾਂ ਨੂੰ ਰੋਕ ਦਿੱਤਾ ਅਤੇ ਸਿਰਫ਼ ਆਪਣੇ ਪਰਿਵਾਰ ਨੂੰ ਹੀ ਏਅਰ ਪੋਰਟ 'ਤੇ ਮੈਨੂੰ ਲੈਣ ਆਉਣ ਲਈ ਕਿਹਾ।

ਹਵਾਈ ਜਹਾਜ਼ ਵਿਚ ਵਾਪਸ ਘਰ ਆਉਂਦਿਆਂ ਮੈਂ ਕਰਾਚੀ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਸੋਚ ਰਿਹਾ ਸੀ। ਮੈਂ ਹਮੇਸ਼ਾਂ ਹੀ ਗੁੰਝਲਦਾਰ ਸਮੱਸਿਆਵਾਂ ਨੂੰ ਇਸ ਹੱਦ ਤਕ ਸਧਾਰਨ ਬਣਾ ਦਿੰਦਾ ਸਾਂ ਕਿ ਉਹ ਲਾਗੂ ਕਰਨ ਦੇ ਯੋਗ ਹੋ ਜਾਂਦੇ ਸਨ। ਮੈਂ ਇਹ ਨਹੀਂ ਸੋਚਦਾ ਕਿ ਸਿਧਾਂਤ ਪ੍ਰਭਾਵਸ਼ਾਲੀ ਹੋ ਸਕਦੇ ਸਨ ਜਾਂ ਇਥੋਂ ਤਕ ਸਾਦਗੀ ਤੋਂ ਬਗ਼ੈਰ ਜਾਇਜ਼ ਹੋ ਸਕਦੇ ਸਨ। ਸੱਚ ਸਧਾਰਨ ਸੀ, ਜਦੋਂ ਕਿ ਗੁੰਝਲਾਂ ਕਈ ਝੂਠਾਂ ਨੂੰ ਲੁਕਾ ਲੈਂਦੀਆਂ ਹਨ। ਮੇਰੀਆਂ ਸਾਰੀਆਂ ਕੋਸ਼ਿਸ਼ਾਂ ਦੇ ਪਿੱਛੇ ਮੇਰਾ ਇਹ ਸਿਧਾਂਤ ਖੜਾ ਰਹਿੰਦਾ ਸੀ। ਸੱਚਾਈ ਨਾਲ ਸੋਚਣਾ ਅਤੇ ਬੋਲਣਾ, ਅਰਥ ਨੂੰ ਡੂੰਘਾਈ ਵਿਚ ਲੈ ਜਾਂਦਾ ਸੀ, ਜੇ ਸੋਚ ਅਤੇ ਭਾਸ਼ਣ ਕ੍ਰਿਆਤਮਕ ਹੋਣ ਨਹੀਂ ਤਾਂ ਉਹ ਆਪਣਾ ਆਧਾਰ ਉਥੇ ਅਤੇ ਉਸ ਵਕਤ ਹੀ ਗਵਾ ਬੈਠਦੇ ਸਨ।

ਹੋਰ ਮੁਸ਼ਕਲਾਂ ਦੇ ਭੰਡਾਰ ਵਿਚ ਮਾਫ਼ ਕਰਨਾ ਅਤੇ ਭੁੱਲ ਜਾਣ ਦੀ ਨੀਤੀ, ਜਿਸ ਦਾ ਉਦੇਸ਼ ਨਫ਼ਰਤ ਨੂੰ ਘਟਾਉਣਾ ਸੀ, ਇਕ ਦਮ ਚਾਹੀਦੀ ਸੀ। 'ਦੇਸ਼ ਟੁੱਟ ਰਿਹਾ ਹੈ', ਇਕ ਗ਼ਲਤ ਪ੍ਰਾਪੇਗੰਡਾ ਸੀ। ਪੰਜਾਬ ਨਿਰਾਸ਼ਾ ਵਾਲੇ ਪ੍ਰਾਂਤਾਂ ਨੂੰ ਇਕੱਠਾ

ਕਰ ਸਕਦਾ ਸੀ। ਸਮਝੌਤਾ ਅਤੇ ਸੁਧਾਰ ਚਾਹੀਦੇ ਸਨ, ਸਾਰੇ ਹੀ ਸੁਧਾਰ ਇਕੱਠੇ ਹੀ ਲਾਗੂ ਨਹੀਂ ਕਰਨੇ ਚਾਹੀਦੇ, ਇਕ ਸਰਕਾਰ ਉਹਨਾਂ ਸਾਰਿਆਂ ਨੂੰ ਲਾਗੂ ਕਰਨ ਵਿਚ ਕਾਮਯਾਬ ਨਹੀਂ ਹੋ ਸਕਦੀ।

ਨਫ਼ਰਤ ਦੇ ਜ਼ਖ਼ਮਾਂ ਨੂੰ ਠੀਕ ਕਰਨ ਲਈ ਸਬਰ ਚਾਹੀਦਾ ਸੀ। ਇਕ ਸਰਕਾਰ ਦੀ ਪੂਰੀ ਮਿਆਦ ਤਕ ਚੱਲਣ ਨੂੰ ਉਤਸ਼ਾਹ ਦੇਣਾ, ਇਹਨਾਂ ਜ਼ਖ਼ਮਾਂ ਨੂੰ ਠੀਕ ਕਰਨ ਦੇ ਰਾਹ ਲਈ ਜ਼ਰੂਰੀ ਸੀ। ਜੇ ਉਹਨਾਂ ਵਿਚ ਰੁਕਾਵਟ ਨਾ ਪਾਈ ਜਾਵੇ ਤਾਂ ਪਾਰਟੀ ਦੀ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਸੀ ਅਤੇ ਅਗਲੀਆਂ ਚੋਣਾਂ ਦੀ ਵੰਗਾਰ ਇਕ ਜਾਇਜ਼ ਪ੍ਰੇਰਣਾ ਬਣ ਸਕਦੀ ਸੀ। ਇਹ ਤਰੀਕਾ ਕੋਈ ਜਾਦੂਈ ਨਹੀਂ, ਇਹ ਕਦਮ-ਬ-ਕਦਮ ਚੱਲ ਸਕਦਾ ਹੈ। ਅਫ਼ਸੋਸ ਨਾਲ ਕਹਿਣਾ ਪਿਆ, ਅਜੇ ਇਸ ਸੰਬੰਧੀ ਪਹਿਲਾ ਕਦਮ ਵੀ ਨਹੀਂ ਪੁੱਟਿਆ ਗਿਆ।

ਕਾਨੂੰਨ ਅਤੇ ਪ੍ਰਬੰਧ ਦੀ ਗੁੰਝਲਦਾਰ ਸਮੱਸਿਆ ਨੂੰ ਸਾਧਾਰਨ ਬਣਾਉਣ ਦੇ ਆਧਾਰ 'ਤੇ ਮੈਂ ਕਰਾਚੀ ਵਿਚ ਕਰਮਚਾਰੀਆਂ ਨੂੰ ਪਹਿਲਾਂ ਇਹ ਸਲਾਹ ਦਿੱਤੀ, "ਤੁਸੀਂ ਇਸ ਨੂੰ ਬੇਵਕੂਫ਼ੀ ਜ਼ਰੂਰ ਸਮਝੋਗੇ, ਕਿਉਂਕਿ ਇਹ ਗੁੰਝਲਦਾਰ ਨਹੀਂ ਹੈਂ ਅਤੇ ਅਮਲ ਵਿਚ ਨਹੀਂ ਲਿਆਂਦੀ ਜਾ ਸਕਦੀ, ਪਰ ਮੈਨੂੰ ਪਤਾ ਹੈ ਕਿ ਇਹ ਕਿਸ ਤਰ੍ਹਾਂ ਕੰਮ ਕਰਦੀ ਹੈ.....ਸਾਦਗੀ ਨਾਲ।" ਉਹ ਬੜੇ ਉਤਸ਼ਾਹ ਨਾਲ ਵੇਖ ਰਹੇ ਸਨ, ਜਿੰਨਾ ਚਿਰ ਮੈਂ ਇਹ ਨਾ ਕਿਹਾ, "ਜੇ ਇਕ ਇਲਾਕੇ ਵਿਚ ਰਹਿਣ ਵਾਲਾ ਹਰ ਵਿਅਕਤੀ ਇਸ ਮੁਸੀਬਤ ਦੇ ਸਮੇਂ ਵਿਚ ਸੁਰੱਖਿਆ ਲਈ 10 ਰੁਪੈ ਦਾਨ ਦੇਵੇ ਤਾਂ ਇਕ ਚੌਕੀ ਸਥਾਪਿਤ ਹੋ ਸਕਦੀ ਹੈ। ਲੋਕਲ ਰਹਿਣ ਵਾਲਿਆਂ ਵਿਚੋਂ ਜੋ ਵੱਖ ਵੱਖ ਗਰੁੱਪਾਂ ਨਾਲ ਸੰਬੰਧਿਤ ਹਨ, ਉਹਨਾਂ ਵਿਚੋਂ ਭਰਤੀ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਦੇ ਨਾਂ ਉਸ ਇਲਾਕੇ ਦੀ ਸੁਰੱਖਿਆ ਦੇਣ ਵਾਲਿਆਂ ਵਿਚ ਦਰਜ ਕੀਤੇ ਜਾ ਸਕਦੇ ਹਨ। ਇਕ ਹਥਿਆਰਾਂ ਦੀ ਕਮੇਟੀ, ਹਥਿਆਰਾਂ 'ਤੇ ਕੰਟਰੋਲ ਕਰੇ। ਇਹ ਆਪਾਤਕਾਲੀਨ ਹੱਲ ਹੈ। ਇਹ ਇਕ ਲੁਕੇ ਹੋਏ ਮਾਫ਼ੀਏ ਨੂੰ ਉਹਨਾਂ ਦੇ ਗ਼ੈਰ-ਕਾਨੂੰਨੀ ਸਾਧਨਾਂ, ਜੋ ਹੈਰੋਇਨ ਦੀ ਸਮਗਲਿੰਗ, ਪੈਸੇ ਦੀ ਚੋਰੀ ਅਤੇ ਹਥਿਆਰਾਂ ਦੇ ਵਪਾਰ ਨੂੰ ਨੰਗਾ ਕਰੇਗਾ।" ਮੈਂ ਇਹ ਵੀ ਵਿਆਖਿਆ ਕੀਤੀ, "ਇਹ ਮਾਫ਼ੀਆ, ਫਿਰਕਾਵਾਦ, ਕਬੀਲਾਵਾਦ ਅਤੇ ਧਾਰਮਿਕ ਗਰੁੱਪਾਂ ਤੋਂ ਵੱਖਰਾ ਮਾਫ਼ੀਆ ਹੈ। ਇਹ ਸਾਰੀਆਂ ਆਪਾ-ਵਿਰੋਧੀ ਵੰਡਾਂ ਨੇ 99 ਫ਼ੀਸਦੀ ਲੋਕਾਂ ਨੂੰ ਡਰ ਥੱਲੇ ਰੱਖਿਆ ਹੋਇਆ ਹੈ, ਜਿਸ ਕਰਕੇ ਉਹ ਹਰ ਦੋ ਸਾਲ ਬਾਅਦ ਸਰਕਾਰ ਦੀ ਤਬਦੀਲੀ ਚਾਹੁੰਦੇ ਹਨ।"

ਅਧਿਕਾਰੀ ਪ੍ਰਭਾਵਿਤ ਨਾ ਹੋਏ, ਇਸ ਲਈ ਮੈਂ ਉਹਨਾਂ ਨੂੰ ਸ਼ੈਤਾਨੀ ਨਾਲ ਇਹ ਕਹਿ ਕੇ ਝਟਕਾ ਦਿੱਤਾ, "ਕਿਉਂ ਜੋ ਅਸੀਂ ਮੱਧ ਸਮੇਂ ਦੇ ਕਬੀਲਾ ਢੰਗਾਂ ਨਾਲ ਚੱਲ ਰਹੇ ਹਾਂ, ਸਾਨੂੰ ਕਬੀਲਾ ਪ੍ਰਣਾਲੀ ਅਪਨਾਉਣੀ ਚਾਹੀਦੀ ਹੈ, ਜਿਥੇ

ਕਿਸੇ ਨੂੰ ਕੋਈ ਜੋਖਿਮ ਨਹੀਂ, ਕਿਉਂ ਜੋ ਹਰ ਇਕ ਕੋਲ ਹਥਿਆਰ ਹਨ। ਜਦੋਂ ਕਿ ਸਰਕਾਰ ਆਪਣੇ ਸ਼ਹਿਰੀਆਂ ਨੂੰ ਸੁਰੱਖਿਅਤ ਨਹੀਂ ਰੱਖ ਸਕਦੀ, ਪ੍ਰਬੰਧ ਫ਼ੇਲ੍ਹ ਹੋ ਗਿਆ ਹੈ।"

ਜੋਰੀਆ ਬਾਜ਼ਾਰ, ਖਾਰਾਦਾਰ ਅਤੇ ਮੀਠਾਦਾਰ ਵਿਚ ਪੁਲਿਸ ਬੜੇ ਆਰਾਮ ਨਾਲ ਕਿਸੇ ਡਾਕੇ ਨੂੰ ਚੋਰੀ ਦੇ ਨਾਂ ਹੇਠ ਪ੍ਰਾਥਮਿਕਤਾ ਦਰਜ ਕਰ ਲੈਂਦੀ ਸੀ ਜਿਸ ਕਰਕੇ ਘਰ ਵਾਲਿਆਂ ਨੂੰ ਛਾਣ-ਬੀਨ ਲਈ ਫੜ ਲਿਆ ਜਾਂਦਾ ਸੀ ਅਤੇ ਉਹਨਾਂ ਦੀ ਜ਼ਿੰਦਗੀ ਤਰਸਯੋਗ ਹੋ ਜਾਂਦੀ ਸੀ। ਸਾਰਾ ਹੀ ਦੇਸ਼ ਮਾਫ਼ੀਏ ਦੇ ਅਧੀਨ ਸੀ। ਇਕ ਸਾਲ ਪਹਿਲਾਂ, ਇਕ ਸਰਕਾਰੀ ਮੀਟਿੰਗ 'ਤੇ, ਮੈਂ ਸਰਕਾਰ ਨੂੰ ਚਿਤਾਵਨੀ ਦਿੱਤੀ : "ਹੋਰ ਕਿੰਨਾ ਸਮਾਂ ਤੁਸੀਂ ਬਹੁ-ਸੰਮਤੀ 'ਤੇ ਹਮਲੇ ਕਰਦੇ ਰਹੋਗੇ ? ਵੋਟਾਂ ਦੀ ਸ਼ਕਤੀ ਛੇਤੀ ਹੀ ਖ਼ੂਨ-ਖ਼ਰਾਬੇ ਦੀਆਂ ਸਿਆਸੀ ਖੇਡਾਂ ਨੂੰ ਖ਼ਤਮ ਕਰ ਦੇਵੇਗੀ। ਕੋਈ ਵੀ ਤੁਹਾਡਾ ਫ਼ਾਤਿਹਾ ਪੜ੍ਹਨ ਵਾਲਾ ਨਹੀਂ ਰਹਿ ਜਾਵੇਗਾ, ਜਿਸ ਤਰ੍ਹਾਂ ਲੈਨਿਨ ਦੇ ਸਮੇਂ ਵਿਚ ਹੋਇਆ ਸੀ, ਹਰ ਇਕ ਨੂੰ ਗੋਲੀ ਮਾਰ ਦਿੱਤੀ ਜਾਵੇਗੀ।" ਜਿਸ ਤਰ੍ਹਾਂ ਆਮ ਹੁੰਦਾ ਹੈ. ਮੀਟਿੰਗਾਂ ਅਤੇ ਮਾਮਲੇ ਇਕੱਠੇ ਹੀ ਖ਼ਤਮ ਹੋ ਗਏ।

ਮੈਂ ਆਰਥਿਕ ਸਮੱਸਿਆਵਾਂ ਦੇ ਆਪਣੇ ਵਲੋਂ ਲਾਗੂ ਕੀਤੇ ਜਾ ਸਕਣ ਵਾਲੇ ਹੱਲਾਂ ਨੂੰ ਵੇਖਦਾ ਸਾਂ। ਪਾਕਿਸਤਾਨ ਨੂੰ ਆਜ਼ਾਦ ਬੰਦਰਗਾਹ ਘੋਸ਼ਿਤ ਕਰ ਕੇ ਭਾਰਤ ਅਤੇ ਮੱਧ-ਪੂਰਬ ਦਾ ਏਕਾਧਿਕਾਰ ਕਮਜ਼ੋਰ ਹੋ ਜਾਏਗਾ, ਵਿਦੇਸ਼ੀ ਮਿਲਵਰਤਨ ਸਾਨੂੰ ਤੈਵਾਨ ਨਾਲ ਸਿੱਧੇ ਮੁਕਾਬਲੇ ਵੱਲ ਕਰ ਦੇਵੇਗਾ ਅਤੇ ਰੋਜ਼ਗਾਰ ਵਧ ਜਾਵੇਗਾ। ਇਥੋਂ ਤਕ ਕਿ ਸਾਡੇ ਵੀਜੇ ਬਲੈਕ ਮਾਰਕੀਟਿੰਗ ਵਿਚ ਵਿਕਣਗੇ ! ਰਾਸ਼ਟਰਵਾਦ ਦੀ ਵਿਚਾਰਧਾਰਾ ਇਥੇ ਕੋਈ ਵਿਰੋਧਤਾਈ ਪੈਦਾ ਨਹੀਂ ਕਰਦੀ। ਮੇਰਾ ਵਿਸ਼ਵਾਸ ਹੈ ਕਿ ਨਿਜੀਕਰਣ ਸਾਨੂੰ ਅੱਗੇ ਵੱਲ ਖੜਣ ਲਈ ਇਕ ਚੰਗਾ ਉਪਾਅ ਹੈ। ਟੈਲੀਵਿਜ਼ਨ, ਰੇਲਵੇਜ ਅਤੇ ਸੰਚਾਰ ਦੇ ਸਵੈ-ਚਾਲਕ ਹੋਣ ਨਾਲ ਲਾਭਦਾਇਕ ਬਣ ਜਾਣਗੇ। ਸੁਰੱਖਿਆ ਲਈ ਗੌਰਮਿੰਟ ਟੈਕਸ ਹੋਰ ਸਾਧਨਾਂ ਤੋਂ ਆਉਣਗੇ। ਜ਼ਰੂਰੀ ਤੌਰ 'ਤੇ ਇਹ ਲਹਿਰ, ਇਸ ਵਕਤ ਮਹੱਤਵਪੂਰਨ ਸੀ।

ਜ਼ਮੀਨ 'ਤੇ ਉਤਰਨ ਨਾਲ ਮੈਂ ਵਾਪਸ ਆ ਗਿਆ ਅਤੇ ਮੈਂ ਪਿੱਛਲੀਆਂ ਘਟਨਾਵਾਂ ਦਾ ਸਿੱਟਾ ਭੁਗਤਣ ਲਈ ਤਿਆਰ ਸਾਂ। ਹਵਾਈ ਜਹਾਜ਼ ਬਹੁਤ ਸਮਾਂ ਇਸ ਬੇ-ਆਰਾਮ ਆਦਮੀ ਨਾਲ ਚੱਲਦਾ ਰਿਹਾ ਸੀ, ਜਦੋਂ ਇਹ ਖੜਾ ਹੋਇਆ, ਮੈਂ ਇਸ ਤੋਂ ਥੱਲੇ ਉਤਰਿਆ। ਕਰਾਚੀ ਵਿਚ ਏਅਰ ਲਾਈਨ ਦਾ ਸਟਾਫ਼, ਇਮੀਗਰੇਸ਼ਨ ਦੇ ਕਰਮਚਾਰੀਆਂ ਅਤੇ ਹਵਾਈ ਅੱਡੇ ਦੇ ਸੁਰੱਖਿਆ ਕਰਮਚਾਰੀਆਂ ਨੇ ਮੇਰਾ ਜਜ਼ਬਾਤੀ ਸੁਆਗਤ ਕੀਤਾ। ਇਰਦ-ਗਿਰਦ ਲੋਕਾਂ ਦੇ ਗਰੁੱਪਾਂ ਨੇ ਮੈਨੂੰ ਘੇਰ ਲਿਆ ਅਤੇ ਅਸੀਂ ਹਵਾਈ ਅੱਡੇ ਦੀ ਇਮਾਰਤ ਦੀਆਂ ਖੁੱਲ੍ਹੀਆਂ ਪੌੜੀਆਂ 'ਤੇ ਚੱਲਦੇ ਰਹੇ। ਬਾਹਰ ਆ ਕੇ ਮੈਂ ਆਪਣੇ ਪਰਿਵਾਰ ਨੂੰ ਜੱਫੀ ਪਾ ਕੇ

ਮਿਲਿਆ.....ਕੁਬਰਾ ਅਤੇ ਅਲਮਾਸ ਰੋ ਰਹੀਆਂ ਸਨ ਅਤੇ ਉਸ ਤੋਂ ਮੈਨੂੰ ਇਹ ਪਤਾ ਲੱਗ ਗਿਆ ਕਿ ਉਹਨਾਂ ਨੂੰ ਪਿੱਛਲੇ ਮਹੀਨੇ ਕਿੰਨੀਆਂ ਨਿਕਾਰਤਮਿਕ ਹਾਲਤਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਬਿਲਕਿਅਸ ਥੱਕੀ ਹੋਈ ਅਤੇ ਮੁਰਝਾਈ ਹੋਈ ਸੀ। ਫੈਸਲ ਨੇ ਗਰਮ ਜੋਸ਼ੀ ਦਿਖਾਉਣ ਦਾ ਬਹਾਨਾ ਜਿਹਾ ਬਣਾਇਆ ਅਤੇ ਮੇਰੇ ਸਾਥੀ ਰਾਹਤ ਮਹਿਸੂਸ ਕਰ ਰਹੇ ਸਨ।

ਪ੍ਰੈਸ ਨੇ ਮੇਰੇ ਆਉਣ ਬਾਰੇ ਖੋਜ ਕਰ ਲਈ ਸੀ ਅਤੇ ਉਹ ਵੱਡੀ ਗਿਣਤੀ ਵਿਚ ਆਏ ਹੋਏ ਸਨ। ਮੈਂ ਵਾਅਦਾ ਕੀਤਾ, "ਅਗਲੇ ਤਿੰਨ ਦਿਨ ਮੈਂ ਸਪਸ਼ਟੀਕਰਨ ਅਤੇ ਵਿਆਖਿਆ ਵਿਚ ਆਪਣੀ ਜ਼ਿੰਦਗੀ ਦੇ ਕੰਮ ਨੂੰ ਬਚਾਉਣ ਸੰਬੰਧੀ ਰੁੱਝਿਆ ਰਹਾਂਗਾ।" ਮੈਂ ਉਹਨਾਂ ਨੂੰ ਇਹ ਵੀ ਕਿਹਾ ਕਿ ਉਹ ਪਹਿਲੀ ਤੋਂ ਦਸ ਦਸੰਬਰ ਤਕ ਦੇ ਪ੍ਰੈਸ ਬਿਆਨਾਂ ਨੂੰ ਚੈੱਕ ਕਰਨ, "ਕੁਝ ਲੋਕਾਂ ਦੇ ਕਹਿਣ ਦੇ ਢੰਗ ਅਤੇ ਉਹਨਾਂ ਦੀ ਮੰਗ 'ਤੇ ਬੀ.ਬੀ.ਸੀ. ਵਲੋਂ ਭੇਦ ਖੋਲ੍ਹਣ ਤੋਂ ਬਾਅਦ ਦਾ ਖ਼ਿਆਲ ਕਰੋ।"

ਮੇਰੇ ਜਾਣ ਤੋਂ ਤਿੰਨ ਦਿਨਾਂ ਬਾਅਦ ਹੀ ਸ਼ੇਅਰ ਬਾਜ਼ਾਰ ਡਿੱਗ ਪਿਆ ਸੀ। ਦੰਗੇ ਫੈਲੇ ਹੋਏ ਸਨ। ਜਿਸ ਦਿਨ ਮੈਂ ਗਿਆ, ਕਰਾਚੀ ਵਿਚ 24 ਆਦਮੀਆਂ ਦੇ ਕਤਲ ਹੋਏ। ਫਿਰ ਮੌਤਾਂ ਘਟ ਗਈਆਂ ਅਤੇ ਫਿਰ 10 ਦਿਨਾਂ ਬਾਅਦ ਉਸ ਤਰ੍ਹਾਂ ਹੀ ਹੋਣ ਲੱਗ ਪਿਆ। ਮੈਮਨ ਸਮਾਜ ਵਿਚੋਂ ਕਿਸੇ ਨੇ ਮੇਰੇ ਹੱਕ ਵਿਚ ਆਵਾਜ਼ ਨਾ ਉੱਠਾਈ। ਮੈਂ ਸਮਝ ਗਿਆ ਸਾਂ ਕਿ ਉਹ ਆਪਣੇ ਪੁਰਾਣੇ ਸਿਧਾਂਤਾਂ ਦੇ ਹੀ ਵਫ਼ਾਦਾਰ ਹੋ ਕੇ ਚੱਲ ਰਹੇ ਸਨ ਅਤੇ ਉਹ ਉਹਨਾਂ ਗੱਲਾਂ ਨੂੰ ਵੱਖਰੇ ਰੱਖ ਰਹੇ ਸਨ। ਆਮ ਲੋਕ ਟੈਲੀਫ਼ੂਨ 'ਤੇ ਰੋ ਰਹੇ ਸਨ, ਇਸ ਡਰ ਨਾਲ ਕਿ ਸ਼ਾਇਦ ਮੈਂ ਵਾਪਸ ਹੀ ਨਾ ਮੁੜਾਂ। ਇਕ ਬਜ਼ੁਰਗ ਆਦਮੀ ਜੋ ਕਾਫ਼ੀ ਲੰਮੇ ਚਿਰ ਤੋਂ ਮੰਜੀ 'ਤੇ ਪਿਆ ਹੋਇਆ ਸੀ ਬੜੇ ਸੰਘਰਸ਼ ਨਾਲ ਉੱਠ ਕੇ ਆਪਣੇ ਪੋਤਰਿਆਂ ਦੇ ਮੋਢਿਆਂ 'ਤੇ ਹੱਥ ਰੱਖ ਕੇ ਟਾਵਰ ਦੀਆਂ ਪੌੜੀਆਂ ਚੜ੍ਹ ਆਇਆ। ਉਹ ਇਹ ਕਹਿਣ ਆਇਆ, "ਜਦੋਂ ਕਾਇਦੇ-ਆਜ਼ਮ ਦੀ ਮੌਤ ਦੀ ਘੋਸ਼ਣਾ ਕੀਤੀ ਗਈ, ਉਦੋਂ ਮੈਂ ਜਵਾਨ ਆਦਮੀ ਸਾਂ, ਉਸ ਦਿਨ ਕਰਾਚੀ ਵਿਚ ਮੌਤ ਵਰਗੀ ਚੁੱਪ ਸੀ। ਈਦੀ ਨੂੰ ਕਹਿ ਦਿਉ ਕਿ ਮੈਂ ਉਹੋ ਹੀ ਅੱਜ ਮਹਿਸੂਸ ਕਰਦਾ ਹਾਂ, ਉਦੋਂ ਵੀ ਕਿਸੇ ਗੱਲ ਦੀ ਕੋਈ ਉਮੀਦ ਨਹੀਂ ਸੀ ਅਤੇ ਨਾ ਹੁਣ ਹੈ।" ਫੰਡ ਦੇ ਨੁਕਸਾਨ ਦਾ ਅਜੇ ਅੰਦਾਜ਼ਾ ਲਾਉਣਾ ਸੀ। ਕਿਉਂ ਜੋ ਮੇਰੇ ਕਰਾਚੀ ਵਾਲੇ ਸਾਥੀ ਇਹ ਜਾਣਦੇ ਸਨ ਕਿ ਮੈਂ ਕਿਸ ਦਬਾਅ ਦੇ ਥੱਲੇ ਸਾਂ, ਉਹਨਾਂ ਨੇ ਸਾਡੇ ਹੋਰ ਦੋਸਤਾਂ ਨੂੰ ਦੁਬਾਰਾ ਯਕੀਨ ਦਿਵਾਇਆ, "ਸਮਾਂ ਹੀ ਗ਼ਲਤ ਫਹਿਮੀਆਂ ਨੂੰ ਦੂਰ ਕਰੇਗਾ। ਹੋਏ ਨੁਕਸਾਨ ਨੂੰ ਕੰਟਰੋਲ ਕੀਤਾ ਗਿਆ।"

ਪ੍ਰੈਸ ਨਾਲ ਮੀਟਿੰਗਾਂ ਸ਼ੁਰੂ ਕੀਤੀਆਂ ਗਈਆਂ। ਮੇਰੇ ਜਾਣ ਦੇ ਸ਼ੁਰੂ ਵਿਚ ਲੱਗੇ ਝਟਕੇ ਅਤੇ ਪੁਰਾਣੇ ਇਲਜ਼ਾਮਾਂ ਨੇ ਮੀਡੀਆ ਵਿਚ ਜਗ੍ਹਾ ਲੈ ਲਈ।

ਇਸਲਾਮਾਬਾਦ ਤੋਂ ਇਕ ਹਫ਼ਤਾਵਾਰੀ ਨਿਕਲਨ ਵਾਲੀ ਅਖ਼ਬਾਰ ਨੇ ਮੈਨੂੰ ਇਸਰਾਈਲ ਦਾ ਏਜੰਟ ਹੋਣ ਦਾ ਸੰਦੇਹ ਕੀਤਾ ਅਤੇ ਇਹ ਇਲਜ਼ਾਮ ਲਾਇਆ ਕਿ ਬੇਰੂਤ ਬਾਰਡਰ ਦੇ ਬਾਹਰ ਮੇਰੀ 36 ਘੰਟੇ ਦੀ ਨਜ਼ਰਬੰਦੀ ਵੇਲੇ ਮੈਂ ਵਿਕ ਗਿਆ ਸਾਂ। ਮੈਂ ਉਹਨਾਂ ਨੂੰ ਫਟਕਾਰ ਲਗਾਈ, "ਜੇ ਇਸਰਾਈਲ ਪਾਕਿਸਤਾਨ ਵਿਚ ਏਜੰਟਾਂ ਨੂੰ ਇੰਨੀ ਲਗਨ ਨਾਲ ਭੇਜਦੇ ਜਿੰਨਾ ਮੈਂ ਤਾਂ ਉਹਨਾਂ ਨੂੰ ਹੋਰ ਭੇਜਣੇ ਚਾਹੀਦੇ ਹਨ।" ਮੇਰੇ ਮਦਦਗਾਰਾਂ ਨੇ ਮੈਨੂੰ ਅਖ਼ਬਾਰ ਦੇ ਖ਼ਿਲਾਫ਼ ਮੁਕੱਦਮਾ ਕਰਨ ਦੀ ਸਲਾਹ ਦਿੱਤੀ। ਮੈਨੂੰ ਇਸ ਵਿਚ ਦਿਲਚਸਪੀ ਨਹੀਂ ਸੀ, "ਉਹਨਾਂ ਨੇ ਦੋਸ਼ ਲਾਏ, ਉਹ ਇਹ ਸਾਬਤ ਕਰ ਦੇਣ ਅਤੇ ਮੈਨੂੰ ਇਸਲਾਮਾਬਾਦ ਦੀਆਂ ਗਲੀਆਂ ਵਿਚ ਫਾਹੇ ਲਾ ਦੇਣ। ਜੇ ਉਹ ਇਹ ਨਾ ਕਰ ਸਕਣ ਤਾਂ ਇਸ ਦਾ ਅਰਥ ਹੈ ਕਿ ਉਹ ਸਾਬਤ ਕਰ ਹੀ ਨਹੀਂ ਸਕਦੇ।"

ਕਿਉਂ ਜੋ ਅੰਦਰੂਨੀ ਸਰੀਰਕ ਅੰਗ ਵੇਚਣ ਬਾਰੇ ਮੇਰੇ ਕੰਮ ਵਿਚ ਇਕ ਆਸਾਨੀ ਨਾਲ ਕੀਤੀ ਜਾਣ ਵਾਲੀ ਆਰਥਿਕ ਸੰਭਾਵਨਾ ਸੀ, ਨਿਰਾਸ਼ ਹੋਏ ਦਿਮਾਗਾਂ ਦੀ ਅਕਲ ਨੇ ਇਸ ਤਰ੍ਹਾਂ ਦੇ ਇਲਜ਼ਾਮਾਂ ਨੂੰ ਲਾਉਣਾ ਸ਼ੁਰੂ ਕਰ ਦਿੱਤਾ, "ਈਦੀ ਜ਼ਿੰਦਗੀ ਦੇ ਅਤਿ ਲੋੜੀਂਦੇ ਵਾਲੇ ਅੰਗਾਂ ਨੂੰ ਇਜਾਜ਼ਤ ਲੈਣ ਤੋਂ ਬਗੈਰ ਵੇਚਦਾ ਹੈ ਅਤੇ ਮਰਿਆਂ ਦੀਆਂ ਹੱਡੀਆਂ ਨੂੰ ਮੈਡੀਕਲ ਉਦੇਸ਼ਾਂ ਲਈ ਅਤੇ ਮੈਡੀਕਲ ਤਜਰਬੇ ਕਰਨ ਲਈ ਨਿਰਯਾਤ ਕਰਦਾ ਹੈ।" ਮੈਨੂੰ ਇਹ ਸੁਣ ਕੇ ਕੰਬਣੀ ਆ ਗਈ ਕਿ 'ਮੈਂ ਉਹ ਆਦਮੀ ਹਾਂ' ਜੋ ਆਪਣੇ ਪੇਸ਼ੇ ਦਾ ਸ਼ੋਸ਼ਣ ਇਸ ਕੋਝੇ ਢੰਗ ਨਾਲ ਕਰਦਾ ਸੀ, ਪਰ ਮੈਂ ਬਹੁਤ ਥੱਕ ਗਿਆ ਸਾਂ ਕਿ ਇਹ ਵਿਆਖਿਆ ਕਰਾਂ ਕਿ ਇਹ ਕੰਮ ਤਾਂ ਕਰਨਾ ਹੀ ਸੰਭਵ ਨਹੀਂ। ਉਹਨਾਂ ਨੇ ਸੁਆਲ ਕੀਤਾ, "ਈਦੀ ਦਾ ਪੈਸਾ ਕਿਥੇ ਜਾਂਦਾ ਹੈ। ਉਸ ਦੀ ਆਡਿਟ ਰਿਪੋਰਟ ਅਤੇ ਨਿਵੇਸ਼ ਵਾਲੇ ਹਿਸਾਬ-ਕਿਤਾਬ ਨੂੰ ਚੈੱਕ ਕਰਨਾ ਚਾਹੀਦਾ ਹੈ। ਲੋਕਾਂ ਦਾ ਪੈਸੇ ਇਸ ਤਰ੍ਹਾਂ ਵਧ ਰਿਹਾ ਹੈ ਜਿਵੇਂ ਉਸ ਦਾ ਜਾਤੀ ਧਨ ਹੋਵੇ।" ਮੈਂ ਸੁਣਿਆ ਕਿ ਮੇਰੇ ਲੜਕਿਆਂ ਨੂੰ ਅਮਰੀਕਾ ਵਿਚ ਗਰੀਨ ਕਾਰਡ ਮਿਲ ਗਏ ਸਨ, ਉਹਨਾਂ ਨੇ ਸਟੋਰ ਖ਼ਰੀਦ ਲਏ ਸਨ ਅਤੇ ਕੀਮਤੀ ਕਾਰਾਂ ਚਲਾਉਂਦੇ ਸਨ। ਕੁਝ ਅਖ਼ਬਾਰਾਂ ਨੇ ਭਰੋਸੇਯੋਗ ਸੂਤਰਾਂ ਤੋਂ ਇਹ ਪਤਾ ਲਾਇਆ ਕਿ ਬਿਲਕਿਅਸ ਕੁਝ ਚਿਰ ਪਹਿਲਾਂ ਭਾਰਤ ਭੱਜ ਗਈ ਸੀ ਅਤੇ ਉਦੋਂ ਉਹ ਬੇਨਜ਼ੀਰ ਭੁੱਟੋ ਦੇ ਕਾਸਾਬਲਾਂਕਾ ਦੇ ਕਾਫ਼ਲੇ ਵਿਚ ਸ਼ਾਮਲ ਹੋ ਗਈ ਸੀ।

ਸੰਬੰਧਿਤ ਜਰਨਲਿਸਟਾਂ ਨੇ ਪੁੱਛਿਆ, "ਈਦੀ ਸਾਹਿਬ, ਤੁਹਾਨੂੰ ਭੱਜਣ ਦੀ ਕੀ ਲੋੜ ਸੀ ? ਇਸ ਦਾ ਮਾੜਾ ਪ੍ਰਭਾਵ ਪਿਆ ਹੈ। ਲੋਕਾਂ ਦੇ ਤੁਹਾਡੇ ਬਾਰੇ ਖ਼ਿਆਲ ਬਦਲ ਗਏ ਹਨ। ਲੋਕਾਂ ਨੂੰ ਹੁਣ ਤੁਹਾਡੀ ਸਾਖ 'ਤੇ ਸ਼ੱਕ ਹੋ ਗਿਆ ਹੈ, ਤੁਹਾਡਾ ਮਿਆਰ ਡਿੱਗ ਪਿਆ ਹੈ।" ਮੈਂ ਬੜੀ ਨਰਮੀ ਨਾਲ ਇਸ ਦੀ ਵਿਆਖਿਆ ਕਰ ਦਿੱਤੀ, "ਹਰ ਆਦਮੀ ਦਾ ਇਕ ਢੰਗ ਹੈ, ਇਕ ਆਦਰਸ਼ ਹੈ, ਇਕ ਚੋਣ ਹੈ ਅਤੇ

ਇਕ ਨਜ਼ਰੀਆ ਹੈ। ਹੁਣ ਤਕ ਤੁਹਾਨੂੰ ਮੇਰਾ ਆਪਣਾ ਆਪ ਬਹੁਤ ਸਾਫ਼ ਹੋਣਾ ਚਾਹੀਦਾ। ਮੇਰਾ ਸ਼ਹੀਦੀ ਪਾਉਣ ਦਾ ਉਦੇਸ਼ ਨਹੀਂ। ਮੇਰੇ ਲਹੂ ਦੇ ਕੁਝ ਤੁਪਕੇ ਇਸ ਧਰਤੀ ਵਿਚ ਰੱਚ ਕੇ ਜਿਸ ਉੱਨਤੀ ਬਾਰੇ ਮੈਂ ਸੋਚਿਆ ਹੈ, ਉਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਮੇਰਾ ਹੋਣਾ ਅਜੇ ਪ੍ਰਬੰਧਕੀ ਜ਼ਰੂਰਤ ਹੈ। ਇਕ ਮਰਿਆ ਹੋਇਆ ਵਿਅਕਤੀ ਉਹ ਕੰਮ ਨਹੀਂ ਕਰ ਸਕਦਾ।" ਜਿਵੇਂ ਜਿਵੇਂ ਮੈਂ ਬੋਲਦਾ ਗਿਆ, ਉਹ ਲਿਖੀ ਜਾ ਰਹੇ ਸਨ, "ਜਿਥੋਂ ਤਕ ਲੋਕਾਂ ਵਿਚ ਪ੍ਰਭਾਵ ਦੀ ਗੱਲ ਹੈ, ਉਹ ਮੇਰਾ ਕਦੀ ਵੀ ਉਦੇਸ਼ ਨਹੀਂ ਰਿਹਾ। ਮੈਂ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਚੰਗਾ ਪ੍ਰਭਾਵ ਨਹੀਂ ਬਣਾ ਰਿਹਾ। ਅਤੇ.....ਤੁਸੀਂ ਕਹਿੰਦੇ ਹੋ.....ਕਿ ਮੈਂ ਆਪਣੀ ਸਾਖ ਗਵਾ ਲਈ ਹੈ। ਇਸ ਨੂੰ ਨਾ ਹੀ ਪ੍ਰਾਪਤ ਕਰਨਾ ਇੰਨਾ ਸੌਖਾ ਸੀ, ਨਾ ਹੀ ਬਰਬਾਦ ਕਰਨਾ ਸੌਖਾ ਹੈ। ਮੇਰੇ ਕੋਲ ਸਾਖ ਬਣਾਉਣ ਲਈ 65 ਸਾਲਾਂ ਦੇ ਕੰਮ ਦਾ ਸਾਖ ਸੰਬੰਧੀ ਸਬੂਤ ਹੈ ਅਤੇ ਸ਼ਾਇਦ ਜੇ ਮੌਕਾ ਮਿਲੇ ਤਾਂ ਹੋਰ ਕੁਝ ਪ੍ਰਾਪਤ ਹੋ ਜਾਵੇ। ਜਿਥੋਂ ਤਕ ਮੇਰੇ ਮਿਆਰ ਦਾ ਸੰਬੰਧ ਹੈ, ਉਹ ਸਿਰਫ਼ ਮੇਰੇ ਕੰਮ 'ਤੇ ਨਿਰਭਰ ਕਰਦਾ ਹੈ। ਜਦੋਂ ਮੇਰਾ ਮਿਆਰ ਗਿਰ ਜਾਵੇਗਾ, ਫਿਰ ਮੇਰਾ ਕੰਮ ਵੀ ਗਿਰਨਾ ਚਾਹੀਦਾ ਹੈ, ਪਰ ਇਹ ਇਸ ਤਰ੍ਹਾਂ ਨਹੀਂ ਹੋਇਆ।"

ਇਕ ਹੋਰ ਫ਼ਿਕਰਮੰਦ ਲੱਗਦਾ ਸੀ ਅਤੇ ਉਸ ਨੇ ਖ਼ਾਹਿਸ਼ ਜ਼ਾਹਿਰ ਕੀਤੀ, "ਈਦੀ ਸਾਹਿਬ, ਇਮਰਾਨ ਖ਼ਾਨ ਨੇ 12 ਕਰੋੜ ਰੁਪਏ ਕੁਝ ਹਫ਼ਤਿਆਂ ਵਿਚ ਹੀ ਇਕੱਠੇ ਕੀਤੇ ਹਨ!" ਮੈਂ ਹੈਰਾਨ ਸਾਂ ਕਿ ਕੀ ਉਹ ਇਸ ਜ਼ਿੰਮੇਵਾਰੀ ਨੂੰ ਸਮਝਦਾ ਸੀ, ਮੈਂ ਪਹਿਲਾਂ ਹੀ ਆਪਣੇ ਦੋਸਤਾਂ ਨੂੰ ਕਿਹਾ ਸੀ, "ਲੋਕਾਂ ਦੇ ਪੈਸੇ ਨੂੰ ਕੋਲ ਰੱਖਣ ਦੀ ਕੀਮਤ ਤੁਹਾਨੂੰ ਬੈਂਕ ਵਿਚ ਬਦਲ ਦਿੰਦੀ ਹੈ। ਨਾ ਜ਼ੋਖ਼ਿਮ, ਨਾ ਆਜ਼ਾਦੀ ਅਤੇ ਨਾ ਜ਼ਿੰਦਗੀ।" ਜਰਨਲਿਸਟ ਨੇ ਮੇਰੀਆਂ ਸੋਚਾਂ ਨੂੰ ਤੋੜ ਦਿੱਤਾ ਅਤੇ ਕਹਿਣ ਲੱਗਾ, "ਲੋਕੀਂ ਕਹਿੰਦੇ ਹਨ ਉਸ ਦੀ ਸਾਖ ਤੁਹਾਡੇ ਸਾਖ ਨਾਲੋਂ ਜ਼ਿਆਦਾ ਹੈ।" ਮੈਂ ਮਹਿਸੂਸ ਕੀਤਾ ਮੈਨੂੰ ਇਸ 'ਤੇ ਟਿੱਪਣੀ ਨਹੀਂ ਕਰਨੀ ਚਾਹੀਦੀ। ਨਹੀਂ, ਮੈਂ ਸੋਚਿਆ, ਮੈਨੂੰ ਇਹ ਕਰਨੀ ਚਾਹੀਦੀ, "ਇਹ ਕੁਝ ਲੋਕਾਂ ਦਾ ਖ਼ਿਆਲ ਹੈ। ਜੋ ਲੋਕਾਂ ਨੂੰ ਉਹ ਪੇਸ਼ਕਸ਼ ਕਰਦਾ ਹੈ, ਉਹ, ਉਹ ਨਹੀਂ ਜੋ ਮੈ ਕਰਦਾ ਹਾਂ। ਮੈਂ ਉਹਨਾਂ ਦਾ ਹੀਰੋ ਨਹੀਂ। ਮੈਂ ਉਹਨਾਂ ਦਾ ਬਾਪ ਹਾਂ ਅਤੇ ਇਕ ਫ਼ਕੀਰ ਹਾਂ। ਮੈਂ ਉਹਨਾਂ ਦੀ ਸੁਰੱਖਿਆ ਅਤੇ ਰੋਜ਼ੀ-ਰੋਟੀ ਦੇ ਪ੍ਰਬੰਧ ਲਈ ਮਿਹਨਤ ਕਰਦਾ ਹਾਂ। ਮੈਂ ਉਹਨਾਂ ਨੂੰ ਇਕ ਮਾਂ ਦੀ ਤਰ੍ਹਾਂ ਪਿਆਰ ਕਰਦਾ ਹਾਂ, ਉਹ ਪਿਆਰ ਬਗੈਰ ਕਿਸੇ ਸ਼ਰਤ ਦੇ ਹੈ। ਲੋਕਾਂ ਦਾ ਮੈਨੂੰ ਨਕਾਰਨ ਨਾਲ ਕੁਝ ਵੀ ਬਦਲ ਨਹੀਂ ਸਕਦਾ। ਜੇ ਉਹ ਦਾਨ ਦੇਣਾ ਬੰਦ ਕਰ ਦੇਣ ਤਾਂ ਮੈਂ ਇਸ ਨੂੰ ਵਧਾਉਣ ਲਈ ਹੋਰ ਢੰਗ ਵਰਤਾਂਗਾ, ਇਹ ਕੁਝ ਕਰਨ ਦੀ ਮੇਰੀ ਜ਼ਿੰਮੇਵਾਰੀ ਹੈ। ਘੱਟਦਾ ਹੋਇਆ ਦਾਨ ਸਿਰਫ਼ ਮੇਰੇ ਢੰਗ ਅਤੇ ਮੇਰੀ ਸਮਾਂ-ਸੂਚੀ ਨੂੰ ਬਦਲੇਗਾ। ਉਹ ਮੇਰਾ ਉਦੇਸ਼ ਨਹੀਂ ਬਦਲ ਸਕਦੇ।"

ਉਹ ਇਹ ਜਾਣਨ ਦੀ ਜ਼ਿਦ ਕਰ ਰਹੇ ਸਨ ਕਿ ਕੀ ਮੈਂ ਉਸ ਨੂੰ ਆਪਣੇ ਮੁਕਾਬਲੇ ਵਿਚ ਸਮਝਦਾ ਹਾਂ। ਅਤੇ ਜੇ ਨਹੀਂ ਤਾਂ ਕਿਉਂ ਨਹੀਂ ? ਕਿਸੇ ਹੋਰ ਨੇ ਇਸ ਸੰਬੰਧੀ ਪ੍ਰਗਟਾਵਾ ਕੀਤਾ ਅਤੇ ਮੈਨੂੰ ਉਸ ਦੇ ਮੁਕਾਬਲੇ ਵਾਲੇ ਸੁਭਾਅ ਬਾਰੇ ਚਿਤਾਵਨੀ ਦਿੱਤੀ। ਮੈਂ ਇਸ ਤਰ੍ਹਾਂ ਦੀਆਂ ਮੰਨੀਆਂ ਹੋਈਆਂ ਗੱਲਾਂ, ਮੁਕਾਬਲਿਆਂ ਅਤੇ ਸਮਾਨ-ਅੰਤਰ ਖ਼ਿਆਲਾਂ ਤੋਂ ਹੈਰਾਨ ਸਾਂ, ਪਰ ਚਾਰ ਦਹਾਕਿਆਂ ਤੋਂ ਅਜੇ ਵੀ ਮੈਂ ਇਸ ਤਰ੍ਹਾਂ ਦੇ ਦਿਮਾਗਾਂ ਨਾਲ ਵਰਤ ਰਿਹਾ ਸਾਂ। ਮੈਂ ਫਿਰ ਨਰਮੀ ਨਾਲ ਵਿਆਖਿਆ ਕੀਤੀ, "ਜਦੋਂ ਕੋਈ ਆਦਮੀ ਮੇਰੇ ਖੇਤਰ ਵਿਚ ਪੈਰ ਰੱਖੇਗਾ, ਉਹਦੀ ਖ਼ਾਹਿਸ਼ ਮੇਰੇ ਨਾਲ ਮੁਕਾਬਲਾ ਨਹੀਂ ਕਰੇਗੀ। ਜੇ ਉਸ ਦੇ ਉਦੇਸ਼ ਮੇਰੇ ਵਰਗੇ ਹੀ ਹੋਣਗੇ, ਉਹ ਉਹਨਾਂ ਦਾ ਸਤਿਕਾਰ ਕਰੇਗਾ, ਜਿਸ ਵਿਚਾਰ ਲਈ ਉਹ ਬਚਨਵੱਧ ਹੋਇਆ ਹੈ। ਜਿਹੜਾ ਆਦਮੀ ਮੇਰੇ ਖੇਤਰ ਵਿਚ ਆਏਗਾ, ਮੈਨੂੰ ਪਹਿਚਾਣ ਜਾਵੇਗਾ ਅਤੇ ਮੇਰਾ ਦੋਸਤ ਬਣ ਜਾਵੇਗਾ, ਉਹ ਇਕ ਪਲ ਵੀ ਮੈਨੂੰ ਸਲੂਟ ਕਰਨ ਤੋਂ ਨਹੀਂ ਝਿਜਕੇਗਾ। ਜਦੋਂ ਆਦਮੀ ਨੂੰ ਪਤਾ ਲੱਗੇਗਾ ਕਿ ਮੈਂ ਕੀ ਹਾਂ, ਮੈਂ ਵੀ ਉਸ ਨੂੰ ਪਹਿਚਾਣ ਜਾਵਾਂਗਾ। ਉਹ ਬਹੁ-ਸੰਮਤੀ ਦੇ ਨਾਲ ਆਪਣੀ ਇਕਸਾਰਤਾ ਕਰਕੇ ਸਾਫ਼ ਹੋਵੇਗਾ.....ਅਤੇ ਮੇਰੇ ਨਾਲ ਵੀ। ਅਮੀਰ, ਵੱਡੇ ਖ਼ਾਨਦਾਨਾਂ ਵਾਲੇ, ਖ਼ੁਸ਼ਹਾਲ, ਵਿਦਵਾਨ ਅਤੇ ਤੜਕ-ਭੜਕ ਕਰਨ ਵਾਲੇ ਲੋਕ ਮੇਰੇ ਮੁਕਾਬਲੇ ਵਿਚ ਨਹੀਂ ਹੋਣਗੇ, ਨਾ ਹੀ ਮੈਂ ਉਹਨਾਂ ਨਾਲ ਮੁਕਾਬਲਾ ਕਰਾਂਗਾ। ਮੈਂ ਇਕ ਫ਼ੁਟਪਾਥ 'ਤੇ ਬੈਠਾਂਗਾ, ਸੜਕ ਦੇ ਕਿਨਾਰੇ ਖਾਵਾਂਗਾ, ਤੰਗ ਗਲੀ ਦੇ ਵਿਚ ਵਿਚ ਤੁਰਾਂਗਾ ਅਤੇ ਮੰਗਤਿਆਂ ਦੀ ਭੀੜ ਵਿਚ ਛੁਪ ਜਾਵਾਂਗਾ, ਭਾਵੇਂ ਕਿ ਮੈਂ 45 ਸਾਲ ਲੋਕਾਂ ਦੀਆਂ ਨਜ਼ਰਾਂ ਵਿਚ ਰਿਹਾ ਹਾਂ।"

ਉਹਨਾਂ ਨੇ ਜਿਨ੍ਹਾਂ ਨੇ ਮੈਨੂੰ ਵਰਤਣ ਦੀ ਕੋਸ਼ਿਸ ਕੀਤੀ, ਮੇਰੀ ਅਚਾਨਕ ਕੀਤੀ ਪ੍ਰਤਿਕ੍ਰਿਆ ਨਾਲ ਫੇਲ੍ਹ ਹੋ ਗਏ, ਉਹਨਾਂ ਛੇਤੀ ਨਾਲ ਇਕ ਕਦਮ ਵਾਪਸ ਲੈ ਲਿਆ ਅਤੇ ਉਸ ਹੀ ਤੇਜ਼ੀ ਨਾਲ ਲੜਾਈ-ਝਗੜੇ ਵਿਚ ਕੁੱਦ ਪਏ। ਮੇਰੇ ਤੋਂ ਬਗੈਰ ਉਹ ਸਿਰਫ਼ ਦਬਾਅ ਦੀ ਗੱਲ ਕਰਦੇ ਸਨ; ਫ਼ਾਊਂਡੇਸ਼ਨ ਯੋਜਨਾ, ਗਰੰਟੀ ਅਤੇ ਉਸ ਦੇ ਅਸਲੀ ਤੱਤ 'ਤੇ ਨਿਰਭਰ ਕਰਦੀ ਸੀ। ਦੂਸਰੀ ਤਰਫ਼ ਮੈਂ ਚਾਰ ਖ਼ਤਰਿਆਂ ਨੂੰ ਦੂਰ ਕੀਤਾ, ਫ਼ਿਰਕਿਆਂ ਦੇ ਝਗੜੇ, ਰਾਜਨੀਤਕ ਉਲਝਨ, ਫ਼ਾਊਂਡੇਸ਼ਨ ਦੀ ਗ਼ਲਤ ਵਰਤੋਂ ਅਤੇ ਤਬਾਹੀ ਅਤੇ ਇਸ ਦੇ ਨਾਲ ਹੀ ਆਪਣੀ ਬੇਵਕਤੀ ਮੌਤ। ਮੈਂ ਇਹ ਮਹਿਸੂਸ ਕਰਦਾ ਸਾਂ ਕਿ ਸੱਚਾਈ ਨੂੰ ਬਾਹਰ ਕੱਢਣ ਲਈ ਤੇਜ਼ੀ ਨਾਲ ਲਏ ਐਕਸ਼ਨ ਇਸ ਨੂੰ ਖੋਲ੍ਹ ਦੇਣਗੇ। ਕੋਈ 35 ਅਖ਼ਬਾਰਾਂ ਸਾਹਮਣੇ ਬੋਲ ਕੇ ਇਹ ਮਾਮਲਾ ਚੌਥੇ ਦਿਨ ਖ਼ਤਮ ਹੋ ਗਿਆ, "ਵਿਸ਼ਾ ਪੂਰਾ ਹੋ ਗਿਆ ਅਤੇ ਹੁਣ ਮੈਨੂੰ ਕੰਮ ਦੁਬਾਰਾ ਸ਼ੁਰੂ ਕਰਨਾ ਪੈਣਾ ਸੀ।"

ਮੈਂ ਫ਼ਾਊਂਡੇਸ਼ਨ ਨੂੰ ਚੁੱਪ ਚਾਪ ਪੱਕਿਆਂ ਕੀਤਾ, ਹੋਰ ਪੈਸੇ ਬਚਾਏ, ਖ਼ਰਚ ਘੱਟ ਕੀਤਾ ਅਤੇ ਪਾਕਿਸਤਾਨ ਨੂੰ ਲੋਕ ਭਲਾਈ ਦੀ ਪਹਿਲੀ ਸਟੇਜ ਪ੍ਰਦਾਨ ਕੀਤੀ।

ਦੂਸਰੀ ਸਟੇਜ 1994 ਵਿਚ ਸ਼ੁਰੂ ਹੋਈ। 1990 ਦੇ ਸ਼ੁਰੂ ਵਿਚ ਅਮਰੀਕਾ ਦੇ 911 ਐਮਰਜੈਂਸੀ ਲਾਈਨਾਂ ਦੇ ਆਧਾਰ 'ਤੇ ਫ਼ਾਊਂਡੇਸ਼ਨ ਨੂੰ ਟੈਲੀਫ਼ੋਨ ਦੀ ਮਨਜ਼ੂਰੀ ਮਿਲ ਗਈ। ਹਰ ਖੇਤਰ ਦੀ ਵੱਸੋਂ ਦੇ ਆਕਾਰ ਦੇ ਹਿਸਾਬ ਨਾਲ 115 ਕੁਨੈਕਸ਼ਨ ਲਏ ਗਏ। ਇਕ ਸਾਲ ਵਿਚ ਅਸੀਂ 40 ਫ਼ੀਸਦੀ ਕੁਨੈਕਸ਼ਨ ਬਾਹਰ ਦੇ ਕੇਂਦਰਾਂ ਤੋਂ ਲੈ ਲਏ ਅਤੇ ਇਸ ਸਹੂਲਤ ਨੂੰ ਇਸਲਾਮਾਬਾਦ, ਕਰਾਚੀ ਅਤੇ ਲਾਹੌਰ ਵਿਚ ਫੈਲਾ ਦਿੱਤਾ। ਇਹ ਪ੍ਰੋਜੈਕਟ 1996 ਦੇ ਅੰਤ ਤਕ ਖ਼ਤਮ ਹੋ ਜਾਵੇਗਾ।

ਮੈਂ ਜਦ ਦੋਸਤਾਂ ਨੂੰ ਇਕੱਠਿਆਂ ਕਰਕੇ ਟੈਲੀਫ਼ੋਨ ਦੇ ਬਕਸੇ ਲਾਉਣ ਲਈ ਪੈਸੇ ਦੀ ਮੰਗ ਕੀਤੀ ਤਾਂ ਮੈਂ ਬਿਲਕਿਅਸ ਨਾਲ ਹੱਸ ਰਿਹਾ ਸਾਂ, "ਅਖ਼ੀਰ ਵਿਚ ਉਸ ਕਾਰਜ ਪ੍ਰਣਾਲੀ ਨੂੰ ਸਫਲਤਾ ਪੂਰਨ ਪੂਰਾ ਕੀਤਾ, ਜਿਸ ਵਿਚ ਮੈਨੂੰ ਰੁਕਾਵਟ ਪੈ ਰਹੀ ਸੀ। ਨਹੀਂ, ਮੈਂ ਇਸ ਪ੍ਰੋਜੈਕਟ 'ਤੇ ਇਕ ਰੁਪਿਆ ਵੀ ਹੋਰ ਨਹੀਂ ਖ਼ਰਚ ਕਰ ਰਿਹਾ।" ਮੇਰੇ ਦੋਸਤ ਇਸ ਸਹੂਲਤ ਦੀ ਜਿਊਣਯੋਗਤਾ ਬਾਰੇ ਮੈਨੂੰ ਸਪਸ਼ਟ ਕਰ ਰਹੇ ਸਨ। ਤੁਸੀਂ ਉਹਨਾਂ ਦੇ ਚਿਹਰਿਆਂ 'ਤੇ ਉਹਨਾਂ ਸਾਰੇ ਦਿਨਾਂ ਵਿਚ ਤਨਾਅ ਵੇਖ ਸਕਦੇ ਸੀ ਅਤੇ ਉਹ ਵਿਆਖਿਆ ਕਰਨ ਲੱਗੇ, ਜਿਵੇਂ ਮੈਂ ਜਾਣਦਾ ਹੀ ਨਹੀਂ ਸੀ, "ਹੁਣ ਅਸੀਂ ਅਖ਼ੀਰਲੀ ਸਟੇਜ 'ਤੇ ਹਾਂ ਅਤੇ ਮੌਲਾਨਾ ਸਾਹਿਬ ਇਸ ਨੂੰ ਪੂਰਾ ਕਰਨ ਲਈ ਸਿਰਫ਼ 20 ਹਜ਼ਾਰ ਰੁਪੈ ਚਾਹੀਦੇ ਸਨ। ਇਸ ਸਟੇਜ 'ਤੇ ਕੰਮ ਬੰਦ ਕਰਨਾ ਸ਼ਰਮ ਵਾਲੀ ਗੱਲ ਹੈ। ਮੌਲਾਨਾ ਸਾਹਿਬ, ਸਾਨੂੰ ਬਹੁਤ ਹਾਨੀ ਹੋਵੇਗੀ।" ਇਸ ਜ਼ਿਕਰ ਨੇ ਮੈਨੂੰ ਹੋਰ ਪੱਕਾ ਕਰ ਦਿੱਤਾ। ਜੇ ਮੈਂ ਉਹਨਾਂ ਨੂੰ ਤੰਗ ਕਰਨ ਦੀ ਜ਼ਿਦ ਕਰਾਂ ਤਾਂ ਹੋ ਸਕਦਾ ਹੈ, ਉਹ ਕੰਮ ਬੰਦ ਕਰ ਦੇਣ। ਮੈਂ ਉਹਨਾਂ ਨੂੰ ਬਹੁਤ ਵਾਰ ਕਹਿ ਚੁੱਕਾ ਸਾਂ, "ਇਹ ਜ਼ਿਕਰ ਮੇਰੀ ਆਤਮਾ ਨੂੰ ਤੰਗ ਕਰਦਾ ਹੈ" ਪਰ ਕੁਝ ਕਾਰਨਾਂ ਕਰਕੇ ਉਹ ਲਗਾਤਾਰ ਮੇਰੀ ਬੇਨਤੀ ਰੱਦ ਕਰਦੇ ਸਨ। ਬਿਲਕਿਅਸ ਇਸ 'ਤੇ ਹੱਸਦੀ ਸੀ। "ਉਹ 'ਮੌਲਾਨਾ' ਬਾਰੇ ਉਂਨੇ ਹੀ ਪੱਕੇ ਹਨ, ਜਿੰਨਾ ਤੁਸੀਂ ਫ਼ਾਊਂਡੇਸ਼ਨ ਬਾਰੇ ਪੱਕੇ ਹੋ।" ਇਸ ਲਈ ਮੈਂ ਲਗਾਤਾਰ ਰੁਕਾਵਟਾਂ ਅਤੇ ਮੁਸ਼ਕਲਾਂ ਪੈਦਾ ਕਰਦਾ ਰਿਹਾ, ਉਦੋਂ ਤਕ ਕਿ ਉਹ ਖ਼ਤਮ ਹੋਣ। ਫਿਰ ਮੈਂ ਆਖ਼ਰੀ ਕਾਗਜ਼ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਬਿਲਕਿਅਸ ਇਸ 'ਤੇ ਖੁੱਲ੍ਹ ਕੇ ਹੱਸੀ, "ਤੁਹਾਨੂੰ ਵੇਖਣਾ ਚਾਹੀਦਾ ਸੀ, ਉਹ ਉਸ ਵਕਤ ਕਿੰਨੇ ਪ੍ਰੇਸ਼ਾਨ ਸਨ। ਹਰ ਕਿਸੇ ਨੇ ਆਪਣਾ ਸਿਰ ਫੜਿਆ ਹੋਇਆ ਸੀ ਤਾਂ ਕਿ ਤੁਹਾਨੂੰ ਉਪਯੁਕਤ ਸ਼ਬਦਾਂ ਨਾਲ ਕਾਬੂ ਕੀਤਾ ਜਾ ਸਕੇ। ਤੁਹਾਡੀ ਪਿੱਠ ਪਿੱਛੇ ਉਹ ਕਹਿੰਦੇ, "ਈਦੀ ਇਸ ਦਾ ਲਾਭ ਜਾਣਦਾ ਹੈ, ਜੇ ਅਸੀਂ ਪਿੱਛੇ ਹਟੀਏ ਤਾਂ ਉਹ ਨੁਕਸਾਨ ਵੀ ਜਾਣਦਾ ਹੈ। ਉਸ ਦੇ ਨਾਲ ਹੋਰ ਕੀ ਹੈ ?" ਘੱਟ ਖ਼ਰਚ ਕਰਨਾ ਤੇ ਕੰਮ ਪੂਰਾ ਕਰਨ ਦਾ ਰੌਲਾ ਪਾਉਣਾ ਵੀ ਮੇਰਾ ਇਕ ਕਾਰਨ ਸੀ। ਅਖ਼ੀਰ ਵਿਚ ਟੈਲੀਫੋਨ ਮਹਿਕਮੇ ਦਾ ਜਨਰਲ ਮੈਨੇਜਰ 115 ਲਾਈਨਾਂ ਦਾ ਉਦਘਾਟਨ ਕਰਨ ਮੂਸਾ ਲਾਈਨ ਆਇਆ। ਮੇਰੇ ਸਾਥੀ ਮੈਨੂੰ ਖ਼ੁਸ਼ ਵੇਖ ਕੇ ਬੜੀ ਖ਼ੁਸ਼ੀ ਮਹਿਸੂਸ ਕਰ ਰਹੇ ਸਨ। ਬਾਹਰ ਜਾਣ ਵਾਲੀ

ਲਾਈਨ ਤੋਂ ਇਲਾਵਾ, ਜੋ ਸੈਂਟਰਾਂ ਦੇ ਪ੍ਰਬੰਧਕੀ ਇੰਚਾਰਜਾਂ ਨੂੰ ਦਿੱਤੀਆਂ ਹੋਈਆਂ ਸਨ, ਨੈੱਟਵਰਕ ਇਕ ਤਰਫ਼ਾ ਕਨੈਕਸ਼ਨ 'ਤੇ ਚੱਲ ਰਿਹਾ ਸੀ।

ਇਸ ਕੰਮ ਨੂੰ ਪੂਰਾ ਕਰਨ ਤੋਂ ਪਹਿਲਾਂ ਮੇਰੇ ਸਾਥੀਆਂ ਨੇ ਵਾਇਰਲੈੱਸ ਸਿਸਟਮ ਨੂੰ ਲਾਉਣ ਵੇਲੇ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਸਾਹਮਣਾ ਕੀਤਾ ਸੀ। ਜਦੋਂ ਇਹ ਕੰਮ ਮੇਰੀ ਐਂਬੂਲੈਂਸ ਤੋਂ ਸ਼ੁਰੂ ਹੋਇਆ ਤਾਂ ਮੈਂ ਉਸ ਸਮਾਨ ਨੂੰ ਟਾਵਰ ਨਾਲ ਜੋੜਨ ਲਈ ਵਰਤਿਆ ਅਤੇ ਆਪਣੇ ਹੈਰਾਨ ਹੋਏ ਦੋਸਤਾਂ ਨੂੰ ਦੱਸਿਆ, "ਇਹ ਬਹੁਤ ਚੰਗਾ ਹੈ। ਇਹ ਬਹੁਤ ਵੱਡਾ ਕੰਮ ਹੈ। ਸਾਰੀਆਂ ਐਂਬੂਲੈਂਸਾਂ ਨੂੰ ਇਕ ਦਮ ਇਸ ਨਾਲ ਜੋੜ ਦਿਉ।"

ਰਮਦਾਨ ਦੇ ਪਹਿਲੇ ਹਫ਼ਤੇ ਤਕ ਅਸੀਂ ਕੱਪੜੇ ਦੇ ਬੰਡਲ ਬਣਾ ਲਏ ਅਤੇ ਆਪਣੇ ਗੁਦਾਮਾਂ ਵਿਚ ਈਦ ਲਈ ਰਾਸ਼ਨ ਇਕੱਠਾ ਕਰ ਲਿਆ। ਉਹਨਾਂ ਨੂੰ ਹਰ ਕੇਂਦਰ 'ਤੇ ਭੇਜ ਦਿੱਤਾ ਗਿਆ, ਜਿਨ੍ਹਾਂ ਨੂੰ ਅੱਗੇ ਆਪਣੇ ਆਪਣੇ ਖੇਤਰਾਂ ਵਿਚ ਵੰਡਣ ਲਈ ਫ਼ਾਰਮ ਵੰਡ ਦਿੱਤੇ। ਲੋਕਾਂ ਨੂੰ ਉਹਨਾਂ ਦੇ ਪਰਿਵਾਰਾਂ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਭਰਨ ਵਿਚ ਮਦਦ ਕੀਤੀ ਗਈ, ਫ਼ਾਰਮਾਂ ਨੂੰ ਹਰ ਖੇਤਰ ਵਿਚ ਜਮ੍ਹਾ ਕਰਵਾਇਆ, ਉਹਨਾਂ 'ਤੇ ਮੋਹਰਾਂ ਲਾਈਆਂ ਗਈਆਂ ਅਤੇ ਹਰ ਖੇਤਰ ਦੇ ਕੇਂਦਰ ਵਿਚ ਵਸਤੂਆਂ ਨੂੰ ਭਰੇ ਹੋਏ ਫਾਰਮਾ ਅਨੁਸਾਰ ਵੰਡੀਆਂ ਗਈਆਂ। ਇਸ ਢੰਗ ਨਾਲ ਸਾਨੂੰ ਉਹਨਾਂ ਲੋਕਾਂ ਦਾ ਰਿਕਾਰਡ ਬਣਾਉਣ ਵਿਚ ਮਦਦ ਮਿਲੀ ਜੋ ਮਦਦ 'ਤੇ ਨਿਰਭਰ ਕਰਦੇ ਸਨ। ਮਾਰਚ 1995 ਤਕ 50 ਹਜ਼ਾਰ ਨਮਕੀਨ ਪਾਣੀ ਦੀਆਂ ਬੂੰਦਾਂ ਵੰਡ ਦਿੱਤੀਆਂ ਗਈਆਂ। ਅਸੀਂ ਉਹਨਾਂ ਨੂੰ ਸਾਰੇ ਪਾਕਿਸਤਾਨ ਦੇ ਸਰਕਾਰੀ ਹਸਪਤਾਲਾਂ ਵਿਚ ਅਤੇ ਹੈਰੋਇਨ ਦੇ ਨਸ਼ਈਆਂ ਵਿਚ ਵੰਡਿਆ। ਇਕ ਹੋਰ ਦਵਾਈਆਂ ਦੀ ਕੰਪਨੀ ਨੇ ਕੁਝ ਹੋਰ ਵਸਤੂਆਂ ਕਿਸੇ ਹੋਰ ਕਿਸਮ ਦੀਆਂ ਦਵਾਈਆਂ ਉਸ ਨਾਲ ਜੋੜ ਦਿੱਤੀਆਂ ਅਤੇ ਉਹ ਦੁਬਾਰਾ ਵੰਡ ਦਿੱਤੀਆਂ ਗਈਆਂ।

ਇਸੇ ਸਮੇਂ ਵਿਚ ਇਲਜ਼ਾਮ ਲਗਾਤਾਰ ਲੱਗਦੇ ਗਏ ਅਤੇ ਬਿਲਕਿਅਸ ਮੈਨੂੰ ਯਾਦ ਕਰਵਾਉਂਦੀ ਰਹੀ, "ਯਾਦ ਕਰੋ, ਸਾਡੇ ਵਿਆਹ ਤੋਂ ਬਾਅਦ ਆਦਮੀਆਂ ਦਾ ਇਕ ਗਰੁੱਪ ਤੁਹਾਡੇ ਦਫ਼ਤਰ ਦੀਆਂ ਚਾਬੀਆਂ ਮੰਗਣ ਆਇਆ ਸੀ।" ਮੈਂ ਯਾਦ, ਕੀਤਾ ਅਤੇ ਕਹਾਣੀ ਉਸ ਲਈ ਕਹਿਣੀ ਸ਼ੁਰੂ ਕਰ ਦਿੱਤੀ, "ਉਹ ਮੇਰੇ ਸਟਾਫ਼ ਦੇ ਇਕ ਮੈਂਬਰ ਨਾਲ ਮੇਰੀ ਸ਼ਾਦੀ 'ਤੇ ਇਤਰਾਜ਼ ਕਰ ਰਹੇ ਸਨ ਅਤੇ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਇਹ ਇਸਲਾਮ ਦੇ ਵਿਰੁੱਧ ਹੈ।" ਮੈਨੂੰ ਬਹੁਤ ਗੁੱਸਾ ਆਇਆ ਸੀ ਪਰ ਮੈਂ ਕਾਬੂ ਵਿਚ ਰਿਹਾ ਸਾਂ, ਜਦੋਂ ਮੈਂ ਇਹ ਕਿਹਾ, "ਮੈਂ ਇਹ ਤੁਹਾਨੂੰ ਦੇ ਦੇਵਾਂਗਾ, ਜੇ ਤੁਸੀਂ ਅਦਾਲਤ ਵਿਚ ਇਹ ਸਾਬਿਤ ਕਰ ਦਿਉ ਕਿ ਮੈਂ ਕੋਈ ਜੁਰਮ ਕੀਤਾ ਹੈ।" ਮੈਂ ਉਹਨਾਂ ਕੋਲੋਂ ਇਹ ਵੀ ਪੁੱਛਿਆ, "ਸਾਡੇ ਪੈਗੰਬਰ ਮੁਹੰਮਦ (PBUH) ਨੇ, ਆਪਣੀ ਪਤਨੀ ਖਦੀਸਾ ਨਾਲ ਸ਼ਾਦੀ ਕੀਤੀ ਸੀ, ਜਦੋਂ ਉਹ ਇਕੱਠੇ ਕੰਮ ਕਰ ਰਹੇ ਸਨ। ਕੀ

ਇਹ *ਸੁਨਤ-ਏ-ਰਸੂਲ* ਨਹੀਂ ?" ਪਰ ਸ਼ਾਇਦ ਉਹ ਇਹ ਗੱਲ ਨਹੀ ਸਨ ਸੁਣਨਾ ਚਾਹੁੰਦੇ। ਮੁਸਲਿਮ ਆਪਣੇ ਸਹੂਲਤ ਅਨੁਸਾਰ ਉਦਾਹਰਨਾਂ ਦੇਣ ਦੇ ਮਾਹਿਰ ਹਨ ਅਤੇ ਉਸ ਦੇ ਅਨੁਸਾਰ ਉਹਨਾਂ ਦੀ ਵਿਆਖਿਆ ਕਰਦੇ ਹਨ। ਉਹੋ ਲੋਕ, ਉਹੋ ਖ਼ਿਆਲ, ਉਹੋ ਤੰਗ ਸੋਚਾਂ ਚੱਲਦੀਆਂ ਰਹੀਆਂ। ਮੈਂ ਬਿਲਕਿਅਸ ਦਾ ਇਹ ਯਾਦ ਕਰਾਉਣ ਲਈ ਧੰਨਵਾਦ ਕੀਤਾ।

"ਈਦੀ, ਭੱਜ ਕੇ ਮੱਕੇ ਕਿਉਂ ਨਹੀਂ ਗਿਆ, ਉਹ ਇੰਗਲੈਂਡ ਕਿਉਂ ਗਿਆ ?" ਉਹਨਾਂ ਨੂੰ ਕੌਣ ਸਮਝਾਵੇ ਕਿ ਸਾਊਦੀ ਅਰਬੀਆ ਜਾਣ ਲਈ ਧਾਰਮਿਕ ਵੀਜ਼ਾ ਚਾਹੀਦਾ ਹੈ ਜਦੋਂ ਕਿ ਮੈਂ ਛੇਤੀ ਨਾਲ ਭੱਜ ਗਿਆ ਸੀ। "ਈਦੀ ਨੇ ਗੋਲੀ ਦਾ ਸਾਹਮਣਾ ਕਿਉਂ ਨਹੀਂ ਕੀਤਾ, ਅਤੇ ਮਰ ਕਿਉਂ ਨਹੀਂ ਗਿਆ। ਉਹ ਬੁਜ਼ਦਿਲ ਹੈ।" ਉਹਨਾਂ ਨੂੰ ਕੌਣ ਸਮਝਾਵੇ ਕਿ ਬੇਵਕੂਫ਼ੀ ਵਿਚ ਵਿਖਾਈ ਹੋਈ ਦਲੇਰੀ ਕੋਈ ਗੁਣ ਨਹੀਂ। "ਉਹ ਕਿਸੇ ਗੁਪਤ ਉਦੇਸ਼ ਨੂੰ ਲੁਕਾਈ ਫਿਰਦਾ ਹੈ। ਜੇ ਉਹ ਪਾਕਿਸਤਾਨ ਛੱਡ ਜਾਵੇ ਤਾਂ ਸਰਕਾਰ ਦੀ ਤਰਫ਼ ਤੋਂ ਉਸ ਨੂੰ ਪੇਸ਼ਕਸ਼ ਹੈ।" ਹਰ ਸਮੇਂ ਮੈਂ ਇਹ ਕਹਿੰਦਾ ਸਾਂ ਕਿ ਸਰਕਾਰ ਨੂੰ ਆਪਣੀ ਮਿਆਦ ਪੂਰੀ ਕਰਨੀ ਚਾਹੀਦੀ ਸੀ, ਉਹ ਮੈਨੂੰ ਪੀਪਲਜ਼ ਪਾਰਟੀ ਦੇ ਮਦਦਗਾਰ ਦੀ ਘੋਸ਼ਨਾ ਕਰਦੇ ਸਨ। ਇਹ ਵਿਆਖਿਆ ਕਿੰਨੀਆਂ ਘੱਟ ਦਿਲਚਸਪੀ ਵਾਲੀਆਂ ਹੋ ਜਾਂਦੀਆਂ ਸਨ ਕਿ ਮੈਂ ਇਸ ਦਾ ਜਵਾਬ ਹੀ ਨਹੀਂ ਸਾਂ ਦਿੰਦਾ।

ਕਰਾਚੀ ਵਿਚ ਇਤਫਾਕੀਆ ਕਤਲ ਚੱਲਦੇ ਰਹੇ। ਅਸੀਂ ਮਰਿਆਂ ਹੋਇਆਂ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਅਤੇ ਜ਼ਖ਼ਮੀਆਂ ਨੂੰ ਹਸਪਤਾਲਾਂ ਵਿਚ ਢੋਂਦੇ ਰਹੇ। ਜਦੋਂ ਕਿ ਸਿਆਸਤਦਾਨ ਆਪਣੇ ਚੱਕਰ ਚਲਾਉਂਦੇ ਰਹੇ। ਮੇਰੀ ਵਾਪਸੀ ਦੇ ਇਕ ਮਹੀਨਾ ਬਾਅਦ, ਮੈਂ ਪੰਜਾਬ ਵਿਚ ਆਪਣੇ ਕੇਂਦਰਾਂ ਵਿਚ ਜਾਣ ਦਾ ਫ਼ੈਸਲਾ ਕੀਤਾ। ਮੈਂ ਮੀਡੀਏ ਨਾਲ ਕਿਸੇ ਉੱਲਝਣ ਵਿਚ ਪੈਣ ਤੋਂ ਬਚਣ ਦਾ ਵੀ ਫ਼ੈਸਲਾ ਕੀਤਾ, ਪਰ ਮੁਲਤਾਨ ਹਵਾਈ ਅੱਡੇ 'ਤੇ ਪ੍ਰੈਸ ਰਿਪੋਰਟਰ ਸਵਰਗੀ ਜ਼ੁਲਫ਼ਕਾਰ ਅਲੀ ਭੁੱਟੋ ਦੇ ਲੜਕੇ ਮੁਰਤਜ਼ਾ ਭੁੱਟੋ ਦੇ ਸੁਆਗਤ ਲਈ ਇਕੱਠੇ ਹੋਏ ਹੋਏ ਸਨ ਅਤੇ ਉਹਨਾਂ ਨੇ ਮੈਨੂੰ ਵੇਖ ਲਿਆ। ਮੈਂ ਉਹਨਾਂ ਦੇ ਇਰਾਦਿਆਂ ਨੂੰ ਉਹਨਾਂ ਦੇ ਸੁਆਲਾਂ ਤੋਂ ਸਮਝ ਗਿਆ ਅਤੇ ਜਦੋਂ ਮੈਂ ਆਪਣੇ ਜ਼ੋਨ ਦੇ ਮੁਖੀ ਨਾਲ ਬਹੁਤ ਵੱਡੀ ਪਾਰਕਿੰਗ ਵੱਲ ਜਾ ਰਿਹਾ ਸਾਂ ਅਤੇ ਪੱਤਰਕਾਰ ਮੇਰੇ ਪਿੱਛੇ ਮੇਰੇ ਕੋਲ ਆ ਗਏ ਤਾਂ ਮੈਂ ਉਸ ਨੂੰ ਕਿਹਾ, "ਉਹ ਮੈਨੂੰ ਇਕ ਹੀਰੋ ਨਾਲ ਜ਼ਬਾਨੀ ਲੜਾਈ ਵਿਚ ਉੱਲਝਾਉਣਾ ਚਾਹੁੰਦੇ ਹਨ। ਇਕ ਜਰਨਾਲਿਸਟ ਕ੍ਰਿਕਟਰ ਬਾਰੇ ਟਿੱਪਣੀ ਕਰਨ 'ਤੇ ਜ਼ੋਰ ਪਾ ਰਿਹਾ ਸੀ ਅਤੇ ਮੈਂ ਮਖ਼ੌਲ ਕੀਤਾ, "ਉਹ *'ਵਲੀ ਅੱਲਾਹ'* ਹੈ ਅਤੇ ਮੈਂ *'ਫ਼ਕੀਰ'* ਹਾਂ। ਇਕ ਹੋਰ ਜਿਸ ਨੇ ਇਹੋ ਸਵਾਲ ਕੀਤਾ, ਮੈਂ ਜੁਆਬ ਦਿੱਤਾ, "ਤੁਸੀਂ ਸਾਡਾ ਮੁਕਾਬਲਾ ਕਿਉਂ ਕਰਦੇ ਹੋ ? ਉਹ ਇਕ ਪ੍ਰਸਿੱਧ *ਖਿਲਾੜੀ* ਹੈ ਅਤੇ ਮੈਂ ਪੱਕਾ *ਅਨਾੜੀ* ਹਾਂ।"

ਉਹਨਾਂ ਨੇ ਪੁੱਛਿਆ ਕਿ ਕੀ ਮੈਂ ਉਸ ਦੇ ਭੀੜ ਇਕੱਠੀ ਕਰਨ ਦੀ ਸਫਲਤਾ ਦੇ ਖ਼ਿਲਾਫ਼ ਸਾਂ। ਮੈਂ ਨਰਮੀ ਨਾਲ ਜੁਆਬ ਦਿੱਤਾ, "ਮੈਂ ਆਪਣੀ ਸਾਰੀ ਉਮਰ ਗਟਰਾਂ ਅਤੇ ਚਿੱਕੜ ਵਿਚ ਕੰਮ ਕਰਦਿਆਂ ਕੱਟੀ ਹੈ। ਮੈਂ ਆਪਣੇ ਕੰਮ ਨੂੰ ਮਾਤਰਾ ਦੇ ਹਿਸਾਬ ਨਾਲ ਤਾਂ ਮਾਪ ਨਹੀਂ ਸਕਦਾ ਅਤੇ ਜਾਤੀ ਤੌਰ 'ਤੇ ਮੈਨੂੰ ਯਾਦ ਹੈ ਕਿ ਇਨ੍ਹਾਂ ਖੁਰਦਰੇ ਹੱਥਾਂ ਨਾਲ ਘੱਟੋ ਘੱਟ 30 ਹਜ਼ਾਰ ਲਾਵਾਰਸ ਲਾਸ਼ਾਂ ਨੂੰ ਦਫ਼ਨਾਇਆ ਹੈ। ਜਿਥੇ ਮੈਂ ਆਪਣੀ ਜ਼ਿੰਦਗੀ ਕੱਟੀ ਹੈ ਉਥੇ ਦਰਦ, ਮੌਤ, ਗ਼ਰੀਬੀ ਅਤੇ ਬੇਇਨਸਾਫ਼ੀ ਸੀ। ਕੋਈ ਪ੍ਰਸ਼ੰਸਾ ਨਹੀਂ ਸੀ।" ਇਕ ਹੋਰ ਇਹੋ ਜਿਹੇ ਸਵਾਲ ਦਾ ਮੈਂ ਠੰਡਾ ਸਾਹ ਲੈ ਕੇ ਜਵਾਬ ਦਿੱਤਾ, "ਮੈਨੂੰ ਵਾਹ-ਵਾਹ ਦੀ ਲੋੜ ਨਹੀਂ। ਇਹ ਬਹੁਤ ਵੱਡੀ ਪ੍ਰਾਪਤੀ ਹੈ। ਮੇਰਾ ਕੰਮ ਤਾਂ ਮੁਫ਼ਤ ਸੀ।" ਮੈਂ ਇਕ ਹੋਰ ਸਵਾਲ ਦਾ ਜਵਾਬ ਦਿੱਤਾ, "ਕੀ ਮੈਂ ਕਦੀ ਲੋਕਾਂ ਦੀ ਝੂਠੀ ਖ਼ੁਸ਼ਾਮਦ ਕਰਨ ਨੂੰ ਉਤਸ਼ਾਹ ਦਿੱਤਾ ? ਕੀ ਤੁਸੀਂ ਇਹ ਯਾਦ ਨਹੀਂ ਕਰ ਸਕਦੇ ਕਿ ਮੈਂ ਇਸ ਨੂੰ ਆਪਣੀ ਵੱਡੀ ਯੋਗਤਾ ਨਾਲ ਦੂਰ ਰੱਖਿਆ ਹੈ। ਖ਼ਾਸ ਕਰਕੇ ਇਸ ਲਈ ਮੈਂ ਆਪਣੇ ਆਪ ਨੂੰ ਇਸ ਦੇ ਕਾਬਿਲ ਨਹੀਂ ਸਮਝਦਾ। ਸ਼ਾਇਦ ਹੁਣ ਤੋਂ 20 ਸਾਲ ਬਾਅਦ, ਜਦੋਂ ਮੈਂ ਇਥੇ ਨਹੀਂ ਹੋਵਾਂਗਾ, ਤੁਸੀਂ ਮੇਰੀ ਸ਼ਲਾਘਾ ਕਰ ਸਕਦੇ ਹੋ।" ਉਹ ਫਿਰ ਵੀ ਮੇਰੇ ਕੰਮ ਵਿਚ ਮੇਰੇ ਵਿਰੋਧੀਆਂ ਦੀ ਗੱਲ ਕਰਦੇ ਸਨ। ਮੈਂ ਥੱਕੇ ਹੋਏ ਅਤੇ ਖਿੱਝ ਨਾਲ ਜਵਾਬ ਦਿੱਤਾ, "ਇਸ ਨਾਲ ਮੇਰਾ ਦਿਲ ਟੁੱਟਦਾ ਹੈ ਕਿ ਤੁਸੀਂ ਇਕ ਹੀਰੋ ਨਾਲ ਜੋ ਮੇਰਾ ਵਿਰੋਧੀ ਵੀ ਹੈ, ਮੇਰੇ ਮਜ਼ਦੂਰ ਦਾ ਮੁਕਾਬਲਾ ਕਰਦੇ ਹੋ। ਮੇਰਾ ਉਸ ਬਾਰੇ ਬੀ.ਬੀ.ਸੀ. ਰੇਡੀਉ 'ਤੇ ਜ਼ਿਕਰ ਸਿਰਫ਼ ਇਕ ਦੁਬਿਧਾ ਕਰਕੇ ਸੀ। ਕਿਉਂ ਜੋ ਅਸੀਂ ਦੋਵੇਂ, ਲੋਕਾਂ ਤੋਂ ਪੈਸੇ ਦੀ ਮੰਗ ਕਰਦੇ ਹਾਂ, ਇਹ ਕੁਦਰਤੀ ਸੀ ਕਿ ਇਸ ਵਿਚ ਮੁਕਾਬਲਾ ਲੱਗਦਾ ਹੈ।"

ਪ੍ਰੈਸ ਲਗਾਤਾਰ ਬੜੀਆਂ ਗੰਭੀਰ ਅਤੇ ਵਿਕਣ ਵਾਲੀਆਂ ਸੁਰਖੀਆਂ ਲੱਭਦੀ ਰਹਿੰਦੀ ਸੀ, "ਪਰ ਉਹ ਲੋਕਾਂ ਦੇ ਸਾਹਮਣੇ ਇਹ ਗੱਲ ਮੰਨ ਗਿਆ ਸੀ, ਈਦੀ ਸਾਹਿਬ, ਤੁਸੀਂ ਇਸ ਬਾਰੇ ਕੀ ਕਹਿੰਦੇ ਹੋ ?" ਮੈਂ ਕਿਹਾ, "ਇਹ ਤੁਸੀਂ ਉਸ ਕੋਲੋਂ ਪੁੱਛੋ।" ਐਂਬੂਲੈਂਸ ਚੱਲ ਪਈ, ਉਹ ਉਸ ਦੇ ਪਿੱਛੇ ਭੱਜੇ, "ਸਾਡੇ ਕੋਲ ਹੈ ਪਰ ਉਹ ਕਹਿੰਦਾ ਹੈ....." ਮੈਂ ਇਸ ਮਸਲੇ ਤੋਂ ਬਹੁਤ ਅੱਕ ਗਿਆ ਸਾਂ, "ਜੋ ਤੁਸੀਂ ਵਿਸ਼ਵਾਸ ਕਰਦੇ ਹੋ, ਉਹ ਲਿਖੋ। ਪਿੱਛਲੇ ਸਮੇਂ ਵਿਚ ਮੈਂ ਚੱਕਰ ਨਹੀਂ ਬਣਾਉਂਦਾ ਰਿਹਾ। ਮੈਂ ਅੱਗੇ ਵਧ ਗਿਆ ਹਾਂ।" ਸਿਰਫ਼ ਇਕ ਜਰਨਲਿਸਟ ਨੇ ਇਸ ਫ਼ਾਊਂਡੇਸ਼ਨ ਦੇ ਮਾੜੇ ਪ੍ਰਭਾਵਾਂ ਦੀ ਛਾਣ-ਬੀਣ ਕੀਤੀ, ਉਦੋਂ ਤਕ ਮੈਂ ਇਸ ਬਾਰੇ ਇਨ੍ਹਾਂ ਥੱਕ ਗਿਆ ਸਾਂ ਕਿ ਮੈਂ ਇਕ ਧਮਾਕੇ ਦੀ ਤਰ੍ਹਾਂ ਉਸ ਨੂੰ ਜਵਾਬ ਦਿੱਤਾ। "ਤੁਸੀਂ ਮੇਰੇ ਕੰਮ ਬਾਰੇ ਕਿਉਂ ਪੁੱਛਦੇ ਹੋ, ਕੀ ਤੁਸੀਂ ਵੇਖ ਨਹੀਂ ਸਕਦੇ ਕਿ ਮੈਂ ਅੰਧੇ ਆਦਮੀਆਂ ਦੇ ਦੇਸ਼ ਨੂੰ ਸ਼ੀਸ਼ਾ ਵਿਖਾਉਂਦਾ ਹਾਂ ?" ਐਂਬੂਲੈਂਸ ਵਿਚ ਮੈਂ ਆਪਣੇ ਦੋਸਤ ਨੂੰ

ਮਸ਼ੌਲ ਕੀਤਾ, "ਕੀ ਤੁਸੀਂ ਹੀਰੋ ਨਾਲ ਮੇਰੇ ਮੁਕਾਬਲੇ ਦੀ ਕਲਪਨਾ ਕਰ ਸਕਦੇ ਹੋ ? ਮੇਰੇ ਕੋਲ ਉਹ ਸਭ ਕੁਝ ਨਹੀਂ, ਜਿਸ ਦੀ ਉਹ ਲੋਕਾਂ ਦੇ ਦਿਮਾਗ ਵਿਚ ਪ੍ਰਤਿਨਿਧਤਾ ਕਰਦਾ ਹੈ।"

ਭਾਵੇਂ ਕਿ ਇਹ ਮੁੱਦਾ ਠੰਡਾ ਹੋ ਗਿਆ ਸੀ, ਸਾਜ਼ਿਸ਼ ਦੀ ਦਿਸ਼ਾ ਦੱਬੀ ਹੀ ਰਹੀ। ਅਜੇ ਤਕ ਮੁੱਖ ਸਾਜ਼ਸ਼ੀ ਹੀ ਅਸਲ ਯੋਜਨਾ ਬਾਰੇ ਜਾਣਦਾ ਸੀ। ਜਦੋਂ ਮੇਰੇ ਦੋਸਤਾਂ ਨੇ ਮੁਲਤਾਨ ਵਿਚ ਮੈਨੂੰ ਪੁੱਛਿਆ, "ਜੇ ਤੁਸੀਂ ਮੰਨ ਜਾਂਦੇ ਤਾਂ ਉਹ ਤੁਹਾਡੇ ਕੋਲੋਂ ਕਿਹੜੀ ਭੂਮਿਕਾ ਨਿਭਾਉਣੀ ਚਾਹੁੰਦੇ ਸਨ ?" ਜਦ ਮੈਂ ਜਵਾਬ ਦਿੱਤਾ ਤਾਂ ਮੈਨੂੰ ਇਸ ਬਾਰੇ ਯਕੀਨ ਸੀ, "ਇਕ ਸ਼ਹੀਦੀ ਦਾ। ਈਦੀ ਫ਼ਾਊਂਡੇਸ਼ਨ ਨੂੰ ਥੱਲੇ ਦੀ ਪੱਧਰ 'ਤੇ ਵੱਡੇ ਨੈੱਟਵਰਕ ਦੇ ਤੌਰ 'ਤੇ ਵਰਤੀ ਜਾਂਦੇ, ਇਸ ਦਾ ਉਦੇਸ਼, ਇਸ ਦੀ ਗਤੀਸ਼ੀਲਤਾ ਅਤੇ ਇਸ ਦੇ ਫੰਡਾਂ ਦਾ ਸ਼ੋਸ਼ਣ ਕੀਤਾ ਜਾਂਦਾ ਅਤੇ ਬਰਬਾਦ ਕੀਤਾ ਜਾਂਦਾ। ਫਿਰ ਆਦਮੀ ਦੀ ਆਪਣੇ ਆਪ ਵਿਚ ਇਹ ਸਬਰ ਸੰਤੋਖ ਦਾ ਮੁਸਲਿਮ ਨਾਅਰਾ ਕਿ 'ਕਿਸਮਤ ਨੂੰ ਪ੍ਰਵਾਨ ਕਰੋ ਅਤੇ ਸਬਰ ਰੱਖੋ', ਮੇਰੇ ਕੰਮ ਦੀ ਜਗ੍ਹਾ ਲੈ ਲੈਂਦਾ। ਉਹ ਇਸ ਦਲਦਲ ਨੂੰ ਇਸਲਾਮ ਫੈਲਾਉਣ ਵੱਲ ਸ਼ੁਰੂ ਦਾ ਕੰਮ ਦੱਸਦੇ।"

ਮੇਰੇ ਲਈ ਕਿਸੇ ਰਿਵਾਇਤੀ ਸਿਆਸਤ ਦਾ ਸੁਆਲ ਹੀ ਨਹੀਂ ਸੀ, "ਇਹ ਉਹਨਾਂ ਦੀ ਗ਼ਲਤ-ਫ਼ਹਿਮੀ ਸੀ ਕਿ ਇਸ ਕੰਮ ਨੂੰ ਉਹਨਾਂ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਮੈਂ ਲੋਕਾਂ ਦੀ ਸੇਵਾ ਕਰਦਾ ਹਾਂ, ਜਦੋਂ ਕਿ ਸਿਆਸਤ ਦਾ ਉਦੇਸ਼ ਤਾਕਤ ਨੂੰ ਤਾਕਤ ਦੀ ਖ਼ਾਤਰ ਹਾਸਿਲ ਕਰਨਾ ਹੈ।" ਮੈਂ ਆਪਣੇ ਸਹਾਇਕਾਂ ਨੂੰ ਸਪੱਸ਼ਟ ਕੀਤਾ, "ਇਕ ਸਮਾਜ ਸੇਵਕ ਦੀ ਸਾਖ ਉਸ ਦੇ ਲਗਾਤਾਰ ਕੰਮ ਵਿਚ ਆਪਣੇ ਉਦੇਸ਼ ਪ੍ਰਾਪਤ ਕਰਨ ਲਈ ਰੁੱਝੇ ਰਹਿਣ ਵਿਚ ਹੈ। ਲੋਕਾਂ ਦੇ ਪੈਸੇ ਨਾਲ ਹੋਰ ਕੰਮਾਂ ਵੱਲ ਮੁੜਨਾ ਉਸ ਦੇ ਇਰਾਦਿਆਂ ਦੀ ਪ੍ਰਤਿਸ਼ਠਾ ਨੂੰ ਘਟਾਉਂਦਾ ਹੈ.....ਉਸ ਤੋਂ ਹਟਣਾ ਅਸੰਭਵ ਹੈ। ਮਨੁੱਖਤਾ ਦੇ ਕੰਮ ਵਿਚ ਬਹਾਦਰੀ ਵਿਖਾਉਣ ਦੀ ਜ਼ਰੂਰਤ ਨਹੀਂ ਹੈ। ਮੈਂ ਆਪਣੀ ਵਿਚਾਰਧਾਰਾ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕੀਤੀ ਹੈ।" ਮੈਂ ਉਹਨਾਂ ਨੂੰ ਯਕੀਨ ਦਿਵਾਇਆ, "ਸਾਡਾ ਕੰਮ ਛੇਤੀ ਹੀ ਨਾ-ਨਾਸ਼ਵਾਨ ਬਣ ਜਾਵੇਗਾ। ਲੋਕਾਂ ਦੀ ਕੁਝ ਹੋਰ ਸਾਲ ਦੀ ਮਦਦ ਕਾਇਦੇ-ਆਜ਼ਮ ਦੀ ਕਿਰਿਆਤਮਕ ਸੋਚ ਨੂੰ ਸਿਰਖ 'ਤੇ ਪਹੁੰਚਾ ਦੇਵੇਗੀ।"

ਭਾਵੇਂ ਕਿ ਮੇਰੇ ਚਲੇ ਜਾਣ ਦਾ ਨੁਕਸਾਨ ਬਹੁਤ ਹੋਇਆ, ਉਹ ਕਹਾਣੀ ਪੁਰਾਣੀ ਹੋ ਗਈ ਅਤੇ ਇਸ ਦੀ ਜਜ਼ਬਾਤੀ ਕਦਰ ਦਾ ਆਧਾਰ ਖ਼ਤਮ ਹੋ ਗਿਆ। ਮੈਂ ਆਪਣੇ ਸਾਥੀਆਂ ਨੂੰ ਕਿਹਾ, "ਇਕ ਕਦਮ ਅੱਗੇ ਅਤੇ ਦੋ ਕਦਮ ਪਿੱਛੇ ਪਾਉਣ ਦੀ ਧਾਰਨਾ ਕਦੀ ਵਿਰੋਧੀ ਨਹੀਂ। ਮੈਂ ਇਸ ਦੇ ਸਕਾਰਾਤਮਕ ਸਿੱਟਿਆਂ ਵਿਚ ਵਿਸ਼ਵਾਸ ਕਰਦਾ ਸਾਂ।" ਜਦੋਂ ਫ਼ੈਸਲ ਨੇ ਇਸ ਉੱਲਝਣ ਬਾਰੇ ਟਿੱਪਣੀ ਦਿੱਤੀ, ਇਸ

ਬਹਿਸ ਨੇ ਮੇਰੀ ਜਾਤ 'ਤੇ ਪ੍ਰਭਾਵ ਪਾਇਆ, ਮੈਂ ਇਸ ਦੀ ਵਿਆਖਿਆ ਕੀਤੀ, "ਪਰ ਇਸ ਨੇ ਮੈਨੂੰ ਮਾਣ ਅਤੇ ਜ਼ਿਆਦਾ ਵਿਸ਼ਵਾਸ ਕਰਨ ਤੋਂ ਬੰਦ ਕੀਤਾ। ਜਦੋਂ ਪਰਮਾਤਮਾ ਤੁਹਾਨੂੰ ਪਿੱਛੇ ਖਿੱਚਦਾ ਹੈ, ਤੁਸੀਂ ਇੰਨੀ ਬੁਰੀ ਤਰ੍ਹਾਂ ਡਿੱਗਦੇ ਹੋ ਕਿ ਤੁਸੀਂ ਹਰ ਚੀਜ਼ ਬਾਰੇ ਡੂੰਘੀ ਸਮਝ ਨਾਲ ਜਾਗ ਪੈਂਦੇ ਹੋ।" ਮੈਂ ਲੜਕੇ ਨੂੰ ਫਿਰ ਯਕੀਨ ਦਿਵਾਇਆ, "ਇਸ 'ਤੇ ਇਸ ਢੰਗ ਨਾਲ ਵੇਖੋ, ਜਦੋਂ ਮੈਂ ਇਨਕਾਰ ਕਰਦਾ ਸਾਂ, ਉਹ ਨਹੀਂ ਸਨ ਮੰਨਦੇ। ਜਦੋਂ ਸਿਰਫ਼ ਇਕ ਹੀ ਰਾਹ ਮਿਲਦਾ ਸੀ, ਤੁਸੀਂ ਉਹ ਲੈ ਲਿਆ..... ਇਹ ਸਭ ਤੋਂ ਚੰਗਾ ਹੈ।"

ਫ਼ੈਸਲ ਨੇ ਫ਼ੈਸਲਾ ਕੀਤਾ ਕਿ ਉਹ ਅਮਰੀਕਾ ਵਾਪਸ ਨਹੀਂ ਜਾਵੇਗਾ। ਉਹ ਫ਼ਾਊਂਡੇਸ਼ਨ ਲਈ ਆਪਣੇ ਸੁਤੰਤਰ ਉੱਦਮ ਰਾਹੀਂ ਕੰਮ ਕਰਨਾ ਚਾਹੁੰਦਾ ਸੀ ਅਤੇ ਬਿਲਕਿਅਸ ਨੂੰ ਵਿਚਾਰ ਦੇਣ ਲੱਗਾ, ਜੋ ਇਹ ਜ਼ਿਦ ਕਰ ਰਹੀ ਸੀ ਕਿ ਉਹ ਪਾਕਿਸਤਾਨ ਛੱਡ ਜਾਵੇ, "ਮੇਰੇ ਬਾਪ ਬਜ਼ੁਰਗ ਹੋ ਰਹੇ ਹਨ। ਉਸ ਦੇ ਦੁਸ਼ਮਣ ਤਾਕਤਵਰ ਹਨ। ਮੈਂ ਬਾਪ ਦੀ ਮਦਦ ਕਰਨਾ ਚਾਹੁੰਦਾ ਹਾਂ. ਜਿਸ ਤਰ੍ਹਾਂ ਵੀ ਕਰ ਸਕਾਂ।" ਮੈਂ ਉਸ ਨੂੰ ਵਲੰਟੀਅਰ ਦੇ ਤੌਰ 'ਤੇ ਭਰਤੀ ਕਰ ਲਿਆ। ਮੈਂ ਇਸ ਗੱਲ ਬਾਰੇ ਯਕੀਨ ਦਿਵਾਉਂਦਾ ਸਾਂ ਕਿ ਮੇਰੇ ਬੱਚੇ ਸਖ਼ਤ ਮਿਹਨਤ, ਈਮਾਨਦਾਰੀ ਅਤੇ ਸਾਦਗੀ ਦਾ ਸਤਿਕਾਰ ਕਰਦੇ ਹਨ; ਉਹਨਾਂ ਦੀ ਇਹ ਸਿਖਲਾਈ ਹੁਣ ਫ਼ਾਊਂਡੇਸ਼ਨ ਦੇ ਕੰਮ ਆਏਗੀ। ਫ਼ੈਸਲ ਬਹੁਤ ਚੰਗੀ ਤਰ੍ਹਾਂ ਐਮਰਜੈਂਸੀ ਦੇ ਕੰਮ ਵਿਚ ਰੁੱਝਾ ਹੋਇਆ ਸੀ ਅਤੇ ਮੈਨੂੰ ਇਹ ਸੁਣ ਕੇ ਖ਼ੁਸ਼ੀ ਹੋਈ ਕਿ ਉਸ ਨੇ ਗਲੀ ਵਿਚੋਂ ਮਰ ਰਹੇ ਖੋਤੇ ਨੂੰ ਇਕ ਤੰਗ ਗਲੀ ਵਿਚੋਂ ਡਰਾਈਵਰ ਨਾਲ ਮਿਲ ਕੇ ਵੈਨ ਵਿਚ ਸੁੱਟ ਲਿਆ ਸੀ, ਭਾਵੇਂ ਕਿ ਉਥੇ ਰਹਿਣ ਵਾਲੇ ਲੋਕਾਂ ਵੱਲੋਂ ਉਸ ਨੂੰ ਕੋਈ ਮਦਦ ਨਹੀਂ ਸੀ ਮਿਲੀ।

ਮੈਂ ਆਪਣੀ ਨਿਰਾਸ਼ ਪਤਨੀ ਨੂੰ ਹੌਂਸਲਾ ਦਿੱਤਾ, "ਜੇ ਉਹ ਇਕ ਵਲੰਟੀਅਰ ਦੇ ਤੌਰ 'ਤੇ ਕੰਮ ਕਰਨਾ ਚਾਹੁੰਦਾ ਹੈ ਅਤੇ ਇਨਸਾਨੀਅਤ ਨੂੰ ਇਕ ਪੇਸ਼ੇ ਦੇ ਤੌਰ 'ਤੇ ਚੁਣਦਾ ਹੈ ਤਾਂ ਇਹ ਉਸ ਲਈ ਚੰਗਾ ਹੈ। ਸ਼ਾਇਦ ਇਹ ਖ਼ਿਆਲ ਉਸ ਲਈ ਮਹੱਤਵਪੂਰਨ ਤਾਕਤ ਰੱਖਦਾ ਹੋਵੇ।" ਪਰ ਬਿਲਕਿਅਸ ਅਤੇ ਫ਼ੈਸਲ ਇਸ ਮੁੱਦੇ 'ਤੇ ਹਮੇਸ਼ਾ ਲੜਦੇ ਰਹਿੰਦੇ ਸਨ, ਉਹ ਕਈ ਵਾਰ ਆਪਣਾ ਸਲੀਪਰ ਉਸ 'ਤੇ ਸੁੱਟ ਦਿੰਦੀ ਸੀ, ਪਰ ਉਹ ਹਮੇਸ਼ਾ ਹੱਸਦਾ ਹੋਇਆ ਇਸ ਤੋਂ ਬਚ ਜਾਂਦਾ ਸੀ, "ਅੰਮਾ, ਤੁਸੀਂ ਮਾੜੇ ਨਿਸ਼ਾਨੇਬਾਜ਼ ਹੋ, ਇੰਨਾਂ ਤਾਂ ਮੈਂ ਬੱਚਾ ਹੁੰਦੇ ਹੀ ਸਿੱਖ ਗਿਆ ਸਾਂ।" ਫਿਰ ਉਹ ਉਸ ਦੇ ਪਿੱਛੇ ਹੱਥ ਵਿਚ ਸਲੀਪਰ ਲੈ ਕੇ ਕਈ ਵਾਰ ਘਰ ਵਿਚ ਅਤੇ ਕਈ ਵਾਰ ਉਸ ਮੁਹੱਲੇ ਵਿਚ ਉਂਨਾਂ ਚਿਰ ਭੱਜਦੀ ਜਿੰਨਾਂ ਚਿਰ ਉਹ ਬਚ ਕੇ ਭੱਜ ਜਾਂਦਾ।

ਉਹ ਉਸ ਦੇ ਫ਼ੈਸਲੇ ਸੰਬੰਧੀ ਮੈਨੂੰ ਕੋਸਦੀ, "ਉਹ ਅਜੇ ਜਵਾਨ ਹੈ ਅਤੇ ਤੁਹਾਡਾ ਕੰਮ ਖ਼ਤਰਨਾਕ ਹੈ। ਤੁਹਾਨੂੰ ਉਸ ਨੂੰ ਇਸ ਵਿਚ ਪਾਉਣ ਤੋਂ ਰੋਕਣਾ ਚਾਹੀਦਾ ਹੈ।" ਮੈਂ ਉਸ ਨੂੰ ਹੌਸਲਾ ਦਿੰਦਾ ਅਤੇ ਜਦ ਉਹ ਜ਼ਿਦ ਕਰਦੀ ਰਹਿੰਦੀ

ਤਾਂ ਮੈਂ ਉਸ ਨੂੰ ਝਿੜਕਦਾ, "ਬਿਲਕਿਅਸ, ਉਹ ਜੋ ਕਰਦਾ ਹੈ, ਕਰੀ ਜਾਣ ਦਿਉ। ਕਿਉਂਕਿ ਤੁਸੀਂ ਇਕ ਬਾਲਗ ਨੂੰ ਇਕ ਬਹੁਤ ਛੋਟੇ ਬੱਚੇ ਦੀ ਤਰ੍ਹਾਂ ਸੁਰੱਖਿਅਤ ਨਹੀਂ ਰੱਖ ਸਕਦੇ।" ਪਰ ਉਹ ਇਸ ਖ਼ਿਆਲ ਨਾਲ ਸਹਿਮਤ ਹੋਣ ਤੋਂ ਇਨਕਾਰ ਕਰਦੀ ਸੀ।

ਫ਼ੈਸਲ ਆਪਣੀ ਮਾਂ ਵਾਂਗ ਸੀ ਅਤੇ ਉਸ ਨਾਲ ਇੰਨੀ ਨਰਮੀ ਨਾਲ ਪੇਸ਼ ਆਉਂਦਾ, ਜਿਸ ਤਰ੍ਹਾਂ ਉਹ ਮੇਰੇ ਨਾਲ ਕਰਦੀ ਸੀ। ਉਹ ਉਸ ਨੂੰ ਯਾਦ ਕਰਵਾਉਂਦਾ, "ਤੁਸੀਂ ਹਰ ਵਕਤ ਆਪਣਾ ਗੁੱਸਾ ਸਾਡੇ 'ਤੇ ਕੱਢਦੇ ਰਹਿੰਦੇ ਹੋ। ਉਹ ਸਬਰ ਜੋ ਤੁਹਾਡੇ ਕੋਲ ਸਬਜ਼ੀ ਮੰਡੀ ਅਤੇ ਮਾਨਸਿਕ ਰੋਗੀਆਂ ਦੇ ਕੇਂਦਰ 'ਤੇ ਹੁੰਦਾ ਹੈ, ਉਹ ਘਰ ਆ ਕੇ ਗਵਾਚ ਜਾਂਦਾ ਹੈ। ਹੁਣ ਇਹ ਤੁਹਾਡੇ ਲਈ ਹਾਨੀਕਾਰਕ ਹੈ, ਕਿਉਂ ਜੋ ਤੁਸੀਂ ਹਾਈ ਬਲੱਡ ਪ੍ਰੈਸ਼ਰ ਨਾਲ ਵੀ ਪੀੜਿਤ ਹੋ।" ਮੈਨੂੰ ਜਦ ਉਹ ਫ਼ੈਸਲ ਨਾਲ ਹੋਈਆਂ ਗੱਲਾਂ ਸੁਣਾਉਂਦੀ ਤਾਂ ਮੈਂ ਬਹੁਤ ਖ਼ੁਸ਼ ਹੁੰਦਾ ਅਤੇ ਉਸ ਨੂੰ ਇਸ਼ਾਰਾ ਕਰਦਾ, "ਬਿਲਕਿਅਸ, ਉਹ ਤੇਰੇ ਗੰਭੀਰ ਹੋਣ ਦੇ ਸਾਹਮਣੇ ਤੇਰੇ ਨਾਲ ਮਖ਼ੌਲ ਨਾਲ ਗੱਲ ਕਰਦਾ ਹੈ। ਹੁਣ ਤੈਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਤੇਰੇ ਨਾਲ ਮਿਲ ਕੇ ਚੱਲਣਾ ਮੇਰੇ ਲਈ ਕਿੰਨਾ ਮੁਸ਼ਕਲ ਸੀ ?" ਬਿਲਕਿਅਸ, ਫ਼ੈਸਲ ਨੂੰ ਭੁੱਲ ਜਾਂਦੀ ਅਤੇ ਆਪਣੀ ਸਫ਼ਾਈ ਦੇਣ ਲੱਗ ਪੈਂਦੀ, "ਕਿਸੇ ਹੋਰ ਢੰਗ ਨਾਲ ਮਰਨ ਲਈ ਜ਼ਿੰਦਗੀ ਬਹੁਤ ਲੰਮਾ ਇੰਤਜ਼ਾਰ ਕਰਾਉਂਦੀ ਹੈ।" ਮੈਨੂੰ ਆਪਣੇ ਲੜਕੇ ਦੇ ਬਚਾਅ ਵਿਚ ਗੱਲ ਕਰਨ ਦਾ ਮੌਕਾ ਮਿਲ ਜਾਂਦਾ ਅਤੇ ਮੈਂ ਉਸ ਨੂੰ ਉਸ ਦੇ ਸ਼ਬਦਾਂ ਵਿਚ ਘੇਰ ਲੈਂਦਾ, "ਫ਼ੈਸਲ ਵੀ ਆਪਣੀ ਜ਼ਿੰਦਗੀ ਆਸਾਨ ਬਣਾ ਰਿਹਾ ਹੈ।"

ਪਾਕਿਸਤਾਨ ਵਿਚ ਹਰ ਨਵੇਂ ਉਭਰਦੇ ਹੋਏ ਲੀਡਰ ਕੋਲ ਮੈਂ ਇਹ ਦੁਹਰਾਉਂਦਾ, "ਸਰਕਾਰ ਦੀ ਸਫਲਤਾ ਦਾ ਇਕ ਹੀ ਰਾਹ ਹੈ, ਉਹ ਹੈ ਸਾਂਝੀ ਭਲਾਈ ਪ੍ਰਣਾਲੀ। ਇਕ ਦੂਜੇ ਦਾ ਹਿੱਸਾ ਵੰਡਾਓ ਅਤੇ ਜਿੰਦਾ ਰਹੋ, ਨਹੀਂ ਤਾਂ ਲੋਕ ਜ਼ੋਰ ਦਾ ਝਟਕਾ ਲਾਉਣਗੇ। ਉਹ ਉਠਣਗੇ ਅਤੇ ਬਹੁ-ਸੰਮਤੀ ਦੇ ਨਾਂ 'ਤੇ ਖ਼ੂਨੀ ਇਨਕਲਾਬ ਪੈਦਾ ਕਰ ਦੇਣਗੇ, ਪਰ ਭਾਵੇਂ ਕਿ ਤੁਸੀਂ ਬਹੁ-ਸੰਮਤੀ ਦਾ ਕੋਈ ਮੁੱਲ ਨਹੀਂ ਪਾਉਂਦੇ ਅਤੇ ਉਸ ਨੂੰ ਪਰੇ ਧੱਕ ਦਿੰਦੇ ਹੋ ਅਤੇ ਇਹ ਵਿਖਾਉਂਦੇ ਹੋ ਕਿ ਉਹ ਚੁੱਪ ਹਨ। ਜਦੋਂ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਡਾ ਨੌਕਰ ਤੁਹਾਡਾ ਘਰ ਲੁੱਟ ਰਿਹਾ ਹੋਵੇ, ਕੀ ਤੁਸੀਂ ਉਸ ਨੂੰ ਕੋੜੇ ਮਾਰ ਕੇ ਬਾਹਰ ਨਹੀਂ ਕੱਢੋਗੇ ? ਲੋਕ ਵੀ ਇਹੋ ਕੁਝ ਕਰਨਗੇ।" ਕਿਸੇ ਕੋਲ ਵੀ ਇਹ ਦੂਰ-ਅੰਦੇਸ਼ੀ ਨਹੀਂ ਕਿ ਉਹ ਇਹ ਧਿਆਨ ਦੇਵੇ ਅਤੇ ਆਪ ਹੀ ਇਸ ਨੂੰ ਅਪਨਾ ਲਵੇ।

ਮੈਂ ਫਾਸ਼ਿਸਟ ਤਰੀਕਿਆਂ ਦਾ ਪ੍ਰਚਾਰ ਨਹੀਂ ਕਰਦਾ ਅਤੇ ਇਕ ਮਹੱਤਵਪੂਰਨ ਅਫ਼ਸਰ ਨੂੰ ਸਲਾਹ ਦਿੱਤੀ, "ਅਸੀਂ ਉਹਨਾਂ ਨੂੰ ਨਾ ਫੜਦੇ ਹਾਂ, ਨਾ ਹੀ ਉਹਨਾਂ ਨੂੰ ਮੌਤ ਦਿੰਦੇ ਹਾਂ। ਅਸੀਂ ਪ੍ਰਣਾਲੀ ਨੂੰ ਇਕ ਚੰਗੇ ਤਰੀਕੇ ਨਾਲ ਬਦਲ ਦੇਵਾਂਗੇ ਤਾਂ ਕਿ

ਇਹ ਬਗੈਰ ਕਿਸੇ ਗੜਬੜ ਦੇ ਪੁਰਾਣੇ ਦੀ ਜਗ੍ਹਾ ਲੈ ਲਵੇ। ਅਮਨ ਨਾਲ ਤਬਦੀਲੀ ਲਿਆਉਣ ਲਈ ਮੈਨੂੰ ਹੋਰ ਕੋਈ ਤਰੀਕਾ ਨਜ਼ਰ ਨਹੀਂ ਆਉਂਦਾ।" ਮੈਂ ਕਈ ਵਿਦੇਸ਼ੀ ਜਰਨਲਿਸਟਾਂ ਨੂੰ ਸਲਾਹ ਦਿੱਤੀ, "ਭਾਵੇਂ ਮੇਰੇ ਖ਼ਿਆਲ ਸਮਾਜ ਨਾਲ ਸੰਬੰਧਿਤ ਸਾਰੇ ਪੱਖਾਂ ਨੂੰ ਨਹੀਂ ਲੈ ਸਕਦੇ ਅਤੇ ਇਕ ਲਾਭਦਾਇਕ ਵਿਚਾਰਧਾਰਾ ਨੂੰ ਉਦਾਰਵਾਦੀ ਅਤੇ ਚੰਗੀ ਪ੍ਰਣਾਲੀ ਲਈ, ਉਹਨਾਂ ਦਾ ਅਧਿਐਨ ਕਰਨਾ ਚਾਹੀਦਾ, ਕਿਸੇ ਸੰਸਥਾ ਵਿਚ ਸ਼ਾਮਿਲ ਕਰਨਾ ਚਾਹੀਦਾ ਅਤੇ ਲਾਗੂ ਕਰਨੇ ਚਾਹੀਦੇ ਹਨ।" ਮੈਂ ਇਕ ਪੜ੍ਹੇ ਲਿਖੇ ਵਿਦਵਾਨ ਨੂੰ ਮੇਰੇ ਫ਼ਾਰਮੂਲੇ 'ਤੇ ਕੰਮ ਕਰਨ ਲਈ ਕਿਹਾ, "ਲੋਕਾਂ ਨੇ ਸਿਆਸਤ ਅਤੇ ਧਰਮਾਂ ਵਿਚ ਵਿਕਾਸ ਨੂੰ ਬੜੀ ਸਾਵਧਾਨੀ ਨਾਲ ਦੇਖਿਆ ਹੈ, ਦੋਵਾਂ ਦਾ ਹਰ ਤਰ੍ਹਾਂ ਅਤੇ ਸਭ ਤਰ੍ਹਾਂ ਨਾਲ ਸ਼ੋਸ਼ਣ ਕੀਤਾ ਗਿਆ ਹੈ। ਨਿਯਮਾਂ ਦੇ ਹਰ ਢੰਗ ਵਿਖਾਏ ਗਏ ਹਨ। ਕੀ ਇਹ ਸਮਾਂ ਨਹੀਂ ਕਿ ਇਨਸਾਨੀਅਤ ਦੀ ਪ੍ਰਣਾਲੀ ਨੂੰ ਸਾਰੀ ਦੁਨੀਆਂ ਨੂੰ ਠੀਕ ਕਰਨ ਦੇ ਢੰਗ ਨਾਲ ਦੇਖਿਆ ਜਾਵੇ ?" ਮੇਰੇ ਲਈ ਇਹ ਹਮੇਸ਼ਾ ਇਕ ਤਰਫ਼ਾ ਰਸਤਾ ਰਿਹਾ ਸੀ। ਹਰ ਧਰਮ ਅਤੇ ਪ੍ਰਣਾਲੀ ਇਸ ਦੁਨੀਆਂ ਵਿਚ ਲੋਕ ਭਲਾਈ ਦੀਆਂ ਨੀਤੀਆਂ ਲੈ ਕੇ ਅੱਗੇ ਆਉਂਦੇ ਰਹੇ ਸਨ ਅਤੇ ਫਿਰ ਵੀ ਹਜ਼ਾਰਾਂ ਸਾਲਾਂ ਵਿਚ ਸੰਸਾਰ ਦੀ ਵਿਚਾਰਧਾਰਾ ਵਿਚ ਥੋੜ੍ਹੀ ਜਿਹੀ ਉੱਨਤੀ ਵੇਖੀ ਜਾਂਦੀ ਸੀ। ਬਗੈਰ ਕਿਸੇ ਸ਼ੱਕ ਦੇ ਇਹ ਨਾਅਰਾ ਲੋਕਾਂ ਦੇ ਦਿਲਾਂ ਦੇ ਸਭ ਤੋਂ ਜ਼ਿਆਦਾ ਨੇੜੇ ਸੀ।

ਸਰਕਾਰ ਆਪਣੀਆਂ ਬੇਵਕੂਫ਼ੀਆਂ ਵਿਚ ਰੁੱਝੀ ਰਹੀ ਅਤੇ ਮੈਂ ਇਕ ਅਖ਼ੀਰ ਤਕ ਚੱਲਣ ਵਾਲੀ ਪ੍ਰਣਾਲੀ ਪੈਦਾ ਕਰਨ ਵਿਚ ਜਿਹੜੀ ਸਾਂਝੀ ਸਮਾਜਿਕ ਭਲਾਈ ਜੋ 'ਆਪਣੀ ਮਦਦ ਆਪ' 'ਤੇ ਆਧਾਰਿਤ ਹੋਵੇ। ਕਿਸੇ ਦਿਨ ਸਰਕਾਰ ਇਸ ਦੀ ਲੋੜ ਦਾ ਖ਼ਿਆਲ ਕਰੇਗੀ ਅਤੇ ਆਪਣੇ ਨਾ ਪਾਏ ਜਾਣ ਵਾਲੇ ਯੋਗਦਾਨ ਕਰਕੇ ਸ਼ਰਮਿੰਦਾ ਹੋਵੇਗੀ ਅਤੇ ਲੋਕ ਸੇਵਾ ਵੱਲ ਮੁੜੇਗੀ। ਸਿਰਫ਼ ਉਦੋਂ ਹੀ ਇਹ ਰਾਜਨੀਤਕ ਤੌਰ 'ਤੇ ਜਾਗ੍ਰਿਤ ਹੋਵੇਗੀ, ਉਦੋਂ ਤਕ ਹੀ ਮੈਂ ਸਿਆਸਤ ਵਿਚ ਸੀ, ਜਦੋਂ ਕਿ ਉਹ ਸਿਰਫ਼ ਇਸ ਨਾਲ ਖੇਡ ਰਹੇ ਸਨ।

ਧਾਰਮਿਕ ਲੀਡਰ ਅੱਜ ਕੱਲ ਲਾਊਡ ਸਪੀਕਰਾਂ 'ਤੇ ਫ਼ਲਾਸਫ਼ੀ ਬਾਰੇ ਬੋਲਦੇ ਸਨ। ਭਾਵੇਂ ਕਿ ਮੁੱਖ ਤੌਰ 'ਤੇ ਉਹ ਪਸ਼ੂਆਂ ਦੀਆਂ ਖੱਲਾਂ ਦੇ ਲਾਭਦਾਇਕ ਵਪਾਰ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਮੈਂ ਉਹਨਾਂ ਦੀ ਪ੍ਰਸਿੱਧੀ ਪ੍ਰਾਪਤ ਕਰ ਸਕਣ ਵਾਲੇ ਸ਼ਬਦਾਂ ਦੇ ਗਤੀ ਫੜਨ ਨਾਲ ਜ਼ਿਆਦਾ ਸੰਬੰਧਿਤ ਸਾਂ। ਉਸ ਤੋਂ ਬਾਅਦ ਉਹਨਾਂ ਨੂੰ ਚੱਲਣ ਵਾਲੇ ਨੈੱਟਵਰਕ ਦੀ ਲੋੜ ਸੀ, "ਕਿਹੜਾ ਇਹਨਾਂ ਨੂੰ ਲਾਗੂ ਕਰਨ ਲਈ 50 ਸਾਲ ਦੇਵੇਗਾ ਅਤੇ ਕੌਣ ਉਡੀਕੇਗਾ ? ਮੇਰੇ 50 ਸਾਲ ਇਸ ਵਿਚ ਲੱਗੇ ਹਨ, ਮੈਂ ਹੁਣ ਇਸ ਨੂੰ ਪ੍ਰਦਾਨ ਕਰਨ ਲਈ ਤਿਆਰ ਹੋਇਆ ਹਾਂ।" ਜਿੰਨਾਂ ਕਿ ਇਹ ਸਮਾਂ ਸਿੱਟੇ ਪ੍ਰਾਪਤ ਕਰਨ ਦਾ ਸੀ, ਉੱਨਾਂ ਹੀ ਇਹ ਉਸ ਜਮਾਤ ਦੀ ਆਲੋਚਨਾ ਕਰਨ ਦਾ ਵੀ ਸਮਾਂ ਸੀ, ਜਿਸ ਨੇ ਸਾਨੂੰ ਇਹ ਕੁਝ ਕਰਨ ਦੀ ਸੁਤੰਤਰਤਾ ਨਹੀਂ ਦਿੱਤੀ।

ਮੈਂ ਵਿਦਿਆਰਥੀਆਂ ਦੇ ਇਕੱਠ ਵਿਚ ਕਿਹਾ, "ਇਰਾਨ ਨੂੰ ਇਕ ਸ਼ੀਆ ਦੇਸ਼ ਹੋਣ ਦਾ ਲਾਭ ਸੀ, ਪਾਕਿਸਤਾਨ ਦੇ ਮੁਸਲਮਾਨ ਸੈਂਕੜੇ ਫ਼ਿਰਕਿਆਂ ਵਿਚ ਵੰਡੇ ਹੋਏ ਹਨ। ਉਹ ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ *ਹਰਾਮ* ਕੀ ਹੈ ਅਤੇ *ਹਲਾਲ* ਕੀ ਹੈ। ਅਸੀਂ ਆਪਣਾ ਸਨਮਾਨ ਉਂਨਾਂ ਚਿਰ ਨਹੀਂ ਵਧਾ ਸਕਦੇ, ਜਿੰਨਾਂ ਚਿਰ ਸਾਡੇ ਕੋਲ ਡੀ ਗਾਉਲੇ ਵਰਗਾ ਲੀਡਰ ਨਹੀਂ, ਫ਼ਰਾਂਸ ਵਰਗਾ ਇਨਕਲਾਬ ਨਹੀਂ। ਭਾਵੇਂ ਕਿ ਵੱਡੀ ਤਬਦੀਲੀ ਸਾਡੀ ਲੋੜ ਹੈ.....ਨਾ ਸਿਰਫ਼ ਇਕ ਫ਼ੀਸਦੀ ਦੀ, ਸਗੋਂ 100 ਫ਼ੀਸਦੀ ਦੀ।"

ਮੈਂ ਕਈ ਸਿਆਸਤਦਾਨਾਂ ਨੂੰ ਚਿਤਾਵਨੀ ਦਿੱਤੀ, "ਸਰਕਾਰ ਕੋਲ ਅੱਜ ਤਾਕਤ ਹੈ ਅਤੇ ਅੱਜ ਉਸ ਦੇ ਅਧੀਨ ਉਸ ਦਾ ਹੁਕਮ ਚੱਲਦਾ ਹੈ। ਸਾਰਾ ਹੀ ਪ੍ਰਬੰਧ ਬੇਆਸਰਾ ਬਣ ਜਾਂਦਾ ਹੈ, ਜਦੋਂ ਕਿ ਕਾਨੂੰਨ ਅਤੇ ਪ੍ਰਬੰਧਾਂ ਨੂੰ ਲੋਕਾਂ ਦੀ ਤਾਕਤ ਨਾਲ ਬਦਲਿਆ ਜਾਵੇ। ਇਹੋ ਗੱਲ ਹੈ ਕਿ ਉਹ ਸਾਨੂੰ ਵੱਖਰਾ-ਵੱਖਰਾ ਰੱਖਦੇ ਹਨ। ਪ੍ਰਬੰਧ ਦਾ ਕੰਮ ਹੈ ਕਿ ਸਾਡੀ ਏਕਤਾ ਨੂੰ ਤੋੜ ਕੇ ਰੱਖੇ ਤਾਂ ਕਿ ਅਸੀਂ ਕਦੀ ਵੀ ਇੰਨੇ ਤਾਕਤਵਰ ਨਾ ਬਣ ਜਾਈਏ ਕਿ ਲੀਡਰਸ਼ਿਪ ਦੀਆਂ ਖੇਡਾਂ ਨੂੰ ਤੋੜ ਸਕੀਏ।.....ਪਰ ਇਹ ਹਮੇਸ਼ਾ ਥੋੜ੍ਹੇ ਸਮੇਂ ਦੀ ਪ੍ਰਾਪਤੀ ਹੁੰਦੀ ਹੈ। ਹਰ ਦੇਸ਼, ਹਰ ਵਿਅਕਤੀ ਅਤੇ ਹਰ ਧਰਮ ਦੇ ਸ਼ੁਰੂ ਦੇ ਚੱਕਰਾਂ ਵਿਚ ਇਨਸਾਫ਼ ਲਈ ਏਕਤਾ ਇਕ ਜ਼ਰੂਰਤ ਹੁੰਦੀ ਹੈ। ਇਸ ਤੋਂ ਪਹਿਲਾਂ ਬੁਰਾਈ ਪੈਦਾ ਹੋ ਜਾਵੇਗੀ ਅਤੇ ਇਸ ਦੇ ਪ੍ਰਭਾਵ ਆਮ ਮਹਿਸੂਸ ਹੋਣਗੇ, ਇਸ ਦੇ ਖ਼ਿਲਾਫ਼ ਬਗਾਵਤ ਨੂੰ ਕੋਈ ਦਿਸ਼ਾ ਲੱਭਣੀ ਪਵੇਗੀ। ਇਸ ਦੇ ਲਈ ਸਮਾਂ ਆਵੇਗਾ, ਇਹ ਆਉਣਾ ਚਾਹੀਦਾ ਹੈ, ਨਹੀਂ ਤਾਂ ਇਸ ਦੇ ਬਹੁਤ ਭਿਆਨਕ ਸਿੱਟੇ ਸਾਰੇ ਸੰਸਾਰ ਵਿਚ ਫੈਲ ਜਾਣਗੇ। ਸੰਸਾਰ ਅਮਨ ਦਾ ਅਰਥ ਹੈ ਕਿ ਸਭ ਦੇਸ਼ ਲੋਕ ਭਲਾਈ ਪ੍ਰਣਾਲੀ ਸਥਾਪਿਤ ਕਰ ਲੈਣ।"

ਪ੍ਰੈੱਸ ਕਲੱਬ ਵਿਚ ਮੈਂ ਘੋਸ਼ਣਾ ਕੀਤੀ, "ਕਲਿਆਣ 21ਵੀਂ ਸਦੀ ਦੀ ਵਿਚਾਰਧਾਰਾ ਹੈ। ਇਸ ਦੇ ਲਾਗੂ ਕਰਨ ਦੀ ਦੇਰੀ ਨਾਲ ਇਨਕਲਾਬ ਦੇ ਪੁਰਾਣੇ ਢੰਗ ਮੁੜ ਸੁਰਜੀਤ ਹੋ ਜਾਣਗੇ। ਫਾਸ਼ਿਸ਼ਟ, ਕੱਟੜਵਾਦੀ ਅਤੇ ਆਪਣੀ ਆਪਣੀ ਦਿਲਚਸਪੀ ਰੱਖਣ ਵਾਲੇ ਛੋਟੇ ਛੋਟੇ ਗਰੁੱਪ, ਇਕ ਸੰਸਾਰ ਜੰਗ ਪੈਦਾ ਕਰ ਦੇਣਗੇ ਜੋ ਕਿ ਬੇਨਿਯਮੀ ਤੋਂ ਪੈਦਾ ਹੋਵੇਗੀ। ਹੋਰ ਪ੍ਰਣਾਲੀਆਂ ਦੀਆਂ ਕੋਸ਼ਿਸ਼ਾਂ ਅਤੇ ਉਹਨਾਂ ਦੇ ਫ਼ੇਲ੍ਹ ਹੋਣ ਤੋਂ ਬਾਅਦ, ਕਲਿਆਣ ਹੀ ਇਕ ਚੱਲਣ ਯੋਗ ਕੰਮ ਰਹਿ ਜਾਵੇਗਾ। ਕਤਲੇਆਮ ਤੋਂ ਪਹਿਲਾਂ ਇਸ ਨੂੰ ਅਪਣਾ ਲਉ। ਯੂ.ਐੱਨ.ਓ. ਨੂੰ ਇਹ ਹਿਦਾਇਤ ਕਰਨੀ ਚਾਹੀਦੀ ਹੈ ਕਿ ਇਸ ਨੂੰ ਅਪਣਾ ਲਿਆ ਜਾਵੇ ਜਾਂ ਉਹ ਵੀ ਸਾਡੇ ਨਾਲ ਹੀ ਫ਼ੇਲ੍ਹ ਹੋ ਜਾਣਗੇ।"

ਮੈਂ ਉਧਾਰਵਾਦੀ ਬੁੱਧੀਜੀਵੀਆਂ ਦੇ ਇਕ ਗਰੁੱਪ ਨੂੰ ਸਲਾਹ ਦਿੱਤੀ ਅਤੇ ਉਹਨਾਂ ਨੂੰ ਇਸ ਨਾਲ ਸੰਬੰਧਿਤ ਲਿਖਣ ਲਈ ਕਿਹਾ : "ਸੰਸਾਰ ਦੇ ਲੀਡਰਾਂ ਨੂੰ ਇਸ

ਵਿਚਾਰਧਾਰਾ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ। ਜੇ ਇਹ ਠੀਕ ਹਨ ਤਾਂ ਇਸ ਦੇ ਉਹਨਾਂ ਦੇਸ਼ਾਂ ਨੂੰ, ਜਿਨ੍ਹਾਂ ਦੀ ਉਹ ਪ੍ਰਤਿਨਿਧਤਾ ਕਰਦੇ ਹਨ, ਉਹਨਾਂ ਲਈ ਲਾਭ ਲੈਣ ਤੋਂ ਰੋਕਣਾ ਮੁਸ਼ਕਲ ਹੋਵੇਗਾ। ਜੇ ਉਹ ਉਹਨਾਂ ਜ਼ਰੂਰੀ ਮੁੱਦਿਆਂ ਨੂੰ ਜਲਦੀ ਹੱਥ ਵਿਚ ਲੈਣ ਤੋਂ ਅਸਫਲ ਹੋ ਗਏ ਤਾਂ ਉਹਨਾਂ ਖ਼ਿਲਾਫ਼ ਹਰ ਤਰ੍ਹਾਂ ਦੇ ਢੰਗ ਅਤੇ ਧਾਰਮਿਕ ਵਿਸ਼ਵਾਸ ਦਾ ਕੱਟੜਵਾਦ ਉੱਠ ਖੜਾ ਹੋਵੇਗਾ।" ਹਰ ਕਿਸੇ ਨੂੰ ਮੈਂ ਸੁਣਦਾ ਹੋਇਆਂ ਮਹਿਸੂਸ ਕੀਤਾ, ਮੈਂ ਐਲਾਨ ਕੀਤਾ, "ਤੁਸੀਂ ਇਸ ਨੂੰ ਜੋ ਮਰਜ਼ੀ ਕਹੋ, ਇਸਲਾਮ ਦੀ ਪ੍ਰਣਾਲੀ ਇਕ ਕਲਿਆਣਕਾਰੀ ਪ੍ਰਣਾਲੀ ਹੈ। ਇਹ ਇਸਲਾਮ ਦਾ ਦਿਲ ਹੈ ਅਤੇ ਨਾਲ ਹੀ ਹਰ ਧਰਮ ਦਾ ਆਧਾਰ ਹੈ ਅਤੇ ਸੰਸਾਰ ਦੇ ਅਮਨ ਦਾ ਇਹ ਇਕ ਹੀ ਜਵਾਬ ਹੈ।"

ਮੇਰੇ ਬਾਰੇ ਵੱਖਰੀ ਵੱਖਰੀ ਰਾਏ ਲਗਾਤਾਰ ਫੈਲਦੀ ਰਹੀ। ਮੈਂ ਆਪਣੀ ਬੇਇਜ਼ਤੀ ਨੂੰ ਆਪਣੇ ਦਿਲ ਵਿਚ ਦਬਾ ਲਿਆ ਸੀ ਅਤੇ ਉਸ ਨੂੰ ਸੁਰੱਖਿਅਤ ਰੱਖ ਲਿਆ ਸੀ। ਇਹਨਾਂ ਬਾਰੇ ਮੈਂ ਕਈ ਵਾਰ ਬਿਲਕਿਅਸ ਨਾਲ ਹੱਸਦਾ, "ਮੈਨੂੰ ਹੈਰਾਨੀ ਹੈ ਕਿ ਲੋਕ ਕੀ ਵਿਸ਼ਵਾਸ ਕਰਦੇ ਹਨ ? ਜਦੋਂ ਮੈਂ ਬੰਟਵਾ ਵਿਚ ਸਾਂ ਤਾਂ ਮੈਨੂੰ ਛੋਟੇ ਹੁੰਦੇ ਨੂੰ *ਸ਼ੇਖ਼ ਚਿੱਲੀ*, ਅਤੇ ਦਿਨੇ ਸੁਪਨੇ ਵੇਖਣ ਵਾਲਾ ਕਹਿੰਦੇ ਸਨ। ਇਸ ਤੋਂ ਬਾਅਦ ਬੇਵਕੂਫ਼, ਕਮਿਊਨਿਸਟ, ਫਰਾਡ, ਨਰਮ ਅੰਗਾਂ ਦਾ ਵਪਾਰੀ, ਇਸਰਾਈਲ ਦਾ ਏਜੰਟ, ਭਾਰਤ ਦਾ ਜਸੂਸ ਅਤੇ ਇਹ ਤਾਂ ਸਿਰਫ਼ ਕੁਝ ਹੀ ਨਾਂ ਹਨ। ਬਿਲਕਿਅਸ, ਤੂੰ ਇਹਨਾਂ ਸਭਨਾਂ ਬਾਰੇ ਕੀ ਸੋਚਦੀ ਹੈਂ ?" ਉਸਨੇ ਕੁਝ ਚਿਰ ਸੋਚਿਆ, "ਉਹ ਇਕ ਅਸਲ ਨੂੰ ਭੁੱਲ ਗਏ ਸਨ, ਦੁਨੀਆਂ ਦਾ ਸਭ ਤੋਂ ਵੱਡਾ ਕੰਜੂਸ।" ਮੈਂ ਜ਼ਿਆਦਾ ਤੋਂ ਜ਼ਿਆਦਾ ਜਾਤੀ ਬੇਇਜ਼ਤੀ ਦੀ ਪਰਵਾਹ ਨਹੀਂ ਕਰਦਾ ਅਤੇ ਇਸ ਨੂੰ ਅਣਗੌਲਿਆਂ ਕਰ ਦਿੰਦਾ। ਜਦੋਂ ਇਹਨਾਂ ਇਲਜ਼ਾਮਾਂ ਨੂੰ ਮੈਂ ਆਪਣੇ ਕੰਮ ਲਈ ਨੁਕਸਾਨਦੇਹ ਸਮਝਦਾ, ਮੈਂ ਸਿੱਧਾ ਹੋ ਜਾਂਦਾ ਅਤੇ ਫ਼ਾਊਂਡੇਸ਼ਨ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਅ ਲੈਂਦਾ। ਮੈਂ ਸ਼ੇਰ ਦੀ ਤਰ੍ਹਾਂ ਉਹਨਾਂ ਨੂੰ ਸੁਰੱਖਿਅਤ ਰੱਖਦਾ।

ਜਦੋਂ ਫ਼ਿਰਕਿਆਂ ਦੇ ਦੰਗੇ ਹੁੰਦੇ ਤਾਂ ਮੈਂ ਗਰਜਦਾ, "*ਪੀਰ, ਫ਼ਕੀਰ* ਅਤੇ ਤੰਗ ਦਿਮਾਗ ਧਾਰਮਿਕ ਲੀਡਰ ਸਾਨੂੰ ਇਕ ਪਰਮਾਤਮਾ ਨੂੰ ਨਹੀਂ ਵੇਖਣ ਦੇਣਗੇ। ਸੈਂਕੜੇ ਹੀ ਫ਼ਿਰਕੇ ਆਪਣੇ ਆਪ ਨੂੰ ਅਸਾਧਾਰਣ ਸਮਝ ਕੇ ਹਾਰਿਆ ਹੋਇਆ ਸਮਝਦੇ ਹਨ, ਹਰ ਕੋਈ ਦੂਸਰੇ ਪ੍ਰਮਾਤਮਾ ਨਾਲ ਕੋਈ ਵੀ ਸੰਬੰਧ ਰੱਖਣਾ ਅਸਵੀਕਾਰ ਕਰਦਾ ਹੈ ਅਤੇ ਆਪਣੇ ਆਪ ਨੂੰ ਕਾਲਾਸ਼ਨੀਕਵੇਜ਼ ਦੇ ਨੇੜੇ ਰਹਿ ਕੇ ਸੁਰੱਖਿਅਤ ਸਮਝਦਾ ਹੈ। .....ਫਿਰ ਵੀ ਉਹ ਉਸ ਨੂੰ ਅੱਲ੍ਹਾ ਕਹਿੰਦੇ ਹਨ। ਹਿੱਸੇਦਾਰੀ ਦੀ ਭਾਵਨਾ ਇੰਨੀ ਨੀਵੀਂ ਹੈ।" ਮੈਂ ਆਪਣੇ ਸਾਥੀਆਂ ਨੂੰ ਅਤੇ ਸੈਂਕੜੇ ਹੀ ਹੋਰ ਜੋ ਹਰ ਰੋਜ਼ ਮੇਰੇ ਕੋਲੋਂ ਲੰਘਦੇ ਸਨ, ਮੈਂ ਉਹਨਾਂ ਨੂੰ ਕਹਿਣ ਤੋਂ ਨਾ ਰੁਕਦਾ, "ਅਸੀਂ ਜ਼ਬਾਨੀ ਅਤੇ ਰਸਮੀ ਤੌਰ 'ਤੇ *ਹਕੂਕ-ਅੱਲ੍ਹਾ* ਨੂੰ ਅਪਣਾਉਂਦੇ ਹਾਂ ਅਤੇ ਉਸ *ਹਕੂਕ-ਅਲ-ਇਬਾਦ* ਤੋਂ ਇਕਰਾਰ

ਕਰਦੇ ਹਾਂ, ਜੋ ਇਸ ਨੂੰ ਲਾਗੂ ਕਰਨ ਦਾ ਮੂਲ ਸਿਧਾਂਤ ਹੈ। ਸਾਡੇ ਧਰਮ ਨੂੰ ਅਮਲ ਵਿਚ ਨਾ ਲਿਆਉਣ ਵਾਲੇ ਸਿਧਾਂਤ ਵਿਚ ਬਦਲ ਦਿੱਤਾ ਹੈ। ਗੁੰਝਲਦਾਰ ਵਿਆਖਿਆ ਨੂੰ ਲਾਗੂ ਕਰਨ ਲਈ ਸਰਲ ਕਰੋ।" 80 ਫ਼ੀਸਦੀ ਮੁਸਲਿਮ ਅਨਪੜ੍ਹ ਸਨ, "ਜਦੋਂ ਉਹਨਾਂ ਦੀਆਂ ਮੁਸ਼ਕਲਾਂ ਹੱਦਾਂ ਤੋਂ ਅੱਗੇ ਲੰਘ ਜਾਂਦੀਆਂ ਹਨ, ਉਹ ਕਿਸੇ ਧਾਰਮਿਕ ਸਥਾਨ 'ਤੇ ਜਾਂਦੇ ਹਨ, ਮਜਾਰ 'ਤੇ ਜਾਂਦੇ ਹਨ ਅਤੇ ਇਸ ਉਮੀਦ ਵਿਚ ਪੁਕਾਰਦੇ ਹਨ ਕਿ ਅਸੰਭਵ, ਸੰਭਵ ਵਿਚ ਬਦਲ ਜਾਵੇ। ਉਹਨਾਂ ਦੀ ਇਸ ਆਤਮਸੰਤੁਸ਼ਟੀ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਪੜ੍ਹਾਈ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂ ਜੋ ਗਿਆਨ ਨਾਲ ਗ਼ਲਤ ਧਾਰਨਾਵਾਂ ਦਾ ਖੰਡਨ ਕੀਤਾ ਜਾਂਦਾ ਹੈ। ਧਾਰਮਿਕ ਗਿਆਨ ਸੰਬੰਧੀ ਬੇਸਬਰੀ ਇਸ ਗੱਲ ਦਾ ਸਬੂਤ ਹੈ ਕਿ ਸੱਚਾਈ ਮੁਸਲਿਮ ਲੋਕਾਂ ਨੂੰ ਆਜ਼ਾਦ ਕਰੇਗੀ।" ਮੇਰੇ ਦੋਸਤ ਮੈਨੂੰ ਚਿਤਾਵਨੀ ਦਿੰਦੇ ਸਨ, "ਈਦੀ ਸਾਹਿਬ, ਇਹ ਹੋਰ ਕਿਸੇ ਨੂੰ ਵੀ ਨਾ ਕਹੋ। ਈਦੀ ਸਾਹਿਬ, ਇਹ ਤੁਹਾਨੂੰ ਮਰਵਾ ਦੇਵੇਗਾ, ਇਸ ਨਾਲ ਲੋਕ ਤੁਹਾਡੇ ਖ਼ਿਲਾਫ਼ ਹੋ ਜਾਣਗੇ।" ਸੱਚਾਈ ਦਾ ਡਰ ਇਕ ਸਧਾਰਨ ਸੁਭਾਅ ਹੈ। ਹਰ ਤਰ੍ਹਾਂ ਦੀ ਪ੍ਰਤਿਕ੍ਰਿਆ ਨੂੰ ਬੁਜ਼ਦਿਲੀ ਦੀ ਭਾਵਨਾ ਨਾਲ ਭਰ ਲਿਆ ਜਾਂਦਾ ਹੈ ਅਤੇ ਮੈਂ ਉਸ ਅੱਗੇ ਨਹੀਂ ਝੁੱਕ ਸਕਦਾ।

1400 ਸਾਲ ਪਹਿਲਾਂ ਮੁਸਲਮਾਨਾਂ ਨੂੰ *ਹੱਕ* ਅਤੇ *ਬਾਤਿਲ* ਵਿਚ ਜੰਗ ਦੀ ਧਾਰਨਾ ਦਿੱਤੀ ਗਈ ਸੀ। ਜਿਹੜਾ ਪ੍ਰੋਗਰਾਮ ਮੈਂ ਸਥਾਪਿਤ ਕੀਤਾ ਹੋਇਆ ਸੀ ਉਹ ਵੀ ਉਹੋ ਸੀ। ਇਹ ਪੁਰਾਣਾ ਸੀ, ਇਸ ਨੂੰ ਇਸਲਾਮ ਨੇ ਸਦੀਆਂ ਪਹਿਲੋਂ ਪਰਖਿਆ ਅਤੇ ਮਨਜ਼ੂਰ ਕੀਤਾ। ਮੇਰੇ ਕੰਮ ਕਰਨ ਦਾ ਢੰਗ ਮੁੱਖ ਤੌਰ 'ਤੇ ਇਸ ਗੱਲ 'ਤੇ ਜ਼ੋਰ ਦਿੰਦਾ ਸੀ ਕਿ ਸਮੇਂ ਦੇ ਨਾਲ ਨਾਲ ਚੱਲੋ, ਜੋ *"ਇਜਤਿਹਾਦ"* ਹੈ। ਮੇਰਾ ਤਰੀਕਾ ਸਿਰਫ਼ ਇਹ ਸੀ ਜਿਸ ਨੂੰ ਹੁਣ ਅਤੇ ਲੰਮੇ ਸਮੇਂ ਦੇ ਮੁੱਦਿਆਂ ਨੂੰ ਖ਼ਿਆਲ ਵਿਚ ਰੱਖ ਕੇ ਵਿਕਸਤ ਕੀਤਾ ਗਿਆ ਸੀ। ਹੁਣ ਉਹ ਕਹਿੰਦੇ ਸਨ ਕਿ ਤੁਹਾਨੂੰ ਉਸ ਨੂੰ ਮੰਨਣ 'ਤੇ ਮਾਰਿਆ ਜਾ ਸਕਦਾ ਹੈ, "ਕੀ ਤੁਸੀਂ ਕਿਤੇ ਕੋਈ ਤਰੁੱਟੀ ਨਹੀਂ ਵੇਖਦੇ ? ਸ਼ਾਇਦ ਇਹ ਤੁਹਾਨੂੰ ਰੀਂਘਦੇ ਰੱਖਣ ਦੀ ਸਾਜ਼ਿਸ਼ ਹੈ ?" ਉਹ ਉਸ ਡੱਡੂ ਦੀ ਛਾਲ ਵਾਲੀ ਕਹਾਵਤ ਤੋਂ ਬਚ ਜਾਂਦੇ ਹਨ, "ਇਹ ਪਿੱਛਲੇ ਸਮਿਆਂ ਦੀ ਗੱਲ ਹੈ, ਇਹ ਸਮੇਂ ਵੱਖਰੇ ਹਨ.....ਆਹ ਇਸਲਾਮ ਦੀ ਸਹੂਲਤ।"

ਮੈਂ ਉਹਨਾਂ ਨੂੰ ਸਖ਼ਤ ਸੱਚਾਈ ਦਾ ਸਾਹਮਣਾ ਕਰਨ ਲਈ ਕਹਿੰਦਾ ਸਾਂ, "ਕਮਜ਼ੋਰ ਦਿਮਾਗ ਬਗੈਰ ਕਿਸੇ ਮੰਜ਼ਿਲ ਦੇ ਛੋਟੀਆਂ-ਛੋਟੀਆਂ ਵੰਡਾਂ ਵਿਚ ਉਲਝੇ ਰਹਿੰਦੇ ਹਨ। ਇਹ ਇਸ ਸੱਚਾਈ ਦੇ ਬਾਵਜੂਦ ਕਿ ਫ਼ਿਰਕੇ, ਕਬੀਲੇ, ਪ੍ਰਾਂਤਿਕ ਅਤੇ ਬੋਲੀਆਂ ਦੀਆਂ ਵਿਚਾਰਧਾਰਾਵਾਂ, ਦੇਸ਼ ਦੇ ਵਿਕਾਸ ਨੂੰ ਸੀਮਿਤ ਕਰਦੀਆਂ ਹਨ। ਜੇ ਤੁਸੀਂ ਉਹਨਾਂ ਦੀ 'ਥੋਕ' ਵਿਚ ਨਿੰਦਾ ਨਹੀਂ ਕਰੋਗੇ ਤਾਂ ਤੁਹਾਡੀਆਂ ਛੋਟੀਆਂ ਛੋਟੀਆਂ ਦੁਕਾਨਾਂ ਬੰਦ ਹੋ ਜਾਣਗੀਆਂ। ਤੁਸੀਂ ਸਾਂਝਾ ਪ੍ਰੋਗਰਾਮ ਚਲਾਉਣ ਦੀ

ਸਮਰੱਥਾ ਨਹੀਂ ਰੱਖ ਸਕਦੇ, ਸਮਾਜਿਕ ਚੇਤਨਾ ਤੁਹਾਡੇ ਵਪਾਰ ਦਾ ਅੰਤ ਹੈ।" ਮੈਂ ਉਹਨਾਂ ਨੂੰ ਕਹਿੰਦਾ ਕਿ ਇਤਿਹਾਸ ਨੂੰ ਚਿੰਤਨ ਕਰੋ, "ਸਦੀਆਂ ਪਹਿਲਾਂ ਜਦੋਂ ਤੰਗ ਦਿਮਾਗ ਤਾਕਤਾਂ ਤੋਂ ਆਪਣਾ ਡਰਾਉਣ ਧਮਕਾਉਣ ਨਾਲ ਕੰਟਰੋਲ ਕਰਨਾ ਛੁੱਟ ਗਿਆ ਤਾਂ ਉਹਨਾਂ ਨੇ ਕੁਝ ਹੋਰ ਢੰਗ ਲੱਭ ਲਏ, ਜਿਨ੍ਹਾਂ ਨੇ ਯੋਗ ਲੋਕਾਂ 'ਤੇ ਕੁਝ ਦੋਸ਼ ਲਾ ਕੇ ਉਹਨਾਂ ਨੂੰ ਬੇਅਰਥ ਬਣਾ ਦਿੱਤਾ। ਇਹ ਸਿਰਫ਼ ਇਕ ਹੀ ਢੰਗ ਰਹਿ ਗਿਆ, ਜਿਸ ਨਾਲ ਉਹ ਉਹਨਾਂ ਦੇ ਖ਼ਿਲਾਫ਼ ਮੁਕਾਬਲਾ ਨਾ ਕਰ ਸਕਦੇ।" ਬਿਲਕਿਅਸ ਹਮੇਸ਼ਾ ਮੈਨੂੰ ਇਸ ਗੱਲ ਦੀ ਚਿਤਾਵਨੀ ਦਿੰਦੀ ਰਹਿੰਦੀ ਕਿ ਮੈਂ ਕਿਸੇ ਵਿਵਾਦਪੂਰਣ ਮੁੱਦਿਆਂ ਬਾਰੇ ਗੱਲ ਨਾ ਕਰਿਆ ਕਰਾਂ, "ਕੋਈ ਨਹੀਂ ਸਮਝਦਾ, ਤੁਸੀਂ ਕੀ ਕਹਿੰਦੇ ਹੋ। ਤੁਹਾਡੇ ਵਿਰੋਧੀ ਤੁਹਾਡੇ ਸ਼ਬਦਾਂ ਨੂੰ, ਤੁਹਾਡੇ ਖ਼ਿਲਾਫ਼ ਇਕ ਮਾਰੂ ਹਥਿਆਰ ਦੇ ਤੌਰ 'ਤੇ ਵਰਤਣਗੇ।" ਜਿਸ ਤਰ੍ਹਾਂ ਮੈਂ ਦੁੱਖ ਦੇ ਖ਼ਿਲਾਫ਼ ਕੋਈ ਪੱਖਪਾਤ ਨਹੀਂ ਸਾਂ ਕਰ ਸਕਦਾ, ਇਸ ਤਰ੍ਹਾਂ ਹੀ ਮੈਂ ਕਈ ਵਿਸ਼ਿਆਂ ਨੂੰ ਵੇਖ ਕੇ ਚੁੱਪ ਨਹੀਂ ਸਾਂ ਰਹਿ ਸਕਦਾ। ਉਹਨਾਂ ਨੂੰ ਸਾਹਮਣੇ ਲਿਆਂਦਾ ਜਾਂਦਾ।

ਮੈਂ ਇਕ ਵਿਦੇਸ਼ੀ ਦੋਸਤ ਨੂੰ ਕਿਹਾ, "ਕੱਟੜ ਲਾਬੀ ਜੋ ਝਗੜੇ ਦੀਆਂ ਹਾਲਤਾਂ ਪੈਦਾ ਕਰਦੀਆਂ ਹਨ, ਉਹ ਇਸਲਾਮ ਦੇ ਦੁਨੀਆਂ ਵਿਚ ਫੈਲਣ ਲਈ ਨੁਕਸਾਨ ਦੇਹ ਹਨ ਅਤੇ ਉਹ ਉਂਨੀਆਂ ਹੀ ਰੁਕਾਵਟਾਂ ਪਾਉਂਦੇ ਹਨ, ਜਿੰਨੀਆਂ ਉਹ ਸੰਸਾਰ ਅਮਨ ਵਿਚ ਪਾਉਂਦੀਆਂ ਹਨ। ਉਹ ਜਿਨ੍ਹਾਂ ਕੋਲ ਇਹ ਦੂਰਦ੍ਰਿਸ਼ਟੀ ਹੈ ਕਿ ਉਹ *ਅਬੂ ਸੂਫ਼ੀਆਨਿਸਟਾਂ* ਨੂੰ ਰੋਕ ਸਕਦੇ ਹਨ ਅਤੇ ਉਹਨਾਂ 'ਤੇ ਕੰਟਰੋਲ ਕਰ ਸਕਦੇ ਹਨ, ਉਹ ਜਾਣਦੇ ਹਨ ਕਿ ਉਹ ਕੱਟੜਵਾਦ ਨਾਲ ਸਿਰਫ਼ ਲੋਕ ਕਲਿਆਣ ਪ੍ਰਣਾਲੀ ਦੇ ਇਨਸਾਫ਼ ਨਾਲ ਹੀ ਲੜ ਸਕਦੇ ਹਨ। ਇਹ ਹੀ ਸਾਡਾ ਸਾਂਝਾ ਦੋਸਤ ਹੈ। ਬੇਇਨਸਾਫ਼ੀ, ਗਰੀਬੀ, ਈਰਖਾ ਅਤੇ ਦੁਸ਼ਮਣੀ ਨਿਰਾਸ਼ਾ ਦੀ ਹਾਲਤ ਵਿਚ ਬਿਨਾ ਸੋਚੇ ਸਮਝੇ ਜ਼ੁਲਮ ਕਰਨ ਵਾਲੇ ਪੈਦਾ ਕਰਦੀ ਹੈ ਜੋ ਆਪਣੀ ਨਿਰਾਸ਼ਾ ਨੂੰ ਧਾਰਮਿਕ ਜੰਗਾਂ ਵਿਚ ਬਦਲ ਦਿੰਦੇ ਹਨ ਅਤੇ ਪੱਛੜੇ ਲੋਕਾਂ ਨੂੰ ਇਸ ਲਈ ਉੱਤੇਜਿਤ ਕਰਦੇ ਹਨ। ਇਸ ਤਰ੍ਹਾਂ ਦੀ ਉਕਸਾਹਟ ਨਾਲ ਸੰਸਾਰ ਜੰਗ ਸ਼ੁਰੂ ਹੋ ਸਕਦੀ ਹੈ। ਇਕ ਕੰਮ-ਟਪਾਊ ਵੱਖਰੀ ਨੀਤੀ ਇਹਨਾਂ ਮੁੱਦਿਆਂ ਨਾਲ ਵਰਤਣ ਲਈ ਬੜਾ ਤੂਫ਼ਾਨ ਲਿਆਉਣ ਵਿਚ ਦੇਰੀ ਕਰਨ ਲਈ ਵਰਤੀ ਜਾਂਦੀ ਹੈ। ਕੀ ਸਾਰੀ ਦੁਨੀਆਂ ਵਿਚ ਇਸ ਤਰ੍ਹਾਂ ਦੇ ਕਲਪਨਾ ਕਰਨ ਵਾਲੇ ਨਹੀਂ ਹਨ ?" ਮੇਰਾ ਵਿਦੇਸ਼ੀ ਦੋਸਤ ਇਸ ਵਿਚ ਦਿਲਚਸਪੀ ਲੈ ਰਿਹਾ ਸੀ, ਇਸ ਲਈ ਮੈਂ ਬੋਲਣਾ ਜਾਰੀ ਰੱਖਿਆ, "ਸਾਧਾਰਣ ਮੁਸਲਿਮ ਦੇਸ਼ਾਂ ਨੂੰ ਲੋਕ ਭਲਾਈ ਦੀਆਂ ਪ੍ਰਣਾਲੀਆਂ ਇਕ ਦਮ ਅਪਣਾ ਲੈਣੀਆਂ ਚਾਹੀਦੀਆਂ ਹਨ ਤਾਂ ਕਿ ਭੜਕਾਉਣ ਵਾਲੀਆਂ ਪ੍ਰਤੀਕ੍ਰਿਆਵਾਂ ਤੋਂ ਬਚਿਆ ਜਾ ਸਕੇ। ਵਿਕਸਤ ਦੇਸ਼ਾਂ ਨੂੰ ਇਸ ਵਿਚ ਮਦਦ ਕਰਨੀ ਚਾਹੀਦੀ ਹੈ ਅਤੇ ਉਤਸ਼ਾਹ ਦੇਣਾ ਚਾਹੀਦਾ ਹੈ। ਯੂ.ਐਨ. ਨੂੰ ਇਸ ਨੂੰ ਧੱਕਾ ਲਾਉਣਾ ਚਾਹੀਦਾ ਹੈ। ਜੇ ਇਹ ਮਸਲਾ ਅਣਸੁਲਝਿਆ ਰਹਿ

ਗਿਆ ਤਾਂ ਇਹ ਅਸੰਭਵ ਹੋ ਜਾਵੇਗਾ ਕਿ ਮੁਸਲਮਾਨ ਹੋਰ ਦੇਸ਼ਾਂ ਵਿਚ ਜਾ ਸਕਣ। ਇਸ ਨਾਲ ਮਨੁੱਖੀ ਨੁਕਸਾਨ ਬਹੁਤ ਜ਼ਿਆਦਾ ਹੋਵੇਗਾ। ਹੁਣ ਦੀ ਚੱਲ ਰਹੀ ਨਫ਼ਰਤ ਕੁਝ ਕੁ ਮੱਧ ਦਰਜੇ ਦੇ ਖ਼ੁਦਗ਼ਰਜ਼ ਅਤੇ ਤਾਕਤ ਦੇ ਭੁੱਖੇ ਲੀਡਰਾਂ ਕਰਕੇ ਹੈ, ਜੋ ਕਿ ਸੰਸਾਰ ਲਈ ਸੰਭਾਵਿਤ ਖ਼ਤਰਾ ਹੈ। ਹਮਦਰਦੀ ਭਰੇ ਸਮਾਜ ਨੂੰ ਅੱਗੇ ਵਧਾਉਣ ਅਤੇ ਕਲਿਆਣਕਾਰੀ ਸਮਾਜ ਸਥਾਪਿਤ ਕਰਨ ਨਾਲ ਉਹ ਬੇਅਰਥ ਹੋ ਜਾਣਗੇ।"

ਜਦ ਮੈਂ ਆਪਣੀਆਂ ਇਹ ਸਾਰੀਆਂ ਗੱਲਾਂ ਬਿਲਕਿਅਸ ਕੋਲ ਦੁਹਰਾਈਆਂ ਤਾਂ ਉਹ ਸਿਰ ਫੜ ਕੇ ਬੈਠ ਗਈ, "ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਅਖ਼ੀਰ ਸਾਡਾ ਕੀ ਬਣੇਗਾ, ਮੈਂ ਇਕ ਅਜੀਬ ਜਿਹੇ ਭਵਿੱਖ ਦੀ ਕਲਪਨਾ ਕਰਦੀ ਹਾਂ।" ਮੈਂ ਆਪਣੀ ਸਫ਼ਾਈ ਵਿਚ ਬੋਲਦਾ, "ਜੋ ਕੁਝ ਮੈਂ ਕਿਹਾ ਹੈ, ਉਸ ਵਿਚ ਕਿਹੜੀ ਗਲਤ ਗੱਲ ਹੈ ? ਕੀ ਸਮਾਜਿਕ ਭਲਾਈ ਸਾਰੇ ਧਰਮਾਂ ਦੇ ਸਾਰ ਵਜੋਂ ਨਹੀਂ ਹੈ ? ਕੀ ਮੈਂ ਇਸ ਨੂੰ ਸਥਾਪਿਤ ਕਰਨ ਲਈ ਸਾਰੀ ਦੁਨੀਆਂ ਨੂੰ ਅਪੀਲ ਨਾ ਕਰਾਂ ? ਕੀ ਸਾਡੇ ਲੋਕ ਧੋਖੇ ਵਿਚ ਨਹੀਂ ਅਤੇ ਮੈਨੂੰ ਉਹਨਾਂ ਨੂੰ ਠੀਕ ਨਹੀਂ ਕਰਨਾ ਚਾਹੀਦਾ ?"

ਪੈਗ਼ੰਬਰ (PBUH) ਦੁਆਰਾ ਦਿੱਤੀ ਮਿਸਾਲ ਦਾ ਉਹ ਲੋਕ ਵੀ ਬਹੁਤ ਸਤਿਕਾਰ ਕਰਦੇ ਹਨ, ਉਹ ਲੋਕ ਵੀ ਜੋ ਇਸਲਾਮ ਦੇ ਪੈਰੋਕਾਰ ਨਹੀਂ, ਉਹ ਅਜੇ ਵੀ ਉਸ ਦੇ *ਆਮੀਨ* ਦੀ ਘੋਸ਼ਣਾ ਕਰਦੇ ਹਨ। ਮੈਂ ਇਕ ਹੋਰ ਵਿਦੇਸ਼ੀ ਨੂੰ ਦੱਸਿਆ, "ਮੁਸਲਿਮ ਲੋਕ ਉਸ ਦੀ ਮਿਸਾਲ 'ਤੇ ਨਹੀਂ ਚੱਲ ਸਕੇ। ਜਦੋਂ ਕਿ ਮੁਸਲਿਮ ਦੇ ਆਚਰਣ ਦੀ ਮਹੱਤਵਪੂਰਣ ਸਿਫ਼ਤ ਇਹ ਹੈ ਕਿ ਸੱਚਾਈ ਅਤੇ ਸਬਰ ਵਿਚ ਰਹੋ, ਸਿਆਸਤ ਨੇ ਉਹਨਾਂ ਦਾ ਧਿਆਨ ਰਸਮਾਂ ਵੱਲ ਮੋੜ ਦਿੱਤਾ ਹੈ। ਪੈਗ਼ੰਬਰ ਆਪਣੀ ਪ੍ਰਾਰਥਨਾ ਕਰਦੇ ਸਨ ਬਸ, ਪੈਗ਼ੰਬਰ ਨੇ ਸ਼ਾਦੀ ਕੀਤੀ ਬਸ, ਉਹ ਜੰਗ ਵਿਚ ਗਏ ਬਸ ਅਤੇ ਇਸ ਤਰ੍ਹਾਂ ਹੋਰ ਅਤੇ ਹੋਰ ਅਗਾਂਹ ਉਦੋਂ ਤਕ ਜਦੋਂ ਤਕ ਉਹ ਉਸ ਦੇ ਜੀਵਨ ਦਾ ਅਰਥ ਹੀ ਨਾ ਗਵਾ ਬੈਠੇ। ਕਹਿਣਾ ਕੁਝ ਅਤੇ ਕਰਨਾ ਕੁਝ ਦੇ ਪਿੱਛੇ ਗੈਰ-ਇਮਾਨਦਾਰੀ ਅਤੇ ਲਾਲਸਾ ਪਲਦੀ ਹੈ। ਲੱਖਾਂ ਹੀ ਲੱਖਾਂ ਪਾਖੰਡੀ ਮੁਸਲਿਮਾਂ ਦੇ ਰੂਪ ਵਿਚ ਹਨ। ਸਾਡੇ ਤੋਂ ਇਸਲਾਮ ਨੂੰ ਨਾ ਪਰਖੋ, ਅਸੀਂ ਇਸ ਦੀਆਂ ਉਦਾਹਰਨਾਂ ਨਹੀਂ।"

ਬਿਲਕਿਅਸ ਨੇ ਫਿਰ ਇਤਰਾਜ਼ ਕੀਤਾ, "ਤੁਸੀਂ ਹੋਰ ਕੀ ਕਿਹਾ ਸੀ, ਇਹ ਚੰਗਾ ਹੋਵੇਗਾ, ਮੈਨੂੰ ਦਸ ਦਿਆ ਕਰੋ।" ਮੈਂ ਉਸ ਨੂੰ ਕੁੱਝ ਹੋਰ ਦੱਸਿਆ, "ਸ਼ਬਦਾਂ ਅਤੇ ਉਸ ਨੂੰ ਕਰਨ ਦੀ ਦੂਰੀ ਇੰਨੀ ਵੱਡੀ ਹੈ, ਜਿੰਨੀ ਵਿਆਹ ਕਰਨ ਦੇ ਵਾਅਦੇ ਅਤੇ ਉਹਨਾਂ ਨੂੰ ਕਾਇਮ ਰੱਖਣਾ। ਇਹ ਉਂਨਾਂ ਹੀ ਵੱਖਰਾ ਸੀ, ਜਿੰਨਾ ਬੱਚੇ ਦਾ ਗਰਭ ਧਾਰਣ ਹੋਣਾ ਅਤੇ ਬੱਚਾ ਪੈਦਾ ਹੋਣ ਦਾ ਸੁੱਖ। ਜਿਥੇ ਬੋਲਣ ਦਾ ਕੋਈ ਅਰਥ ਹੀ ਨਾ ਹੋਵੇ, ਕੰਮ ਕਰਨਾ, ਜ਼ਿਆਦਾ ਉੱਚੀ ਬੋਲਣ ਤੋਂ ਜ਼ਿਆਦਾ ਠੋਸ ਹੈ। ਸਾਨੂੰ

ਉਦੋਂ ਵੇਖੋ, ਜਦੋਂ ਅਸੀਂ ਤੁਹਾਨੂੰ ਉਹ ਕੁਝ ਦਿੰਦੇ ਹਾਂ।" ਮੈਂ ਬਿਲਕਿਅਸ ਨੂੰ ਕਹਿੰਦਾ, "ਉਹ ਮੇਰੇ ਖ਼ਿਲਾਫ਼ ਕੀ ਕਹਿਣਗੇ, ਜਦੋਂ ਸਾਰਾ ਹੀ ਸਬੂਤ ਉਹਨਾਂ ਦੇ ਖ਼ਿਲਾਫ਼ ਜਾਂਦਾ ਹੈ।"

ਭਾਰਤ ਵਿਚ ਬਾਬਰੀ ਮਸਜਿਦ ਦੀ ਬੇਹੁਰਮਤੀ ਦੀ ਪ੍ਰਤਿਕ੍ਰਿਆ ਨਾਲ, ਮੁਸਲਮਾਨਾਂ ਨੇ ਮੰਦਰ ਸਾੜ ਦਿੱਤੇ ਅਤੇ ਹਿੰਦੂਆਂ ਨੂੰ ਮਾਰ ਦਿੱਤਾ, ਜਦੋਂ ਕਿ ਅਸੀਂ ਉਹਨਾਂ ਹਾਦਸੇ ਦੇ ਪੀੜਿਤਾਂ ਨੂੰ ਸਾਂਭ ਰਹੇ ਸਾਂ, ਜਦੋਂ ਇਕ ਆਦਮੀ ਇਸ ਬੇਹੁਰਮਤੀ ਦੇ ਵਿਰੋਧ ਵਿਚ ਦੋਸ਼ ਲਾਉਣ ਲੱਗਾ ਤਾਂ ਮੈਂ ਉਸ ਨੂੰ ਨਰਮੀ ਨਾਲ ਸਮਝਾਇਆ, "ਮੁਸਲਮਾਨਾਂ ਨੇ ਭਾਰਤ 'ਤੇ 1200 ਸਾਲ ਰਾਜ ਕੀਤਾ ਹੈ, 20 ਕਰੋੜ ਮੁਸਲਿਮ ਹੁਣ ਵੀ ਉਸ ਦੇਸ਼ ਵਿਚ ਰਹਿੰਦੇ ਹਨ। ਜੇ ਇਸਲਾਮ ਨੂੰ ਸੱਚੀ ਤਰ੍ਹਾਂ ਅਪਣਾਇਆ ਜਾਂਦਾ, ਤਿੰਨ ਸਾਲਾਂ ਵਿਚ 75 ਫ਼ੀਸਦੀ ਹਿੰਦੂ ਵੱਸੋਂ ਨੇ ਇਕ ਉਸ ਵਿਸ਼ਵਾਸ ਨੂੰ ਅਪਣਾ ਲਿਆ ਹੁੰਦਾ ਜੋ ਅਣਮਨੁੱਖੀ ਜਾਤ-ਪਾਤ ਦੀ ਪ੍ਰਣਾਲੀ ਦੇ ਮੁਕਾਬਲੇ 'ਤੇ ਬਰਾਬਰੀ ਵਾਲਾ ਸੀ। ਬਾਬਰੀ ਮਸਜਿਦ ਦੀ ਘਟਨਾ ਵੀ ਇਸਲਾਮਿਕ ਧਰਮ ਦੇ ਅਮਲ ਦੇ ਸਤਿਕਾਰ ਦੀ ਕਮੀ ਕਰਕੇ ਹੈ। ਭਾਰਤ ਵਿਚ ਇਸਲਾਮ ਦਾ ਵਿਕਾਸ ਸਾਫ਼ ਤੌਰ 'ਤੇ ਰੁਕ ਗਿਆ ਹੈ।"

ਮੈਂ ਆਪਣੇ ਖ਼ਿਲਾਫ਼ ਪ੍ਰਤਿਕ੍ਰਿਆ ਲਈ ਆਪਣੇ ਆਪ ਨੂੰ ਦੋਸ਼ੀ ਸਮਝਦਾ ਸਾਂ। ਅਸੀਂ ਆਪਣੇ ਵਿਸ਼ਵਾਸ ਦੇ ਖ਼ਿਲਾਫ਼ ਦੁਸ਼ਮਣੀ ਨੂੰ ਪੈਦਾ ਕੀਤਾ ਅਤੇ ਵਧਾਇਆ। ਫਿਰ ਚੀਕਦੇ ਰਹੇ ਅਤੇ ਸ਼ਿਕਾਇਤ ਕੀਤੀ, "ਸਾਨੂੰ ਤਬਾਹ ਕਰ ਦਿੱਤਾ ਗਿਆ ਹੈ, ਪੱਛਮ ਸਾਨੂੰ ਖ਼ਤਮ ਕਰ ਰਿਹਾ ਹੈ, ਅਮਰੀਕਾ ਸਾਡੇ ਖ਼ਿਲਾਫ਼ ਸ਼ਿਕਾਇਤ ਕਰ ਰਿਹਾ ਹੈ। ਇਹ ਇਕ ਸਾਜ਼ਿਸ਼ ਹੈ ਅੱਲ੍ਹਾ ਦੇ ਬੰਦਿਆਂ ਨੂੰ ਖ਼ਤਮ ਕਰਨ ਦੀ।" ਸਭ ਆਦਮੀ ਅੱਲ੍ਹਾ ਦੇ ਸਨ ਅਤੇ ਸਾਜ਼ਿਸ਼ ਦੇ ਸਿਧਾਂਤਾਂ ਦੇ ਸਾਹਮਣੇ ਝੁੱਕ ਜਾਣਾ ਇਕ ਬਿਮਾਰੀ ਸੀ। ਉਹਨਾਂ ਲੋਕਾਂ ਨੂੰ ਜੋ ਚੀਕਦੇ ਸਨ, ਮੈਂ ਉਨ੍ਹਾਂ ਨੂੰ ਕਿਹਾ, "ਤੁਹਾਡਾ ਇਹ ਗ਼ਲਤ ਮਾਣ ਸੱਭਿਅਤਾ ਲਈ ਖ਼ਤਰਾ ਹੈ। ਜਦੋਂ ਤੁਸੀਂ ਇਹ ਸਮਝ ਜਾਂਦੇ ਹੋ ਤਾਂ ਕੋਈ ਸਮੱਸਿਆ ਨਹੀਂ ਹੋਵੇਗੀ। ਤੁਸੀਂ ਕੀ ਹੋ ? ਤੁਸੀਂ ਇਹੋ ਜਿਹਾ ਜ਼ਹਿਰ ਆਪਣੇ ਖ਼ਿਲਾਫ਼ ਕਿਉਂ ਪੈਦਾ ਕਰਦੇ ਹੋ ? ਤੁਸੀਂ ਆਪਣੇ ਆਪ ਦੀ ਕੀ ਵਿਆਖਿਆ ਕਰਦੇ ਹੋ ? ਤੁਸੀਂ ਕੀ ਮਿਸਾਲ ਪੈਦਾ ਕਰਦੇ ਹੋ ਕਿ ਸਾਰੀ ਦੁਨੀਆਂ ਤੁਹਾਡੇ ਖ਼ਿਲਾਫ਼ ਹਥਿਆਰ ਚੁੱਕ ਲੈਂਦੀ ਹੈ ? ਕੀ ਤੁਸੀਂ ਪਾਗਲ ਵਿਅਕਤੀ ਹੋ ਅਤੇ ਤਾਲੇ ਅੰਦਰ ਰਹਿਣੇ ਚਾਹੀਦੇ ਹਨ ? ਕੀ ਤੁਸੀਂ ਜਵਾਨ ਯਤੀਮ ਹੋ, ਬਜ਼ੁਰਗ ਵਿਧਵਾ, ਅਪੰਗ ਬੱਚੇ ਹੋ ਕਿ ਦੁਨੀਆਂ ਤੁਹਾਡੇ ਵਿਸ਼ਵਾਸ ਅਤੇ ਤੁਹਾਡੇ ਸਤਿਕਾਰ ਨੂੰ ਤੁਹਾਡੇ ਤੋਂ ਖੋਹ ਰਹੀ ਹੈ ? ਤੁਹਾਨੂੰ ਇਹ ਭਾਵੁਕ ਕਿਉਂ ਕਰਦਾ ਹੈ ਅਤੇ ਤੁਸੀਂ ਕਮਜ਼ੋਰ ਕਿਉਂ ਹੋ ? ਇਸਲਾਮ ਤਾਂ ਇਕ ਜ਼ਿੰਦਗੀ ਜੀਉਣ ਦਾ ਢੰਗ ਹੈ ਅਤੇ ਡਰ ਬਾਹਰ ਦਾ ਰਾਖਸ਼, ਨਹੀਂ, ਸਗੋਂ ਇਹ ਤਾਂ ਅੰਦਰ ਹੈ।"

ਮੈਂ ਅੱਤਵਾਦੀਆਂ ਦੇ ਗਰੁੱਪ ਦੀ ਇਸ ਸ਼ਿਕਾਇਤ 'ਤੇ, ਕਿ ਪੱਛਮ ਦੀਆਂ ਬੁਰਾਈਆਂ ਸਾਡੇ ਲੋਕਾਂ ਵਿਚ ਫੈਲ ਰਹੀਆਂ ਹਨ, ਹੱਸ ਪਿਆ, "ਅਤੇ ਉਹਨਾਂ ਵਿਚ ਕੀ ਫੈਲਣਾ ਚਾਹੀਦਾ ਹੈ ? ਮੱਧ ਯੁਗ ਦੇ ਕਟੜਪੁਣੇ ਨਾਲ ਅਨੈਤਿਕ ਦੇ ਨਾ ਬਦਲਣ ਵਾਲਾ ਮਾਦਾ ਜਨਮ ਲੈਂਦਾ ਹੈ ਅਤੇ ਪੱਥਰ ਦੇ ਬਣੇ ਹੋਏ ਤੰਗ ਦਿਮਾਗ ਵਿਚ ਪਲਦਾ ਹੈ ? ਕੀ ਤੁਸੀਂ 21ਵੀਂ ਸਦੀ ਵਿਚ ਇਸਲਾਮ ਨੂੰ ਵਿਕਸਤ ਕਰਨ ਵਾਲੇ ਚੁਣੇ ਹੋਏ ਮਾਡਲ ਹੋ ? ਤੁਸੀਂ ਪੁਰਾਣੇ ਹੋ, ਤੁਹਾਡਾ ਉਤਪਾਦਨ ਵਿਕਣਯੋਗ ਨਹੀਂ।" ਉਹਨਾਂ ਦੇ ਪੱਛਮੀ ਪ੍ਰਭਾਵ ਬਾਰੇ ਮੈਂ ਉਹਨਾਂ ਦੀਆਂ ਜੁੱਤੀਆਂ, ਉਹਨਾਂ ਦੀਆਂ ਘੜੀਆਂ ਅਤੇ ਉਹਨਾਂ ਦੀਆਂ ਕਾਰਾਂ ਵੇਖਦਾ ਹਾਂ ਅਤੇ ਕਹਿੰਦਾ ਹਾਂ, "ਜਦੋਂ ਕਿ ਤੁਸੀਂ ਆਪ ਪੱਛਮ ਦੇ ਪੈਰੋਕਾਰ ਹੋ, ਤੁਸੀਂ ਸਾਨੂੰ ਉਹਨਾਂ ਦੇ ਖ਼ਿਲਾਫ਼ ਕਰ ਦਿੰਦੇ ਹੋ। ਇਹ ਕੀ ਜੋੜ ਤੋੜ ਹੈ ?" ਉਹਨਾਂ ਨੂੰ ਜੋ ਪੱਛਮ ਦੀਆਂ ਸਾਜ਼ਿਸ਼ਾਂ ਬਾਰੇ ਗੱਲਾਂ ਕਰਦੇ, ਸ਼ਿਕਾਇਤਾਂ ਕਰਦੇ ਸਨ, ਮੈਂ ਸਪਸ਼ਟ ਕੀਤਾ, "ਅੱਗੇ ਵੱਲ ਵੇਖਣਾ, ਖੁੱਲ੍ਹੇ ਦਿਮਾਗ ਵਾਲੇ ਧਰਮ ਦੀ ਅੱਜ ਦੀ ਦੁਨੀਆਂ ਵਿਚ ਬਹੁਤ ਜਗ੍ਹਾ ਹੈ। ਅਸਲ ਵਿਚ ਇਹ ਹੀ ਦੁਨੀਆਂ ਦੀ ਲੋੜ ਹੈ। ਜੇ ਅਸੀਂ ਮੁਸਲਿਮ ਦੇ ਤੌਰ 'ਤੇ ਅਮਲ ਕਰੀਏ ਤਾਂ ਇਸਲਾਮ ਨੂੰ ਖ਼ਤਰੇ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ ਸਗੋਂ ਸਾਰੀ ਹੀ ਦੁਨੀਆਂ ਨੇ ਸਾਡੇ ਵਿਸ਼ਵਾਸ ਨੂੰ ਪ੍ਰਵਾਨ ਕਰ ਲਿਆ ਹੁੰਦਾ।"

ਬਿਲਕਿਅਸ ਆਪਣਾ ਸਿਰ ਫੜ ਕੇ ਬੈਠੀ ਹੋਈ ਸੀ, ਅਸਲ ਵਿਚ ਉਸ ਨੂੰ ਇਹੋ ਜਿਹੇ ਵਿਸ਼ੇ ਬਹੁਤ ਤੰਗ ਕਰਦੇ ਸਨ, ਖ਼ਾਸ ਕਰਕੇ ਉਸ ਸਮੇਂ 'ਤੇ, "ਜਦੋਂ ਤੁਹਾਨੂੰ ਕੋਈ ਨਹੀਂ ਸਮਝੇਗਾ, ਉਹ ਤੁਹਾਡੇ ਸ਼ਬਦਾਂ ਨੂੰ ਬਦਲ ਲੈਣਗੇ ਅਤੇ ਉਹ ਤਰੋੜ-ਮਰੋੜ ਕੇ ਇਸ ਦੀ ਵਿਆਖਿਆ ਪੇਸ਼ ਕਰਨਗੇ।" ਮੈਂ ਇਹ ਚੰਗੀ ਤਰ੍ਹਾਂ ਸਮਝਦਾ ਹਾਂ, "ਕੀ ਉਹਨਾਂ ਨੇ ਹਰ ਚੀਜ਼ ਨੂੰ ਹੀ ਨਹੀਂ ਬਦਲ ਦਿੱਤਾ ? ਹੁਣ ਉਹ ਇਸ ਬਾਰੇ ਹੋਰ ਕਿਸੇ ਤਰ੍ਹਾਂ ਦੀ ਪ੍ਰਤਿਕ੍ਰਿਆ ਕਿਉਂ ਕਰਨਗੇ ?" ਮੈਂ ਇਕ ਹੋਰ ਫ਼ਿਰਕੇ ਦੇ ਲੀਡਰ ਨੂੰ ਕਿਹਾ, ਜਿਸ ਨੇ ਇਸਲਾਮ ਦੀ ਤਰਜ ਦੀ ਸਰਕਾਰ ਦਾ ਸਮਰਥਨ ਕੀਤਾ ਸੀ, "ਇਸਲਾਮ ਨੂੰ ਜੀਉਣ ਦੇ ਢੰਗ ਵਜੋਂ ਅਪਨਾਉਣ ਤੋਂ ਬਗ਼ੈਰ, ਇਹ ਅਸੰਭਵ ਹੈ। ਮੁੱਢਲੇ ਨਿਯਮ ਤੁਹਾਡੀ ਆਤਮਾ ਦੀ ਪਰਦੇਦਾਰੀ ਵਿਚ ਸ਼ੁਰੂ ਹੁੰਦੇ ਹਨ ਅਤੇ ਫਿਰ ਤੁਹਾਡੇ ਘਰ ਵਿਚ। ਤੁਸੀਂ ਪਾਜੀਰੋ ਜੀਪ ਕਿਸ ਤਰ੍ਹਾਂ ਚਲਾਉਗੇ ਅਤੇ ਪੈਸੇ ਕਿਥੋਂ ਆਉਣਗੇ ?" ਅੱਗੇ ਹੀ ਉਸ ਨੇ ਵਿਸ਼ਵਾਸ ਤੋਂ ਜ਼ਿਆਦਾ ਬਦਲਣ ਦੇ ਜ਼ਿਆਦਾ ਖਿੱਚ ਵਾਲੇ ਕਾਰਣ ਲੱਭ ਲਏ ਹਨ।

ਬਗ਼ੈਰ ਕਿਸੇ ਪੱਖ ਪਾਤ ਦੇ ਇਨਸਾਨੀਅਤ ਦਾ ਵਾਤਾਵਰਣ ਮੌਕਾ ਪ੍ਰਸਤੀ ਅਤੇ ਆਪਣੇ ਹਿੱਤ ਦੇ ਖ਼ਿਲਾਫ਼, ਇਸਲਾਮਿਕ ਪ੍ਰਣਾਲੀ ਨੂੰ ਵਧਾਉਣ ਦਾ ਇਕ ਰਾਹ ਸੀ। ਇਹ ਸਭ ਗਰੁੱਪ ਲੋਕਾਂ ਵਿਚ ਸਿਰਫ਼ ਇਸਲਾਮਿਕ ਸਿਧਾਂਤ ਦੀ ਗੱਲ ਕਰਦੇ ਸਨ ਅਤੇ ਆਪਣੇ ਆਪ ਨੂੰ ਸਵਰਗ ਵਿਚ ਦਾਖ਼ਲ ਹੋਣ ਲਈ ਖ਼ਾਸ ਪਰਮਿਟਾਂ

ਦੀ ਕ੍ਰਿਪਾ ਹੋਣ ਦਾ ਦਾਅਵਾ ਕਰਦੇ ਸਨ, ਪਰ ਹੌਲੀ ਹੌਲੀ ਗੁਪਤ ਢੰਗ ਨਾਲ ਉਸ ਦੇ ਸਿਧਾਂਤਾਂ ਤੋਂ ਲਾਂਭੇ ਜਾ ਰਹੇ ਸਨ। ਮੈਨੂੰ ਹਾਸਾ ਆਉਂਦਾ, "ਸਵਰਗ ਵਿਚ ਦਾਖ਼ਲ ਹੋਣਾ ਉਂਨਾਂ ਸੌਖਾ ਨਹੀਂ, ਜਿੰਨਾਂ ਪਾਰਲੀਮੈਂਟ ਵਿਚ ਦਾਖ਼ਲ ਹੋਣਾ। ਉਹਨਾਂ ਨੂੰ ਇਸ ਲਈ ਯੋਗਤਾ ਬਣਾਉਣੀ ਪਵੇਗੀ, ਨਹੀਂ ਤਾਂ ਉਹਨਾਂ ਨੂੰ ਵਿਰੋਧੀ ਬੈਂਚਾਂ ਵੱਲ ਧਕੇਲ ਦਿੱਤਾ ਜਾਵੇਗਾ.....ਸ਼ੈਤਾਨ ਦੀ ਤਰਫ਼। ਕਿਉਂ ਜੋ ਉਹਨਾਂ ਨੇ ਖ਼ੁਦਗਰਜ਼ੀ ਅਤੇ ਲਾਲਚ ਦੀ ਜ਼ਿਆਦਾ ਦਵਾਈ ਪੀਤੀ ਹੋਈ ਹੈ, ਜੋ ਉਹਨਾਂ ਦੀ ਸਾਰੀ ਜ਼ਿੰਦਗੀ ਨੂੰ ਲਪੇਟ ਲੈਂਦੀ ਹੈ, ਉਹ ਉਮੀਦ ਕਰਦੇ ਹਨ ਕਿ ਉਹਨਾਂ ਦੇ ਬੋਗਸ ਚੈੱਕ ਵੀ ਪਰਮਾਤਮਾ ਰਾਹੀਂ ਕੈਸ਼ ਹੋ ਜਾਣਗੇ। ਉਹ ਚੈੱਕ ਬਰਫ਼ ਦੀ ਚੱਟਾਨ ਦੀ ਤਰ੍ਹਾਂ ਉਹਨਾਂ ਦੇ ਮੂੰਹ ਵਿਚ ਹੀ ਧਮਾਕੇ ਨਾਲ ਫੱਟ ਕੇ ਟੁੱਕੜਿਆਂ ਵਿਚ ਉੱਛਲ ਕੇ ਬਾਹਰ ਆ ਜਾਣਗੇ।"

ਇਸ ਦੇ ਬਾਵਜੂਦ ਕਿ ਮਾਰਸ਼ਲ ਲਾਅ 'ਚ ਪ੍ਰਬੰਧਕ ਅਤੇ ਸਿਆਸਤਦਾਨ ਲਗਾਤਾਰ ਇਸਲਾਮਿਕ ਤਰਜ ਦੀ ਸਰਕਾਰ ਬਾਰੇ ਬੋਲਦੇ ਰਹਿੰਦੇ ਸਨ, ਕੋਈ ਵੀ ਇਸ ਗੱਲ ਦਾ ਖ਼ਿਆਲ ਨਹੀਂ ਕਰਦਾ ਕਿ ਇਸ ਦਾ ਅਰਥ ਕਲਿਆਣਕਾਰੀ ਰਾਜ ਸੀ। ਮੈਂ ਆਪਣੇ ਸਾਥੀਆਂ ਨੂੰ ਕੁਰਲਾਉਂਦਾ, "ਇਕ ਗਰੁੱਪ ਤੋਂ ਦੂਸਰੇ ਗਰੁੱਪ ਤਕ ਉਹ ਧਰਮ ਨੂੰ ਇਕ ਪ੍ਰਲੋਭਣ ਦੇ ਕੇ ਫਸਾਉਣ ਵਾਲੇ ਦੇ ਤੌਰ 'ਤੇ ਵਰਤਦੇ ਹਨ। ਭਾਵੇਂ ਕਿ ਕੋਈ ਵੀ ਧਰਮ ਦੇ ਖ਼ਿਲਾਫ਼ ਨਹੀਂ ਬੋਲਦਾ, ਉਸ ਦਾ ਆਕਰਸ਼ਣ ਘੱਟ ਜਾਂਦਾ ਹੈ। ਉਸ ਦੇ ਅਮਲ ਨੂੰ ਠੀਕ ਕਰਨਾ ਚਾਹੀਦਾ ਹੈ। ਕੰਮ ਤੋਂ ਜੀਅ ਚੁਰਾਉਣ ਵਾਲੀ ਬਹੁਤ ਵੱਡੀ ਜਮਾਤ ਗਰੀਬੀ ਵਿਚ ਪਲਦੀ ਹੈ। ਇਕ ਅੱਠ ਬੱਚਿਆਂ ਨੂੰ ਪਾਲਣ ਵਾਲਾ ਗਰੀਬ ਆਦਮੀ ਇਕ ਜਮਾਤ ਦਾ ਵਿਖਾਵਾ ਅਤੇ ਫ਼ਜ਼ੂਲ ਖ਼ਰਚੀ ਨੂੰ ਨਹੀਂ ਸਮਝ ਸਕਦਾ। ਇਹ ਉਹਨਾਂ ਦੀ ਸਮਝ ਤੋਂ ਬਾਹਰ ਹੈ ਕਿ ਇਕ ਚੰਗੇ ਸਾਧਨਾਂ ਵਾਲਾ ਆਦਮੀ ਹਰ ਤਰ੍ਹਾਂ ਦੇ ਜੁਰਮ ਕਰਨ ਤੋਂ ਬਾਅਦ ਵੀ ਕਿਉਂ ਬਚ ਜਾਂਦਾ ਹੈ, ਜਦੋਂ ਕਿ ਉਸ ਨੂੰ ਮੁਰਗੇ ਦੀ ਚੋਰੀ ਦੇ ਜੁਰਮ ਵਿਚ ਵੀ ਸੁਣਨ ਤੋਂ ਬਗੈਰ ਹੀ ਜੇਲ੍ਹ ਵਿਚ ਭੇਜ ਦਿੱਤਾ ਜਾਂਦਾ ਹੈ। ਇਹ ਪ੍ਰਣਾਲੀ ਇਸਲਾਮ ਦੀ ਦੁਸ਼ਮਣ ਹੈ.....ਸਾਨੂੰ ਉਸ ਸੰਬੰਧੀ ਅੱਤਵਾਦੀ ਹੋਣਾ ਚਾਹੀਦਾ ਹੈ।" ਇਕ ਨੇਤਾ ਨੇ ਕਿਹਾ, "ਪਰਮਾਤਮਾ ਨੇ ਧਨ ਦਾ ਅਸੰਤੁਲਨ ਕਰ ਦਿੱਤਾ। ਇਹ ਹਮੇਸ਼ਾ ਹੀ ਇਸ ਤਰ੍ਹਾਂ ਹੁੰਦਾ ਰਿਹਾ ਹੈ।" ਬੇਵਕੂਫ਼ੀ ਮੈਨੂੰ ਹਰ ਹਾਲਤ ਵਿਚ ਖਿੱਝ ਦੁਆਉਂਦੀ ਸੀ ਖ਼ਾਸ ਕਰਕੇ ਉਹਨਾਂ ਲੋਕਾਂ ਦੀ, ਜੋ ਅਗਵਾਈ ਕਰ ਰਹੇ ਹੁੰਦੇ ਸਨ, "ਅਨਪੜ੍ਹਤਾ ਵਿਚ ਤੁਸੀਂ ਜੋ ਕੱਟੜ ਵਿਚਾਰ ਵਧਾਉਂਦੇ ਹੋ, ਗਰੀਬਾਂ ਨਾਲ ਜੂਝ ਰਹੇ ਲੋਕ ਛੇਤੀ ਇਸ ਨੂੰ ਗੁਰੀਲਾ ਯੁੱਧ ਵਿਚ ਬਦਲ ਦਿੰਦੇ ਹਨ, ਪਰ ਕਿਸ ਉਦੇਸ਼ ਲਈ ? ਮਿਹਰਬਾਨੀ ਕਰ ਕੇ ਮੈਨੂੰ ਇਹ ਨਾ ਦੱਸੋ ਕਿ ਇਹ ਪਰਮਾਤਮਾ ਲਈ ਹੈ।" ਮੈਂ ਇਕ ਹੋਰ ਉੱਲਝਨ ਵਿਚ ਪਏ ਆਦਮੀ ਨੂੰ ਫੜ ਲਿਆ, "ਧਰਮ ਦੀ *ਚਾਦਰ,* ਜਿਸ ਦੇ ਥੱਲੇ ਤੁਸੀਂ ਮੁਸਲਿਮ ਦੁਨੀਆਂ ਨੂੰ ਵਲ੍ਹੇਟਿਆ

ਹੋਇਆ ਹੈ, ਮੂਰਤੀ ਪੂਜਾ ਪੈਦਾ ਕਰਦੀ ਹੈ.....ਰਿਸ਼ਵਤ, ਲੁੱਟ, ਆਪਣੀ ਸੇਵਾ, ਵਿਖਾਵਾ ਕਰਨਾ ਅਤੇ ਜੁਰਮ ਪੈਦਾ ਕਰਦੀ ਹੈ। ਆਪਣੇ ਜੋਸ਼ ਨੂੰ ਲੋਕਾਂ ਵੱਲ ਕਰੋ, ਉਹ ਤੁਹਾਨੂੰ ਪਰਮਾਤਮਾ ਦੀ ਤਰਫ਼ ਲੈ ਜਾਵੇਗਾ।"

ਇਸਲਾਮ ਤੋਂ ਵੱਖਰਾ ਜਾਣਾ ਸਮਾਜ ਵਿਚੋਂ ਲੋਕ ਭਲਾਈ ਨੂੰ ਬਾਹਰ ਕੱਢਣ ਤੋਂ ਸਾਬਤ ਹੁੰਦਾ ਸੀ। ਇਹ ਦੋਵੇਂ ਇਕੋ ਸਨ ਅਤੇ ਇਹਨਾਂ ਨੂੰ ਵੱਖਰਾ ਵੱਖਰਾ ਨਹੀਂ ਕੀਤਾ ਜਾ ਸਕਦਾ। ਹੁਣ ਦੇ ਆਦਰਸ਼ਾਂ ਬਾਰੇ ਗੱਲਬਾਤ ਕਰਦਿਆਂ, ਜਿਸ ਵਿਚ ਉਦਯੋਗਪਤੀਆਂ, ਜ਼ਿਮੀਂਦਾਰਾਂ ਅਤੇ ਧਰਮ ਦੇ ਠੇਕੇਦਾਰਾਂ ਨੇ ਰਾਜ ਦੇ ਲਾਭਾਂ ਨੂੰ ਵੰਡ ਲਿਆ ਸੀ, ਇਸ ਬਾਰੇ ਪੈਗ਼ੰਬਰ (PBUH) ਨੇ ਸਾਨੂੰ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ, "ਮੁਸਲਿਮ ਆਪਣੇ ਆਪ ਨੂੰ ਫ਼ਿਰਕਾਵਾਦ ਦੇ ਬਟਵਾਰੇ ਅਤੇ ਦੋਹਰੇਪਨ ਨਾਲ ਤਬਾਹ ਕਰ ਲੈਣਗੇ।" ਅਬੂਜ਼ਰ ਗਫ਼ਾਰੀ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਕਿਉਂ ਜੋ ਉਹ ਲੀਡਰਾਂ ਦੀ ਫ਼ਜ਼ੂਲ ਖ਼ਰਚੀ ਦੇ ਖ਼ਿਲਾਫ਼ ਬੋਲਿਆ ਸੀ ਜੋ ਇਕ ਰੁਝਾਨ ਵੱਲ ਇਸ਼ਾਰਾ ਕਰਦੀ ਸੀ। ਇਨਕਲਾਬੀ ਜਜ਼ਬਾਤਾਂ ਨਾਲ ਇੰਨੀ ਛੇਤੀ ਲੜਿਆ ਗਿਆ ਕਿ "ਕੀ ਸਾਡੇ ਲਈ ਉਸ ਤੋਂ ਬਾਅਦ ਇਸ ਤਰ੍ਹਾਂ ਦੀ ਮਿਸਾਲ ਨਹੀਂ ? ਕੀ ਇਸ ਤਰ੍ਹਾਂ ਦੀਆਂ ਇਕਰੂਪਤਾਵਾਂ ਤੁਹਾਡੇ ਵਿਚੋਂ ਕਿਸੇ ਨੂੰ ਵੀ ਪ੍ਰਤੱਖ ਨਹੀਂ ?" ਮੈਂ ਇਹ ਕਹਿੰਦਾ ਸੀ।

ਜਦੋਂ ਇਕ ਧਾਰਮਿਕ ਪ੍ਰਚਾਰਕ ਨੇ ਗੁੱਸੇ ਦੇ ਅੰਦਾਜ਼ ਵਿਚ ਪੁੱਛ-ਗਿੱਛ ਕੀਤੀ, "ਈਦੀ, ਤੇਰੀ ਯੋਗਤਾ ਕੀ ਹੈ ? ਤੂੰ ਇਸਲਾਮ ਦਾ ਵਿਦਵਾਨ ਨਹੀਂ, ਤੂੰ ਤਾਂ ਕੁਰਾਨ ਨੂੰ ਪੜ੍ਹਿਆ ਵੀ ਨਹੀਂ।" ਮੈਂ ਬੜੀ ਨਰਮੀ ਨਾਲ ਜੁਆਬ ਦਿੱਤਾ, "ਕੁਰਾਨ ਮੇਰੀ ਆਤਮਾ ਵਿਚ ਖੁੱਲ੍ਹਦੀ ਹੈ, ਜਿਥੇ ਇਸ ਦਾ ਕੋਈ ਅਰਥ ਹੈ। ਜਿਸ ਤਰ੍ਹਾਂ ਮੈਂ ਕਿਸੇ ਹੋਰਨਾਂ ਤੋਂ ਪ੍ਰਭਾਵਤ ਨਹੀਂ ਹੋਇਆ, ਸਿਵਾਏ ਆਪਣੀ ਆਤਮਾ ਦੀ ਆਵਾਜ਼ ਦੇ, ਸਾਰੇ ਫ਼ੈਸਲੇ ਉਸ ਸੱਚ 'ਤੇ ਅਧਾਰਿਤ ਹਨ, ਜੋ ਅਮਲੀ ਤਜਰਬੇ ਤੋਂ ਲਏ ਗਏ ਹਨ। ਇਹ ਮੈਨੂੰ ਟਿੱਪਣੀ ਕਰਨ ਦਾ ਹੱਕ ਦਿੰਦਾ ਹੈ। ਇਹੋ ਮੇਰੀ ਯੋਗਤਾ ਹੈ।" ਉਹ ਮੇਰੀ ਇਸ ਡਿਗਰੀ ਨਾਲ ਜੋ ਮੈਂ ਆਪਣੇ ਆਪ ਲਈ ਸੀ, ਉਸ ਨਾਲ ਸਹਿਮਤ ਨਾ ਹੋਇਆ ਅਤੇ ਕਹਿਣ ਲੱਗਾ, ਇਸ ਦਾ ਤਾਂ ਕੋਈ ਅਰਥ ਨਹੀਂ, "ਜਿਸ ਬਾਰੇ ਤੁਸੀਂ ਕੁਝ ਵੀ ਨਹੀਂ ਜਾਣਦੇ, ਉਸ ਬਾਰੇ ਤੁਹਾਨੂੰ ਪ੍ਰਚਾਰ ਕਰਨ ਦਾ ਕੋਈ ਹੱਕ ਨਹੀਂ।" ਮੈਂ ਗੰਭੀਰ ਹੋ ਕੇ ਪੁੱਛਿਆ, "ਫੇਰ ਮੈਂ ਇਹ ਕਿਸ ਤਰ੍ਹਾਂ ਜਾਣਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ ?"

ਜਿਹੜੇ ਇਲਜ਼ਾਮ ਮੇਰੇ ਇਸ ਫ਼ੈਸਲੇ ਤੋਂ ਪੈਦਾ ਹੋ ਗਏ ਸਨ ਕਿ ਮੈਂ ਸਾਜ਼ਿਸ਼ ਤੋਂ ਵੱਖਰਾ ਹੋ ਜਾਵਾਂ, ਲਗਾਤਾਰ ਘੁੰਮਦੇ ਰਹੇ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਸੀ, ਕੀ ਉਹ ਮੇਰੀ ਸੇਵਾ ਬਾਰੇ ਲੋਕਾਂ ਨੂੰ ਅੰਧਾ ਕਰ ਦੇਣਗੇ। ਨਾਲ ਹੀ ਮੇਰੇ ਪੱਕੇ ਇਰਾਦੇ, ਮੇਰੀ ਜ਼ਿੰਦਗੀ ਅਤੇ ਇਸ ਸੱਚਾਈ ਵੱਲੋਂ ਕਿ ਮੈਂ ਹਮੇਸ਼ਾ ਅੱਗੇ

ਵਧਿਆ ਸਾਂ, ਕਦੀ ਪਿੱਛੇ ਨਹੀਂ ਗਿਆ। "ਈਰਖਾ ਨਾਲ ਕਿਹੜਾ ਢੰਗ ਮੁਕਾਬਲਾ ਕਰ ਸਕਦਾ ਹੈ ?" ਮੈਂ ਮੁੜ ਚਿੱਲਾਇਆ। ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਮੈਂ ਪੈਸਿਆਂ ਦਾ ਖਜ਼ਾਨਾ ਜਮ੍ਹਾਂ ਕੀਤਾ ਹੈ। ਜਦੋਂ ਸਾਡਾ ਇਕ ਦਿਨ ਦਾ ਖ਼ਰਚ ਦੋ ਮਿਲੀਅਨ ਰੁਪਏ ਤੋਂ ਵੱਧ ਹੋ ਗਿਆ ਹੈ, ਇਹ ਸਾਡੀ ਬੇਵਕੂਫ਼ੀ ਹੋਵੇਗੀ ਕਿ ਇਸ ਨੂੰ ਚਾਲੂ ਰੱਖਣ ਲਈ ਪੈਸਾ ਜਮ੍ਹਾ ਕਰ ਕੇ ਨਾ ਰੱਖੀਏ ? ਜੇ ਅਸੀਂ ਡਿੱਗ ਪਏ ਤਾਂ ਉਹ ਇਕ ਹੋਰ ਅਤੇ ਜ਼ਿਆਦਾ ਢੁਕਵੀਂ ਕਮੀ ਦੀ ਸ਼ਿਕਾਇਤ ਕਰਨਗੇ : "ਈਦੀ ਇਕ ਇੰਨੀ ਵੱਡੀ ਸੰਸਥਾ ਚਲਾ ਰਿਹਾ ਹੈ, ਪਰ ਉਸ ਕੋਲ ਇੰਨੀ ਸਮਝ ਨਹੀਂ ਕਿ ਉਹ ਇਸ ਨੂੰ ਚਾਲੂ ਰੱਖਣ ਦੀ ਜ਼ਰੂਰਤ ਸਮਝ ਲਵੇ।" ਲੋਕੀਂ ਕਦੀ ਵੀ ਸੰਤੁਸ਼ਟ ਨਹੀਂ ਹੁੰਦੇ, ਨਾ ਹੀ ਉਹ ਇਹ ਮਹਿਸੂਸ ਕਰਦੇ ਹਨ ਕਿ ਮੈਂ ਆਪਣੀ ਜ਼ਿੰਦਗੀ ਨੂੰ ਇਕ ਰੇਤ ਦਾ ਕਿਲ੍ਹਾ ਬਣਾਉਣ ਲਈ ਦੇ ਦਿੱਤੀ ਹੈ।

ਜਨਰਲ ਹਮੀਦ ਗੁਲ, ਅਫ਼ਗਾਨਿਸਤਾਨ ਤੋਂ ਵਾਪਸ ਮੁੜ ਆਇਆ ਅਤੇ ਉਸ ਨੇ ਪ੍ਰੈਸ ਨੂੰ ਇਕ ਬਿਆਨ ਦਿੱਤਾ, "ਮੈਂ ਆਪਣੇ ਲੋਕਾਂ ਲਈ ਈਦੀ ਦੇ ਕੰਮ ਦੀ ਕਦਰ ਕਰਦਾ ਹਾਂ, ਪਰ ਮੈਂ ਉਸ ਨੂੰ ਚੈਲਿੰਜ ਕਰਦਾ ਹਾਂ ਕਿ ਉਹ ਮੇਰਾ ਮੁਕਾਬਲਾ ਜਿਸ ਜਗ੍ਹਾ 'ਤੇ ਵੀ ਚਾਹੇ ਕਰ ਲਵੇ। ਫਿਰ ਮੈਂ ਕਈ ਮੁੱਦਿਆਂ ਨੂੰ ਬਾਹਰ ਕੱਢਾਂਗਾ।" ਮੈਂ ਸੋਚਿਆ, "ਇਹ ਤਾਂ ਇਕ ਡਰਾਵਾ ਲੱਗਦਾ ਹੈ। ਉਸ ਦੇ ਪੁਰਾਣੇ ਇੰਟਰ-ਸਰਵਿਸ-ਇੰਟੈਲੀਜੇਂਸ ਦੇ ਮੁਖੀ ਰਹਿਣ ਦੀ ਸਥਿੱਤੀ ਉਸ ਨੂੰ ਇਸ ਲਈ ਲਾਭਦਾਇਕ ਸੀ ਅਤੇ ਉਹ ਲੋਕਾਂ ਦੇ ਮਨਾਂ ਵਿਚ ਸ਼ੱਕ ਪਾ ਸਕਦੀ ਸੀ। ਮੈਂ ਉਸ ਦੇ ਚੈਲਿੰਜ ਨੂੰ ਅਣਗੌਲਿਆਂ ਕਰ ਦਿੱਤਾ, ਪਰ ਕੁਝ ਦਿਨਾਂ ਬਾਅਦ ਜਦੋਂ ਉਸ ਨੇ ਇਹ ਪੇਸ਼ਕਸ਼ ਫਿਰ ਦੁਹਰਾਈ ਤਾਂ ਮੈਂ ਸੋਚਿਆ, "ਸ਼ਾਇਦ ਉਹ ਇਹ ਸੋਚਦਾ ਹੈ ਕਿ ਮੇਰਾ ਸਮਾਜਿਕ ਤਬਦੀਲੀ ਦੀ ਸਲਾਹ, ਕੋਈ ਭੇਦ ਸੀ। ਪਰ ਮੈਂ ਇਹੋ ਜਿਹੀ ਸਲਾਹ ਹਰ ਉਸ ਆਦਮੀ ਨੂੰ ਦਿੰਦਾ ਹਾਂ, ਜਿਸ ਨੂੰ ਮੈਂ ਮਿਲਦਾ ਹਾਂ।" ਮੈਂ ਭੜਕਿਆ ਨਹੀਂ ਅਤੇ ਕਈ ਪਾਸਿਆਂ ਤੋਂ ਸੁਣਿਆ ਕਿ ਉਹ ਇਸ ਗੱਲ ਵੱਲ ਇਸ਼ਾਰਾ ਕਰਦਾ ਫਿਰਦਾ ਸੀ ਕਿ ਜਦੋਂ ਮੈਂ ਸਾਰੇ ਭੇਦ ਖੋਲ੍ਹੇ ਤਾਂ ਮੈਂ ਸ਼ਰਮਸਾਰ ਹੋਵਾਂਗਾ। ਮੈਂ ਇਸ ਬਾਰੇ ਕਿਹਾ, "ਉਸ ਦੀ ਸਿਖਲਾਈ ਦੇ ਬਾਵਜੂਦ ਉਸ ਨੇ ਮੇਰਾ ਅੰਦਾਜ਼ਾ ਚੰਗੀ ਤਰ੍ਹਾਂ ਨਹੀਂ ਲਾਇਆ। ਮੈਂ ਝੂਠ ਤੋਂ ਇਲਾਵਾ ਹੋਰ ਕਿਸੇ ਚੀਜ਼ ਤੋਂ ਸ਼ਰਮਸਾਰ ਨਹੀਂ ਹੁੰਦਾ।" ਜਦੋਂ ਇਕ ਰਿਪੋਰਟਰ ਵਾਰ ਵਾਰ ਇਸ ਦਾ ਜੁਆਬ ਮੰਗਣ ਲੱਗਾ, ਮੈਂ ਕਿਹਾ, "ਪੜ੍ਹੇ ਲਿਖੇ ਲੋਕਾਂ ਨੂੰ ਮੇਰੇ ਵਰਗੇ ਅਨਪੜ੍ਹ ਅਤੇ *ਫ਼ਕੀਰ* ਆਦਮੀ ਨਾਲ ਬਹਿਸ ਕਰ ਕੇ ਆਪਣਾ ਦਰਜਾ ਨਹੀਂ ਘਟਾਉਣਾ ਚਾਹੀਦਾ।"

ਇਕ ਦਿਨ ਐਂਬੂਲੈਂਸ ਨੂੰ ਬਿਲਕਿਅਸ ਨਾਲ ਇਕ ਸਮਾਗਮ 'ਤੇ ਜਾਂਦਿਆਂ ਹੋਇਆਂ ਮੈਂ ਇਸ ਮੁੱਦੇ ਸੰਬੰਧੀ ਉਸ ਨਾਲ ਗੱਲਬਾਤ ਕੀਤੀ, "ਇਹ ਸਮਝੌਤੇ ਦੀ ਮੁੱਢਲੀ ਸਟੇਜ ਸੀ, ਮੈਂ ਤਾਂ ਪ੍ਰੋਗਰਾਮ ਵੀ ਨਹੀਂ ਸਮਝਿਆ। ਉਹਨਾਂ ਨੇ ਆਪਣੇ ਆਪ

ਹੀ ਘੋਸ਼ਣਾ ਕਿਉਂ ਕੀਤੀ ਅਤੇ ਇਸ ਮੁਕਾਬਲੇ ਵਿਚ ਇੰਨੀ ਛੇਤੀ ਕਿਉਂ ਕੁੱਦਿਆ ?" ਬਿਲਕਿਅਸ ਨੇ ਬੜੀ ਸਮਝਦਾਰੀ ਨਾਲ ਗੱਲ ਕੀਤੀ, "ਤੁਸੀਂ ਬੇਵਕਤ ਭਾਵਆਵੇਗ ਹੋ ਕੇ ਯੋਜਨਾਵਾਂ ਨੂੰ ਖ਼ਤਰਨਾਕ ਬਣਾ ਦਿੰਦੇ ਹੋ। ਇਸ ਤੋਂ ਵੀ ਜ਼ਿਆਦਾ ਤੁਸੀਂ ਕਿਸੇ ਨੂੰ ਬਗ਼ੈਰ ਦੱਸਣ ਤੋਂ ਹੀ ਕਾਬੂ ਕਰ ਲੈਂਦੇ ਹੋ ਅਤੇ ਉਹ ਉੱਲਝਣ ਵਿਚ ਪੈ ਜਾਂਦੇ ਹਨ।" ਮੈਂ ਉਸ ਨਾਲ ਸਹਿਮਤ ਨਾ ਹੋਇਆ, "ਨਹੀਂ ਬਿਲਕਿਅਸ, ਉਹ ਆਪਣੀ ਥੋੜ੍ਹੇ ਸਮੇਂ ਦੀ ਸੋਚ ਅਤੇ ਫ਼ਜ਼ੂਲ ਜਿਹਾ ਪ੍ਰੋਗਰਾਮ ਇਕੱਠਾ ਹੀ ਜ਼ਾਹਿਰ ਕਰ ਦਿੰਦੇ ਹਨ। ਇਹ ਮੌਕਾ ਉਹਨਾਂ ਦਾ ਬੜਾ ਪ੍ਰਚਾਰ ਕਰਦਾ ਹੈ ਅਤੇ ਉਹ ਇਸ ਨੂੰ ਅਪਣਾ ਲੈਂਦੇ ਹਨ। ਹਰ ਕੋਈ ਇਕੋ ਹੀ ਸਕੀਮ ਨੂੰ ਵਿਚਾਰ ਲਈ ਪੇਸ਼ ਕਰਦਾ ਹੈ, ਫਿਰ ਉਸ ਤੋਂ ਇਨਕਾਰ ਜਾਂ ਉਸ ਦੀ ਨਿਖੇਧੀ ਕਰਦੇ ਹਨ। ਇਹ ਲੋਕ ਡਿੱਗ ਪੈਂਦੇ ਹਨ, ਕਿਉਂ ਜੋ ਤੇਜ ਚੱਲਦੇ ਹਨ।" ਮੈਂ ਸਖ਼ਤ ਪ੍ਰਤਿਕ੍ਰਿਆ ਵਿਚ ਵਿਸ਼ਵਾਸ ਨਹੀਂ ਕਰਦਾ ਸਾਂ, ਉਹ ਇਸ ਲਈ ਖੁੱਲ੍ਹੇ ਹੋਏ ਬੇਨਿਯਮ ਬੇਤਰਤੀਬੇ ਢੇਰ ਵਿਚ ਸਖ਼ਤ ਮੁਸ਼ਕਲ ਵਿਚ ਗੰਢ ਦਿੰਦੇ ਹਨ।" ਅਸਲੀ ਸਾਜ਼ਸ਼ੀ ਅਜ੍ਹੇ ਵੀ ਲੁੱਕੇ ਹੋਏ ਸਨ.....ਉਹ ਬਹੁਤ ਖ਼ਤਰਨਾਕ ਸਨ। ਬਿਲਕਿਅਸ ਵੈਨ ਤੋਂ ਥੱਲੇ ਉਤਰੀ ਅਤੇ ਚੌਂਕੀਦਾਰ ਕਹਿੰਦਾ ਹੈ, "ਡਰਾਈਵਰ ਨੂੰ ਐਂਬੂਲੈਂਸ ਵਿਚ ਉਡੀਕਣਾ ਚਾਹੀਦਾ ਹੈ। ਅਸੀਂ ਉਸ ਨੂੰ ਕੁਝ ਖਾਣ ਲਈ ਦਿੰਦੇ ਹਾਂ।" ਇਸ ਤਰ੍ਹਾਂ ਆਮ ਹੁੰਦਾ ਸੀ ਅਤੇ ਇਹ ਮੇਰੀ ਪਤਨੀ ਨੂੰ ਆਪਣੇ ਆਪ ਦੀ ਸ਼ਲਾਘਾ ਦਾ ਮੌਕਾ ਮਿਲਦਾ ਸੀ।

ਮੈਂ ਆਪਣੇ ਸਾਥੀਆਂ ਨਾਲ ਇਕ ਮੀਟਿੰਗ ਵਿਚ ਘੋਸ਼ਣਾ ਕੀਤੀ, "ਸੰਨ 1996 ਵਿਚ ਬਿਲਕਿਅਸ ਅਤੇ ਮੈਂ ਲੋਕਾਂ ਵਿਚ ਜਾਵਾਂਗੇ ਅਤੇ ਆਪਣੇ ਟੋਕਨ ਵੇਚ ਦੇਵਾਂਗੇ। ਅਸੀਂ ਪ੍ਰਬੰਧ ਨੂੰ ਆਪਣੇ ਇਕ ਥੰਮ੍ਹ ਦੇ ਤੌਰ 'ਤੇ ਨਹੀਂ ਵਰਤਾਂਗੇ, ਨਾ ਹੀ ਸਾਨੂੰ ਏਜੰਸੀਆਂ ਦੀ ਲੋੜ ਹੈ। ਜੇ ਸਾਡਾ ਕੰਮ ਸੁਸਤ ਹੋਵੇ, ਜਾਂ ਦੇਰੀ ਹੋ ਜਾਵੇ, ਇਸ ਦਾ ਫ਼ਿਕਰ ਨਾ ਕਰੋ। ਜੇ ਸਾਡੀ ਸਮਾਂ-ਸੂਚੀ ਪਿੱਛੇ ਪੈ ਜਾਂਦੀ ਹੈ, ਇਸ ਦੀ ਚਿੰਤਾ ਨਾ ਕਰੋ। ਸਾਨੂੰ ਕੋਈ ਛੇਤੀ ਨਹੀਂ। ਤਾਰੀਫਾਂ ਡਿੱਗਣ ਢੱਠਣ ਨਾਲ ਮਿਲਦੀਆਂ ਹਨ। ਭਾਵੇਂ ਕਿ ਫੰਡ ਤਾਂ ਸੰਸਾਰ ਬੈਂਕ ਤੋਂ ਵੀ ਲਿਆ ਜਾ ਸਕਦਾ ਹੈ ਜਿਸ ਨਾਲ ਅਸੀਂ ਆਪਣੀ ਸਮਾਂ-ਸੂਚੀ ਬਣਾ ਸਕਦੇ ਹਾਂ, ਅਸੀਂ ਉਸ ਢੰਗ ਨੂੰ ਉਸ ਤਰ੍ਹਾਂ ਹੀ ਨਿਕਾਰਦੇ ਹਾਂ ਜਿਸ ਤਰ੍ਹਾਂ ਵਿਰਾਸਤ ਵਿਚ ਮਿਲੀ ਜਾਇਦਾਦ ਨੂੰ। ਇਹ ਚੰਗਾ ਹੈ ਕਿ ਅਸੀਂ ਕਦਮ-ਬਾ-ਕਦਮ ਆਪਣੇ ਰਿਵਾਇਤੀ ਢੰਗ ਨਾਲ ਅੱਗੇ ਵਧਦੇ ਜਾਈਏ।"

ਸਾਜ਼ਿਸ਼ ਦੀ ਕਹਾਣੀ ਕਿਸੇ ਵੀ ਤਰ੍ਹਾਂ ਅਜ੍ਹੇ ਮੁੱਕੀ ਨਹੀਂ ਸੀ। ਮੈਨੂੰ ਦੱਸਿਆ ਗਿਆ ਕਿ ਕੁਝ ਅਣਜਾਣ ਆਦਮੀ ਤਕਬੀਰ ਅਖ਼ਬਾਰ ਦੇ ਕਤਲ ਕੀਤੇ ਗਏ ਐਡੀਟਰ ਸਲਾਹੁੱਦੀਨ ਦੇ ਦੁਖੀ ਪਰਿਵਾਰ ਕੋਲ ਅਫ਼ਸੋਸ ਕਰਨ ਲਈ ਗਏ ਅਤੇ ਉਸ ਪਰਿਵਾਰ ਨੂੰ ਇਸ ਗੱਲ ਲਈ ਮਨਾਉਣ ਲੱਗੇ ਕਿ ਉਹ ਕੁਝ ਦਸਤਾਵੇਜਾਂ 'ਤੇ

ਦਸਤਖ਼ਤ ਕਰਨ ਜਿਨ੍ਹਾਂ ਵਿਚ ਮੈਨੂੰ ਉਸ ਦਾ ਕਾਤਲ ਹੋਣ ਦੀ ਘੋਸ਼ਣਾ ਕਰਨ। ਸਲਾਹੁੱਦੀਨ ਨੇ ਇਕ ਵਾਰ ਮੇਰੇ ਖ਼ਿਲਾਫ਼ ਇਕ ਲੇਖ ਲਿਖਿਆ ਸੀ, ਪਰ ਬਾਅਦ ਵਿਚ ਉਸ ਨੇ ਇਸ ਲਈ ਅਫ਼ਸੋਸ ਜ਼ਾਹਿਰ ਕੀਤਾ ਅਤੇ ਮੁਆਫ਼ੀ ਮੰਗ ਲਈ। ਅਸੀਂ ਕਚਾਰੀ ਦੇ ਇਕ ਜਲਸੇ ਵਿਚ ਬੜੇ ਚਿਰ ਬਾਅਦ ਮਿਲੇ ਸਾਂ।

ਮੈਂ ਆਪਣੇ ਸਾਥੀਆਂ ਨੂੰ ਕਿਹਾ, "ਉਹ ਅਜੇ ਵੀ ਮੇਰੇ ਵਿਚਾਰਾਂ ਦੇ ਪ੍ਰਸਾਰਣ ਦੇ ਰਸਤੇ ਨੂੰ ਤੋੜਨਾ ਚਾਹੁੰਦੇ ਹਨ। ਕਈ ਲੋਕ ਉਸ ਪ੍ਰਣਾਲੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਜੋ ਮੈਂ ਬਣਾ ਰਿਹਾ ਹਾਂ। ਜਿਸ ਤਰ੍ਹਾਂ ਇਹ ਪਰਮਾਤਮਾ ਵੱਲੋਂ ਕਿਸੇ ਲਈ ਤੋਹਫ਼ਾ ਹੁੰਦਾ ਹੈ, ਦੂਸਰਿਆਂ ਲਈ ਇਹ ਹਊਆ ਹੁੰਦਾ ਹੈ।" ਜਨਰਲ ਜ਼ਿਆ ਨੇ ਪਹਿਲਾਂ ਮੇਰੇ ਬਦਲ ਵਜੋਂ ਕਿਸੇ ਹੋਰ ਸਮਾਜ ਸੇਵਕ ਨੂੰ ਲਾਉਣ ਦੀ ਕੋਸ਼ਿਸ਼ ਕੀਤੀ, ਮੈਨੂੰ ਇਸ ਦਾ ਕੋਈ ਫ਼ਿਕਰ ਨਹੀਂ ਸੀ, ਕਿਉਂ ਜੋ ਤੁਸੀਂ ਹੋਰ ਲੋਕ ਜਮ੍ਹਾਂ ਕਰ ਸਕਦੇ ਹੋ ਪਰ ਤੁਸੀਂ ਠੀਕ ਕੰਮ ਨੂੰ ਨਹੀਂ ਬਦਲ ਸਕਦੇ। ਮੈਂ ਇਹ ਜਾਣ ਸਕਦਾ ਹਾਂ ਕਿ ਹੁਣ ਕੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕਿਹਾ, "ਮੈਨੂੰ ਪਿਛਾਂਹ ਖਿੱਚਣ ਦੀ ਬਜਾਏ ਪ੍ਰਸਿੱਧ ਵਿਅਕਤੀਆਂ ਨੂੰ ਚੰਗੀਆਂ ਸੰਸਥਾਵਾਂ ਬਨਾਉਣੀਆਂ ਚਾਹੀਦੀਆਂ ਹਨ। ਮੇਰਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ। ਮੇਰਾ ਕੰਮ 'ਥੋਕ' ਦਾ ਹੈ, ਉਹਨਾਂ ਨੂੰ ਇਸ ਦੀ ਮਦਦ ਕਰਨੀ ਚਾਹੀਦੀ ਹੈ। ਇਕੱਠੇ ਹੋ ਕੇ ਕੰਮ ਕਰਨਾ ਚੰਗਾ ਹੈ ਨਾ ਕਿ ਵੱਖਰਾ ਵੱਖਰਾ ਕੰਮ ਕੀਤਾ ਜਾਵੇ, ਜਿਹੜਾ ਉਹਨਾਂ ਦਾ ਨਾਂ ਬਣਾਏਗਾ ਅਤੇ ਉਹਨਾਂ ਨੂੰ ਬਹੁਤੀ ਪ੍ਰਸਿੱਧੀ ਦੇਵੇਗਾ, ਪਰ ਦੇਸ਼ ਨੂੰ ਅੱਗੇ ਨਹੀਂ ਲੈ ਜਾਵੇਗਾ।" ਨਵੇਂ ਦਬਾਅ ਦੇ ਗਰੁੱਪ, ਸਮਾਜਿਕ ਭਲਾਈ ਦਾ ਇਨਕਲਾਬ, ਈਦੀ ਫ਼ਾਊਂਡੇਸ਼ਨ ਦੀ ਪ੍ਰਣਾਲੀ 'ਤੇ ਨਿਰਭਰ ਕਰਦਾ ਸੀ। ਜਦੋਂ ਮੈਂ ਇਸ ਨੂੰ ਇਕ ਪੱਧਰ 'ਤੇ ਨਕਾਰ ਦਿੰਦਾ ਤਾਂ ਮੈਂ ਇਸ ਨੂੰ ਭੰਗ ਕਰ ਦਿੰਦਾ ਸਾਂ।

ਚਾਰ ਸਾਲ ਪਹਿਲਾਂ ਮੈਂ ਇਕ 25 ਬੈੱਡ ਦੇ ਕੈਂਸਰ ਹਸਪਤਾਲ ਬਣਾਉਣ ਸੰਬੰਧੀ ਵਿਚਾਰ ਕੀਤੀ ਸੀ ਅਤੇ ਬਹੁਤ ਜਲਦੀ ਵਿਅਸਤ ਤਾਰਿਕ ਰੋਡ 'ਤੇ ਇਕ ਇਮਾਰਤ ਖ਼ਰੀਦ ਲਈ, ਜਿਸ ਵਿਚ ਹਰ ਸਧਾਰਣ ਵਿਅਕਤੀ ਆਸਾਨੀ ਨਾਲ ਪਹੁੰਚ ਸਕੇ। ਇਸ ਨੇ ਅਕਤੂਬਰ 1994 ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਨੇ ਮੁਫ਼ਤ ਦਵਾਈਆਂ ਦੁਆਰਾ ਬਿਮਾਰੀ ਦਾ ਇਲਾਜ-ਪ੍ਰਣਾਲੀ ਅਤੇ ਦਵਾਈਆਂ ਨਾਲ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਜਿਨਾਹ ਹਸਪਤਾਲ ਨੇ ਸਾਨੂੰ ਰੇਡੀਏਸ਼ਨ ਦੀਆਂ ਸਹੂਲਤਾਂ ਦੇ ਦਿੱਤੀਆਂ।

ਟਾਈਮਜ਼ ਮੈਗਜ਼ੀਨ ਦੇ ਪ੍ਰਤਿਨਿਧ ਨੂੰ ਹਸਪਤਾਲ ਵਿਚ ਜਾਣ ਤੋਂ ਪਹਿਲਾਂ ਮੈਂ ਉਸ ਨੂੰ ਵਿਆਖਿਆ ਕੀਤੀ, "ਜਦੋਂ ਇਸ ਪ੍ਰੋਜੈਕਟ ਲਈ 40 ਕਰੋੜ ਰੁਪੈ ਚਾਹੀਦੇ ਸਨ ਤਾਂ ਮੈਂ ਇਸ ਯੋਜਨਾ ਨੂੰ ਨਕਾਰ ਦਿੱਤਾ ਸੀ। ਇਹ ਮੇਰੀ ਵੱਧ ਤੋਂ ਵੱਧ ਸਿੱਟੇ ਅਤੇ ਘੱਟ ਤੋਂ ਘੱਟ ਖ਼ਰਚ ਦੇ ਆਧਾਰ 'ਤੇ ਚੱਲਣਯੋਗ ਨਹੀਂ ਸੀ।" ਮੈਂ ਇਸ ਗੱਲ ਦੀ

ਵਿਆਖਿਆ ਕੀਤੀ ਕਿ ਮੈਂ ਕ੍ਰਮ ਵਾਰ 9 ਅਤੇ 12 ਕਰੋੜ ਦੀ ਦੋ ਰੇਡੀਏਸ਼ਨ ਮਸ਼ੀਨਾਂ ਖ਼ਰੀਦਣੀਆਂ ਕਿਉਂ ਨਕਾਰ ਦਿੱਤੀਆਂ, "ਆਰਥਿਕ ਤੌਰ 'ਤੇ ਇਹ ਸੌਖਾ ਨਹੀਂ ਸੀ। ਉਸ ਯੂਨਿਟ ਨੂੰ ਦੁਬਾਰਾ ਚਾਲੂ ਕਰਨ ਦਾ ਖ਼ਰਚ ਉਸ ਨੂੰ ਸ਼ੁਰੂ ਵਿਚ ਖ਼ਰੀਦਣ ਦੀ ਕੀਮਤ ਤੋਂ ਜ਼ਿਆਦਾ ਆਉਂਦਾ ਹੈ ਅਤੇ ਇਹ ਮੁਦਰਾ ਸਫ਼ੀਤੀ ਕਰਕੇ ਹੋਰ ਵੱਧ ਜਾਵੇਗੀ। ਕੈਂਸਰ ਦੀ ਖੋਜ ਦੇ ਸਿੱਟੇ ਖ਼ਤਮ ਨਹੀਂ ਹੋਏ, ਨਵੀਆਂ ਖੋਜਾਂ ਨਾਲ ਇਲਾਜ ਬਦਲ ਜਾਵੇਗਾ। ਲੋਕਾਂ ਦੇ ਇੰਨੇ ਜ਼ਿਆਦਾ ਪੈਸੇ ਨੂੰ ਲਗਾਤਾਰ ਯੋਗ ਬਿਜਲੀਕਰਣ ਲਈ ਲਾਭ ਉਠਾਉਣਾ ਇਹ ਮੇਰੀ ਆਰਥਿਕ ਵਿਚਾਰਧਾਰਾ ਦੇ ਖ਼ਿਲਾਫ਼ ਹੈ।"

ਸਰਕਾਰੀ ਸਿਹਤ ਰਿਕਾਰਡ ਵਿਚ ਕੈਂਸਰ ਦੇ ਰੋਗੀਆਂ ਦੀ ਸਲਾਨਾ ਰਜਿਸਟਰੇਸ਼ਨ ਇਸ ਗੱਲ ਨੂੰ ਸਾਬਤ ਕਰਦੀ ਸੀ ਕਿ ਕੈਂਸਰ ਦੇ ਰੋਗੀਆਂ ਦੀ ਬਹੁਤ ਥੋੜ੍ਹੀ ਪਹਿਚਾਣ ਹੁੰਦੀ ਸੀ। ਮੈਂ ਇਸ ਦੀ ਵਿਆਖਿਆ ਕੀਤੀ, "ਭਾਵੇਂ ਕਿ ਇਹਨਾਂ ਦੀ ਛਾਣਬੀਣ ਲਗਾਤਾਰ ਵਧ ਰਹੀ ਹੈ, ਜ਼ਿਆਦਾ ਲੋਕ ਇਸ ਬੀਮਾਰੀ ਦੀ ਕਿਸਮ ਦੀ ਪਹਿਚਾਣ ਤੋਂ ਬਗ਼ੈਰ ਹੀ ਮਰ ਜਾਂਦੇ ਹਨ। ਤੀਸਰੀ ਦੁਨੀਆਂ ਦੇ ਲੋਕਾਂ ਕੋਲ ਸਧਾਰਨ ਦਵਾਈਆਂ ਲੈਣ ਦੇ ਵੀ ਸਾਧਨ ਨਹੀਂ ਹਨ; ਕੈਂਸਰ ਦੀ ਹਾਲਤ ਵਿਚ, ਇਥੋਂ ਤਕ ਕਿ ਅਮੀਰ ਵੀ ਜੜ੍ਹਾਂ ਵਾਲੀ ਕੈਂਸਰ ਨੂੰ ਬਹੁਤ ਬਾਅਦ ਵਿਚ ਮਹਿਸੂਸ ਕਰਦੇ ਹਨ। ਗਰੀਬ ਲੋਕਾਂ ਵਿਚ ਇਸ ਬਿਮਾਰੀ ਦੇ ਲੱਛਣ ਪ੍ਰਤੱਖ ਹੋਣ ਦੇ ਬਾਵਜੂਦ ਉਹ ਪਿੰਡ ਦੇ ਹਕੀਮਾਂ ਕੋਲੋਂ ਕੁਝ ਮਿਸ਼ਰਣਾਂ ਅਤੇ ਪਾਊਡਰ ਨਾਲ ਇਲਾਜ ਕਰਦੇ ਹਨ ਜਿਹੜੇ ਪਿੰਡ ਦੇ ਹਕੀਮਾਂ ਕੋਲੋਂ ਪ੍ਰਾਪਤ ਕਰ ਲੈਂਦੇ ਸਨ। ਹਸਪਤਾਲ ਤਾਂ ਤੀਸਰੀ ਜਾਂ ਚੌਥੀ ਸਟੇਜ ਵਿਚ ਸਾਹਮਣੇ ਆਉਂਦੇ ਹਨ, ਜਦੋਂ ਕਿ ਤੁਸੀਂ ਸਿਰਫ਼ ਉਹਨਾਂ ਦੇ ਮਰਨ ਤਕ ਇਕ ਚੰਗੀ ਜ਼ਿੰਦਗੀ ਜੀਉਣ ਦਾ ਇਲਾਜ ਹੀ ਕਰ ਸਕਦੇ ਹੋ।" ਮੈਂ ਆਪਣੀ ਪ੍ਰਾਥਮਿਕਤਾ ਬਾਰੇ ਵਿਆਖਿਆ ਕੀਤੀ, "ਇਕ ਮਰਨ ਵਾਲੇ ਦਾ ਖ਼ਿਆਲ ਰੱਖਣਾ, ਇਹ ਮਨੁੱਖ ਜਾਤੀ ਦਾ ਫ਼ਰਜ਼ ਹੈ, ਪਰ ਬਿਮਾਰ ਨੂੰ ਬਚਾਉਣਾ, ਇਹਨਾਂ ਬੇਘਰਿਆਂ ਨੂੰ ਫਿਰ ਸਥਾਪਿਤ ਕਰਨਾ ਅਤੇ ਸਮਾਜ ਨੂੰ ਆਪਣੀ ਮਦਦ ਆਪ ਕਰਨ ਵੱਲ ਪ੍ਰੇਰਿਤ ਕਰਨਾ, ਇਹ ਮੇਰੇ ਲਈ ਸੰਖੇਪ ਸਾਰ ਹੈ।"

ਕੈਂਸਰ ਹਸਪਤਾਲ ਦੀ ਜਾਂਚ ਲਈ ਟੀਮ ਚਲੀ ਗਈ। ਉਹਨਾਂ ਨੂੰ ਸਾਡੀ ਵਿਚਾਰਧਾਰਾ ਸੰਬੰਧੀ ਸਮਝਾਇਆ ਗਿਆ : "ਇਕ ਉਸ ਤਰ੍ਹਾਂ ਦਾ ਸਮਾਜ, ਜਿਥੇ ਪਰਿਵਾਰ ਦਾ ਮੋਹ ਅਜ੍ਹੇ ਵੀ ਸ਼ਕਤੀਸ਼ਾਲੀ ਹੈ, ਬਿਮਾਰ ਬਹੁਤ ਦੂਰ ਦੇ ਪਿੰਡਾਂ ਤੋਂ ਆਪਣੇ ਪੂਰੇ ਪਰਿਵਾਰ ਦੇ ਨਾਲ ਆਉਂਦੇ ਹਨ। ਅਸੀਂ ਉਹਨਾਂ ਨੂੰ ਈਦੀ ਘਰਾਂ ਵਿਚ ਰੱਖਦੇ ਹਾਂ, ਉਹਨਾਂ ਨੂੰ ਮੁਫ਼ਤ ਖ਼ੁਰਾਕ ਦਿੰਦੇ ਹਾਂ ਅਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਨਿਗਰਾਨੀ ਹੇਠ ਉਹਨਾਂ ਦੀ ਆਪਣੇ ਨਜ਼ਦੀਕੀ ਪਰਿਵਾਰ ਦੇ ਮੈਂਬਰਾਂ ਵੱਲੋਂ ਉਹਨਾਂ ਦੀ ਦੇਖ ਭਾਲ ਕੀਤੀ ਜਾਂਦੀ ਹੈ। ਕਿਉਂ ਜੋ ਕਿਸੇ ਸਧਾਰਨ ਹਸਪਤਾਲ ਦੀ ਮਦਦ ਉਹਨਾਂ ਦੇ ਕੈਂਸਰ ਦੇ ਇਲਾਜ ਲਈ ਜ਼ਰੂਰੀ ਹੈ, ਕੈਂਸਰ ਦੇ ਵਿਸ਼ੇਸ਼ ਡਾਕਟਰ

ਅਤੇ ਸਰਜਨ, ਜਿਨਾਹ ਹਸਪਤਾਲ ਤੋਂ ਬੁਲਾਏ ਜਾਂਦੇ ਹਨ।" ਜਦੋਂ ਕੈਂਸਰ ਦੇ ਰੋਗੀਆਂ ਦਾ ਅਨੁਪਾਤ ਸਾਡੀ ਸਮਰਥਾ ਤੋਂ ਵੱਧ ਜਾਂਦਾ ਸੀ, ਅਸੀਂ ਉਹਨਾਂ ਨੂੰ ਆਪਣੇ ਆਮ ਹਸਪਤਾਲਾਂ ਵਿਚ ਰੱਖਦੇ ਸਾਂ ਅਤੇ ਉਹਨਾਂ ਨੂੰ ਤਾਰਿਕ ਰੋਡ ਹਸਪਤਾਲ ਵਿਚ ਦਵਾਈਆਂ ਨਾਲ ਇਲਾਜ ਕਰਨ ਲਈ ਭੇਜ ਦਿੰਦੇ ਸਾਂ। ਇੰਗਲੈਂਡ ਵਿਚ ਈਦੀ ਫ਼ਾਊਂਡੇਸ਼ਨ ਦਾ ਇਕ ਬਹੁਤ ਪ੍ਰਸਿੱਧ ਹਸਪਤਾਲ ਨਾਲ ਸਮਝੌਤੇ ਅਧੀਨ ਕੈਂਸਰ ਦਾ ਇਲਾਜ ਕਰਨ ਲਈ ਪ੍ਰਬੰਧ ਕਰਦੀ ਹੈ।

ਇਕ ਵਿਦੇਸ਼ੀ ਪੱਤਰਕਾਰ ਮੀਠਾਦਾਰ ਆਇਆ ਅਤੇ ਉਸ ਨੇ ਇਮਰਾਨ ਖ਼ਾਨ ਦੇ ਹਸਪਤਾਲ ਨਾਲ ਮੁਕਾਬਲੇ ਬਾਰੇ ਪੁੱਛਿਆ, "ਇਸ ਵਿਚ ਕੋਈ ਮੁਕਾਬਲਾ ਨਹੀਂ", ਮੈਂ ਕਿਹਾ, "ਅਸੀਂ ਹਰ ਪ੍ਰਕਾਰ ਦੇ ਇਲਾਜ ਲਈ ਥੱਲੇ ਤੋਂ ਕੰਮ ਕਰਦੇ ਹਾਂ। ਸਾਡੇ ਕੋਲ 'ਥੋਕ' ਦੀ ਨੀਤੀ ਹੈ। ਸਿਹਤ ਦੇ ਮਸਲੇ ਵਿਚ ਕਈ ਹੋਰ ਮਸਲੇ ਤਰਜੀਹ ਲੈ ਜਾਂਦੇ ਹਨ, ਜਿਨ੍ਹਾਂ ਨੂੰ ਮੈਂ ਕਦੀ ਵੀ ਛੋਟਾ ਜਾਂ ਫ਼ਜ਼ੂਲ ਖ਼ਰਚ ਪ੍ਰਵਾਨ ਕਰਨ ਲਈ ਨਹੀਂ ਸੀ ਸਮਝਿਆ। ਗਰੀਬਾਂ ਨੂੰ ਮੁੱਢਲੀਆਂ ਸਹੂਲਤਾਂ ਚਾਹੀਦੀਆਂ ਹਨ, ਨਾ ਉਹਨਾਂ ਕਦੀ ਇਸ਼ਰਤ ਦੀਆਂ ਵਸਤੂਆਂ ਵਰਤੀਆਂ ਹਨ, ਨਾ ਉਹ ਉਹਨਾਂ ਦੀ ਖ਼ਾਹਿਸ਼ ਕਰਦੇ ਹਨ। ਰੇਡੀਏਸ਼ਨ ਮਸ਼ੀਨਾਂ, ਵੱਡੀਆਂ ਇਮਾਰਤਾਂ ਦੀ ਤਰ੍ਹਾਂ ਫ਼ਾਊਂਡੇਸ਼ਨ ਦੇ ਕੰਮ ਲਈ ਚੱਲਣ ਯੋਗ ਨਹੀਂ।"

ਮੈਂ ਕਿਸੇ ਤਰ੍ਹਾਂ ਵੀ ਵਿਸ਼ੇਸ਼ ਹਸਪਤਾਲ ਦੇ ਖ਼ਿਲਾਫ਼ ਨਹੀਂ ਸਾਂ ਅਤੇ ਮੈਂ ਵਿਆਖਿਆ ਕੀਤੀ, "ਮੈਂ ਆਪਣੇ ਆਪ ਨੂੰ ਛੋਟਾ ਸਮਝਦਾ ਹਾਂ ਅਤੇ ਸੱਚਾਈ ਦੇ ਨੇੜੇ ਰਹਿਣਾ ਚਾਹੁੰਦਾ ਹਾਂ। ਜਿਹੜੀ ਹਮੇਸ਼ਾ ਮੈਨੂੰ ਅਸਮਾਨ ਵਿਚ ਉੱਡਣ ਤੋਂ ਰੋਕਦੀ ਹੈ, ਲੋਕੀਂ ਉਥੇ ਨਹੀਂ ਰਹਿੰਦੇ, ਉਹ ਜ਼ਮੀਨ ਦੀ ਸਤਾਹ 'ਤੇ ਰਹਿੰਦੇ ਹਨ। ਲੋਕਾਂ ਦਾ ਪੈਸਾ ਉਦੋਂ ਹੀ ਵਧਦਾ ਹੈ, ਜਦੋਂ ਉਸ ਨੂੰ ਵੱਧ ਤੋਂ ਵੱਧ ਉਪਯੋਗਤਾ ਲਈ ਵਰਤਿਆ ਜਾਂਦਾ ਹੈ।" ਮੇਰੀ ਨਿਮ੍ਰ ਜਿਹੀ ਰਾਇ ਅਨੁਸਾਰ ਇਹ ਚੰਗਾ ਸੀ ਕਿ ਲਾਭਦਾਇਕ ਸੰਸਥਾਵਾਂ ਨੂੰ ਆਮ ਹਸਪਤਾਲਾਂ ਵਿਚ ਤਬਦੀਲ ਕਰ ਦਿੱਤਾ ਜਾਵੇ, "ਜੇ ਇਹ ਗ਼ਰੀਬਾਂ ਲਈ ਹੈ ਤਾਂ ਇਸ ਨੂੰ ਲੋਕਾਂ ਦਾ ਸਤਿਕਾਰ ਮਿਲੇਗਾ, ਜਿਵੇਂ ਗੰਗਾ ਰਾਮ ਅਤੇ ਮੇਓ ਹਸਪਤਾਲ।" ਜਦੋਂ ਦੀ ਟਾਈਮਜ਼ ਮੈਗਜ਼ੀਨ ਦੇ ਪ੍ਰਤਿਨਿਧਾਂ ਨੇ ਇਹ ਵਿਚਾਰ ਪ੍ਰਗਟ ਕੀਤੇ ਕਿ ਮਹਾਂਦੀਪਾਂ ਵਿਚ ਉਸ ਨੇ ਕਿਤੇ ਵੀ ਇਹੋ ਜਿਹੀ ਯੋਗਤਾ ਅਤੇ ਲਗਨ ਨਹੀਂ ਵੇਖੀ ਜਿੰਨੀ ਈਦੀ ਫ਼ਾਊਂਡੇਸ਼ਨ ਵਿਚ ਵੇਖੀ ਸੀ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੋਈ।

ਐਂਵੇ ਹੀ ਕਤਲ ਹੋਣੇ, ਕਰਾਚੀ ਦੀ ਰੋਜ਼ ਦੀ ਕਾਰਵਾਈ ਸੀ। ਕਿਉਂ ਜੋ ਹੁਣ ਕਿਸੇ ਗਰੁੱਪ ਜਾਂ ਪਾਰਟੀ ਨਾਲ ਸੰਬੰਧਿਤ ਹੋਣ ਕਰਕੇ ਹੀ ਗੋਲੀ ਨਹੀਂ ਸੀ ਮਾਰੀ ਜਾਂਦੀ, ਕੋਈ ਵੀ, ਕਿਤੇ ਵੀ ਸੁਰੱਖਿਅਤ ਨਹੀਂ ਸੀ। ਦੁਕਾਨਾਂ ਦੇ ਕੇਂਦਰ, ਰੈਸਟੋਰੈਂਟ, ਮਸਜਿਦਾਂ, ਦਫ਼ਤਰ ਅਤੇ ਘਰ, ਹਰ ਖੇਤਰ ਵਿਚ ਖ਼ਤਰਨਾਕ ਜ਼ੋਨ ਸਨ। ਤੁਹਾਨੂੰ ਨਾ

ਅਮੀਰ ਹੋਣ ਦੀ ਲੋੜ ਸੀ, ਨਾ ਗ਼ਰੀਬ ਹੋਣ ਦੀ, ਹਰ ਕੋਈ ਹੀ ਟੀਚਾ ਸੀ। ਕਿਉਂ ਜੋ ਕਤਲ ਹੋਣ ਦਾ ਕੋਈ ਢੰਗ ਨਹੀਂ ਸੀ, ਆਮ ਲੋਕਾਂ ਵਿਚ ਡਰ ਪੈਦਾ ਕੀਤਾ ਗਿਆ ਸੀ। 15, 20, 30 ਲੋਕ ਰੋਜ਼ ਗੋਲੀਆਂ ਨਾਲ ਮਾਰੇ ਜਾਂਦੇ ਸਨ ਅਤੇ ਇਹ ਇਕ ਆਮ ਖ਼ਬਰ ਬਣ ਗਈ ਸੀ। ਸਾਡੇ ਵਿਚੋਂ ਉਹ, ਜੋ ਉਸ ਜਗ੍ਹਾ 'ਤੇ ਅਤੇ ਦਫ਼ਨਾਉਣ ਦੇ ਸਮੇਂ 'ਤੇ ਪਰਿਵਾਰਾਂ ਦੇ ਨਾਲ ਹੁੰਦੇ ਸਨ, ਉਹ ਇਕ ਵੱਡਾ ਦੁਖਾਂਤ ਸੀ ਜੋ ਇਸ ਤੋਂ ਇਕ ਭਿਆਨਕ ਭਵਿੱਖ ਦਾ ਖ਼ਿਆਲ ਦੇ ਰਿਹਾ ਹੁੰਦਾ ਸੀ। ਜਦੋਂ ਦੋ ਅਮਰੀਕੀ ਕੂਟਨੀਤੀਵਾਨਾਂ ਨੂੰ ਮਾਰਿਆ ਗਿਆ, ਉਸ ਵਕਤ ਉਹ ਕੰਨਸੁਲੇਟ ਵੱਲ ਕਾਰ 'ਤੇ ਜਾ ਰਹੇ ਸਨ, ਉਸ ਵਕਤ ਦੋਵਾਂ ਸਰਕਾਰਾਂ ਅਤੇ ਪੱਛਮ ਦਾ ਧਿਆਨ ਇਹਨਾਂ ਦੰਗਿਆਂ ਦੀਆਂ ਕਾਰਵਾਈਆਂ ਵੱਲ ਗਿਆ। ਇਸ ਵਕਤ ਮੈਂ ਟਿੱਪਣੀ ਕੀਤੀ, "ਅਸੀਂ ਕਦੋਂ ਪੱਛਮ ਦੀ ਜ਼ਿੰਦਗੀ ਬਾਰੇ ਕਦਰ ਨੂੰ ਸਿਖਾਂਗੇ, ਉਹਨਾਂ ਦੇ ਦੋ ਸ਼ਹਿਰੀਆਂ ਦਾ ਮੁੱਲ ਸਾਡੇ ਬੇਗਿਣਤ ਮਰਨ ਵਾਲਿਆਂ ਨਾਲੋਂ ਜ਼ਿਆਦਾ ਹੈ।"

ਜਦੋਂ ਕਿ ਕਬੀਲਿਆਂ, ਫ਼ਿਰਕਿਆਂ, ਧਾਰਮਿਕ ਅਤੇ ਰਾਜਨੀਤਕ ਗਰੁੱਪਾਂ ਨੇ ਅਰਾਜਕਤਾ ਪੈਦਾ ਕੀਤੀ ਹੋਈ ਸੀ, ਟਾਵਰ ਤੋਂ ਵਾਇਰਲੈੱਸ 'ਤੇ ਐਂਬੂਲੈਂਸ ਨੂੰ ਹਰ ਦਿਸ਼ਾ ਵਿਚ ਜਾਣ ਦੀਆਂ ਹਿਦਾਇਤਾਂ ਮਿਲਦੀਆਂ ਰਹਿੰਦੀਆਂ। ਮੈਂ ਕੁਝ ਦਿਨਾਂ ਬਾਅਦ ਸਭ ਕੇਂਦਰਾਂ 'ਤੇ ਜਾਂਦਾ ਅਤੇ ਡਰਾਈਵਰਾਂ ਅਤੇ ਸਟਾਫ਼ ਨੂੰ ਹਿਦਾਇਤਾਂ ਦਿੰਦਾ ਰਹਿੰਦਾ, "ਤੁਹਾਡਾ ਫ਼ਰਜ਼ ਸਿਰਫ਼ ਤੇਜ ਚੱਲਣਾ, ਪੀੜਿਤਾਂ ਨੂੰ ਚੁੱਕਣਾ ਅਤੇ ਵੈਨ ਤੇਜ ਚਲਾ ਕੇ ਚਲੇ ਜਾਣਾ ਹੈ। ਕੋਈ ਸਲਾਹ ਦੇਣੀ, ਦਲੀਲ ਦੇਣੀ ਜਾਂ ਉਸ ਘਟਨਾ ਬਾਰੇ ਟਿੱਪਣੀ ਕਰਨਾ ਤੁਹਾਡਾ ਕੰਮ ਨਹੀਂ। ਗੱਲਾਂ ਕਰਨੀਆਂ ਅਤੇ ਰਾਇ ਦੇਣੀ ਤੁਹਾਡਾ ਵਿਸ਼ਾ ਨਹੀਂ।"

ਸਾਡੇ ਆਦਮੀ 24 ਘੰਟੇ ਕੰਮ ਕਰ ਰਹੇ ਸਨ, ਉਹ ਖ਼ਤਰਨਾਕ ਖੇਤਰਾਂ ਵਿਚ ਦਾਖ਼ਲ ਹੁੰਦੇ ਸਨ, ਜਿਥੇ ਪੁਲੀਸ ਅਤੇ ਰੇਂਜਰ ਵੀ ਜਾਣ ਤੋਂ ਝਿਝਕਦੇ ਸਨ। ਕਿਉਂ ਜੋ ਮੀਡੀਆ ਇਸ ਕਠਿਨ ਸਮੇਂ ਵਿਚ ਫ਼ਾਊਂਡੇਸ਼ਨ ਦੀਆਂ ਸੇਵਾਵਾਂ ਬਾਰੇ ਕੁਝ ਵੀ ਨਹੀਂ ਸੀ ਦੱਸਦਾ, ਸਾਡੇ ਡਰਾਈਵਰ ਲੋਕਾਂ ਦੇ ਧਿਆਨ ਵਿਚ ਆਉਣ ਤੋਂ ਬਗੈਰ, ਲੋਕਾਂ ਤੋਂ ਸਿਫ਼ਤ ਕਰਵਾਉਣ ਜਾਂ ਸ਼ਲਾਘਾ ਕਰਵਾਉਣ ਤੋਂ ਬਗ਼ੈਰ ਹੀ ਬਹੁਤ ਕੰਮ ਕਰ ਰਹੇ ਸਨ। ਮੈਂ ਉਹਨਾਂ ਨੂੰ ਯਕੀਨ ਦਿਵਾਉਂਦਾ, "ਜੇ ਉਹ ਸਾਡਾ ਖ਼ਿਆਲ ਰੱਖਣ ਤਾਂ ਇਹ ਸਾਡੇ ਅਨੁਕੂਲ ਨਹੀਂ। ਇਸ ਤਰ੍ਹਾਂ ਕੰਮ ਕਰੋ ਜਿਵੇਂ ਤੁਸੀਂ ਜ਼ਮੀਨ ਦੇ ਥੱਲੇ ਕਰ ਰਹੇ ਹੋ, ਇਹ ਸਮਾਂ ਸੇਵਾ ਦੇ ਪ੍ਰਚਾਰ ਕਰਨ ਕਰਾਉਣ ਦੇ ਅਨੁਕੂਲ ਨਹੀਂ।" ਫਿਰ ਵੀ ਮੈਂ ਸਰਕਾਰੀ ਕਰਮਚਾਰੀ ਨੂੰ ਇਸ ਬਾਰੇ ਕਿਹਾ, "ਜਦੋਂ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਰਹੇ ਹਨ, ਇਹ ਇਕ ਹਮਦਰਦ ਸਮਾਜ ਦੀ ਨਿਸ਼ਾਨੀ ਹੈ। ਜੇ ਤੁਹਾਡੇ ਸਧਾਰਨ ਪ੍ਰਾਪੇਗੰਡੇ ਦੇ ਢੰਗ ਨਾਲ ਸਾਨੂੰ ਸਾਡੀ ਸਾਖ਼ ਵਿਚ ਕਮੀ ਆਏ ਅਤੇ ਮੇਰੀ ਸਾਰੀ ਜ਼ਿੰਦਗੀ ਵਿਚ ਬਣਿਆ ਵਿਸ਼ਵਾਸ ਗਵਾਚ ਜਾਵੇ, ਤਾਂ ਇਸ

ਤਰਫ਼ ਮਨ ਦੀ ਦਿਲਚਸਪੀ ਅਤੇ ਪ੍ਰੇਰਣਾ ਵੀ ਪ੍ਰਭਾਵਿਤ ਹੋਵੇਗੀ। ਫ਼ਾਊਂਡੇਸ਼ਨ ਦੇ ਡਰਾਈਵਰ ਲੋਕਾਂ ਦੇ ਭਲੇ ਲਈ ਆਪਣੀਆਂ ਜਾਨਾਂ ਨੂੰ ਖ਼ਤਰੇ ਵਿਚ ਪਾਉਣ ਤੋਂ ਇਨਕਾਰ ਕਰ ਦੇਣਗੇ। ਫਿਰ ਤੁਸੀਂ ਕੀ ਕਰਨ ਦੀ ਸਲਾਹ ਦੇਵੋਗੇ ?"

ਹਮਦਰਦੀ ਦਾ ਪ੍ਰਬੰਧ ਕਰਨਾ ਮੇਰਾ ਕੰਮ ਸੀ। ਇਹ ਚੰਗਾ ਸੀ ਕਿ ਮੈਨੂੰ ਇਹ ਕਰਦਿਆਂ ਹੋਇਆਂ ਕੋਈ ਵੀ ਨਾ ਵੇਖੇ। ਮੈਂ ਆਪਣੇ ਡਰਾਈਵਰਾਂ ਦੀ ਤਾਰੀਫ਼ ਕਰਦਾ ਸਾਂ ਅਤੇ ਉਹਨਾਂ ਨੂੰ ਹੌਸਲਾ ਦਿੰਦਾ ਸਾਂ, "ਜੇ ਉਹ ਸਾਨੂੰ ਵੇਖਣਗੇ ਤਾਂ ਸਾਡਾ ਕੰਮ ਵੀ ਮੱਠਾ ਪੈ ਜਾਵੇਗਾ, ਅਜੇ ਅਸੀਂ ਕੁਝ ਚਿਰ ਚੁੱਪ ਚਾਪ ਕੰਮ ਕਰੀਏ।" ਮੈਂ ਫ਼ਾਊਂਡੇਸ਼ਨ ਦੀ ਸਥਿਰਤਾ ਵੱਲ ਵਧਦੇ ਖ਼ਤਰੇ ਲਈ ਚੇਤੰਨ ਹੋ ਗਿਆ ਸਾਂ। ਮੇਰੇ ਕੰਮ ਦੀ ਹੱਦ, ਮਾਫ਼ੀਆ ਦੇ ਇਕ ਸ਼ਕਤੀਸ਼ਾਲੀ ਹਿੱਸੇ ਨੂੰ ਸਮਝ ਆਉਂਦੀ ਸੀ ਅਤੇ ਇਹ ਇਕ ਯੋਗ ਮੌਕਾ ਸੀ ਕਿ ਉਸ ਨੂੰ ਬਰਬਾਦ ਕਰ ਦਿੱਤਾ ਜਾਵੇ। ਇਹ ਇਸ ਹੁਣ ਵਾਲੇ ਦੰਗਿਆਂ ਦੇ ਵਾਤਾਵਰਣ, ਜੋ ਸਾਡੇ ਗਿਰਦ ਚੱਲ ਰਿਹਾ ਸੀ, ਉਸ ਦੇ ਉਲਟ ਸੀ।

ਪਾਕਿਸਤਾਨ ਨੂੰ ਅਸਥਿਰ ਕਰਨਾ, ਹੁਣ ਵਾਲੀਆਂ ਹਾਲਤਾਂ ਬਣਾਈ ਰੱਖਣੀਆਂ ਅਤੇ ਜਾਤੀ ਅਹੁਦੇ ਲੈਣੇ, ਇਹ ਸਭ ਕੁੱਝ ਦੇ ਇਕ ਹੀ ਅਰਥ ਸਨ। ਰਾਜਨੀਤਕ ਅਤੇ ਆਮ ਮਾਫ਼ੀਆ, ਆਪਣੇ ਨਾਲ ਦੇ ਲਾਭ ਲੈਣ ਵਾਲਿਆਂ ਨੂੰ ਕਦੀ ਵੀ ਬਰਦਾਸ਼ਤ ਨਹੀਂ ਸਨ ਕਰਦੇ, ਨਾ ਹੀ ਇਸ ਦੀ ਪ੍ਰਸ਼ੰਸਾ ਕਰਦੇ ਸਨ, ਜੋ ਮੈਂ ਬਣਾ ਰਿਹਾ ਸਾਂ। ਮੈਂ ਉਸ ਕਿਸੇ ਦੇ ਅਨੁਕੂਲ ਨਹੀਂ ਸਾਂ ਜੋ ਕੁਝ ਇਨ੍ਹਾਂ ਭ੍ਰਿਸ਼ਟਾਚਾਰ ਵਾਲੀਆਂ ਹਾਲਤਾਂ ਵਿਚ ਬਣ ਗਿਆ ਸੀ, ਜਾਂ ਉਹ ਬਣ ਜਾਵੇਗਾ। ਈਦੀ ਫ਼ਾਊਂਡੇਸ਼ਨ ਦਾ ਉਦੇਸ਼ ਉਹਨਾਂ ਵਾਸਤੇ ਵੱਡਾ ਹਊਆ ਸੀ, ਜਿਸ ਬਾਰੇ ਉਹਨਾਂ ਨੇ ਬਹੁਤ ਦੇਰ ਨਾਲ ਖ਼ਿਆਲ ਕੀਤਾ। ਹੁਣ ਇਹ ਉਹਨਾਂ ਦੀਆਂ ਯੋਜਨਾਵਾਂ ਲਈ ਇਕ ਡਰਾਵਾ ਸੀ। ਲੋਕਾਂ ਦਾ ਜਾਂ ਦੇਸ਼ ਦਾ ਲਾਭ ਉਹਨਾਂ ਨਾਲ ਸੰਬੰਧਿਤ ਨਹੀਂ ਸੀ, "ਉਹ ਲੜਾਈ ਨਾਲ ਇਸ ਦੀ ਬਰਬਾਦੀ ਚਾਹੁੰਦੇ ਸਨ, ਇਹੋ ਵਜਾਹ ਹੈ ਕਿ ਮੁਸਲਮਾਨਾਂ ਨੇ ਕਦੀ ਵੀ ਲੜਾਈ ਦਾ ਅੰਤ ਨਹੀਂ ਵੇਖਿਆ। ਜੇ ਅਸੀਂ ਸਫਲ ਹੋਈਏ ਤਾਂ ਆਪਣੇ ਆਪ ਅੱਗੇ ਵਧਣ ਵਾਲੀ ਉਪਰਲੀ ਜਮਾਤ ਸਿੱਧੇ ਤੌਰ 'ਤੇ ਆਪਣੇ ਆਪ ਨੂੰ ਜ਼ੋਖ਼ਿਮ ਵਿਚ ਸਮਝਦੀ ਹੈ। ਜੇ ਉਹ ਸਾਡੀ ਉਪਯੋਗਤਾ ਵੇਖ ਸਕੇ ਹੁੰਦੇ ਤਾਂ ਉਹਨਾਂ ਨੂੰ ਯਕੀਨ ਹੋ ਜਾਂਦਾ ਕਿ ਅਸੀਂ ਤਾਂ ਹਰ ਉਸ ਕਿਸੇ ਲਈ ਲਾਭਦਾਇਕ ਹੋਵਾਂਗੇ ਜੋ ਰਾਜ ਕਰ ਰਿਹਾ ਹੋਵੇਗਾ, ਪਰ ਇਸ ਲਈ, ਉਹਨਾਂ ਨੂੰ ਸੋਚਣ ਦੀ ਜ਼ਰੂਰਤ ਹੈ ਜੋ ਬਹੁਤ ਕੁਝ ਮੰਗ ਰਹੇ ਹਨ।" ਸਾਨੂੰ ਇਸ ਮਾਫ਼ੀਏ ਦੇ ਖ਼ਿਲਾਫ਼ ਪ੍ਰਤੱਖ ਰੂਪ ਵਿਚ ਸਮਝਿਆ ਜਾਂਦਾ ਸੀ। ਹੋਰ ਜਿਹੜੇ ਦੋ ਗਰੁੱਪਾਂ ਨਾਲ ਸਾਰੀ ਵੱਸੋਂ ਬਣਦੀ ਸੀ, ਉਹ ਜਾਂ ਤਾਂ ਉਹ ਸਨ, ਜੋ ਇਸ ਲੰਮੀ ਬਿਮਾਰੀ ਤੋਂ ਦੂਰ ਹੀ ਰਹਿੰਦੇ ਸਨ ਅਤੇ ਉਹ ਛੇਤੀ ਹੀ ਸ਼ੱਕ ਕਰ ਲੈਂਦੇ ਸਨ ਜਾਂ ਚੁੱਪ ਚਾਪ ਦੀ ਬਹੁ-ਸੰਮਤੀ, ਜੋ ਨਾ ਕੁਝ ਪੜ੍ਹਦੇ ਸਨ ਅਤੇ ਨਾ ਕੁਝ ਸੁਣਦੇ, ਉਹ ਵਾਂਝੇ ਹੀ ਰਹੇਗੀ।

ਕਈ ਉਹਨਾਂ ਬਿਆਨਾਂ ਨੂੰ, ਜੋ ਕਿਸੇ ਲਿਖਤ ਵਿਚ ਨਹੀਂ ਆਉਂਦੇ, ਫੈਲਾਉਂਦੇ ਰਹੇ ਅਤੇ ਮੇਰੇ ਕੋਲ ਰਿਪੋਰਟਰਾਂ ਦੀ ਤਰ੍ਹਾਂ ਹਰ ਰੋਜ਼ ਪਹੁੰਚਦੇ ਰਹਿੰਦੇ ਸਨ, "ਈਦੀ ਦੀ ਜਾਤੀ ਜ਼ਿੰਦਗੀ ਬੜੀ ਐਸ਼-ਇਸ਼ਰਤ ਅਤੇ ਧੋਖੇ ਭਰੀ ਹੈ।" ਜਦੋਂ ਬਿਲਕਿਅਸ ਨੂੰ ਮੈਂ ਦੱਸਿਆ ਤਾਂ ਉਹ ਸ਼ਰਾਰਤ ਭਰੇ ਭਾਵ ਨਾਲ ਹੱਸ ਪਈ, "ਉਹ ਮੈਨੂੰ ਨਹੀਂ ਜਾਣਦੇ।" ਨਾ ਹੀ ਉਹ ਮੈਨੂੰ ਜਾਣਦੇ ਸਨ, ਮੈਂ ਸੋਚਿਆ। ਜਦੋਂ ਮੈਂ ਸੁਣਿਆ, ਮੈਂ ਹੋਰ ਹੈਰਾਨ ਹੋਇਆ, "ਈਦੀ ਦਾ ਨਾਂ ਇਨਟੈਲੀਜੈਂਸ ਦੇ ਰਿਕਾਰਡ ਵਿਚ ਨਰਮ ਅੰਗ ਅਤੇ ਸਰੀਰ ਦੀਆਂ ਹੱਡੀਆਂ ਦੇ ਨਿਰਯਾਤਕਾਰ ਹੋਣ ਕਰਕੇ ਆਉਂਦਾ ਹੈ" ਇਸ 'ਤੇ ਮੈਨੂੰ ਖਿੱਝ ਆਉਂਦੀ ਸੀ, ਇਸ ਨੇ ਮੈਨੂੰ ਜਵਾਬ ਦੇਣ ਲਈ ਮਜ਼ਬੂਰ ਕੀਤਾ। ਮੈਂ ਇਹ ਫ਼ੈਸਲਾ ਕੀਤਾ ਕਿ ਮੈਂ ਇਹ ਵਿਆਖਿਆ ਕਰਾਂ ਕਿ ਕਿਸ ਤਰ੍ਹਾਂ ਉਹ ਗ਼ਲਤ ਅਤੇ ਝੂਠੀਆਂ ਗੱਲਾਂ ਨਾਲ ਅਨਪੜ੍ਹਾਂ ਨੂੰ ਪ੍ਰੇਰ ਲੈਂਦੇ ਹਨ, "ਪਾਕਿਸਤਾਨ ਦੀਆਂ ਹਥਿਆਰਬੰਦ ਫ਼ੌਜਾਂ ਤੋਂ ਇਲਾਵਾ ਜਿਨ੍ਹਾਂ ਲਈ ਨਿਯਮਾਂ ਵਿਚ ਕੁਝ ਰਿਆਇਤ ਦਿੱਤੀ ਗਈ ਹੈ, ਹੋਰ ਹਰ ਇਕ ਨੂੰ ਇਕ ਤਰਤੀਬ ਵਿਚੋਂ ਲੰਘਣਾ ਪੈਂਦਾ ਹੈ। ਨੈਸ਼ਨਲ ਏਅਰਲਾਈਨ ਤੋਂ ਐਕਸਪੋਰਟ ਪ੍ਰਮੋਸ਼ਨ ਬਿਊਰੋ ਅਤੇ ਸਟੇਟ ਬੈਂਕ ਆਫ਼ ਪਾਕਿਸਤਾਨ ਤੋਂ ਨਿਰਯਾਤ ਲਈ ਪ੍ਰਮਿਟ ਲੈਣਾ ਪੈਂਦਾ ਹੈ। ਇਸ ਤਰ੍ਹਾਂ ਦੇ ਮਾਮਲੇ ਨੂੰ ਬਾਹਰ ਆਉਣ ਲਈ ਸਿਰਫ਼ 24 ਘੰਟੇ ਦਾ ਸਮਾਂ ਚਾਹੀਦਾ ਹੈ, ਇਸ ਦਾ ਮੈਂ ਕਿਸ ਤਰ੍ਹਾਂ ਪ੍ਰਬੰਧ ਕਰ ਲਿਆ ਅਤੇ ਮੈਂ ਇਤਨੀ ਭਿਆਨਕ ਅਤੇ ਗੰਭੀਰ ਜ਼ੁਰਮ ਨੂੰ 45 ਸਾਲ ਤਕ ਇੰਨਾ ਲੰਮਾ ਸਮਾਂ ਲੁਕਾ ਕੇ ਰੱਖਿਆ ? ਜਾਂ ਕੀ ਮੇਰੇ ਕੋਲ ਸਰਕਾਰੀ ਮਨਜ਼ੂਰੀ ਸੀ ? ਸ਼ਾਇਦ ਮੈਂ ਇਕ ਸਮਗਲਰ ਵੀ ਹਾਂ ਜੋ ਐਂਬੂਲੈਂਸ 'ਤੇ ਭਾਰਤ ਦੇ ਅੰਦਰ ਅਤੇ ਬਾਹਰ ਆਉਂਦਾ ਹਾਂ। ਕੀ ਇਹਨਾਂ 45 ਸਾਲਾਂ ਵਿਚ ਕਿਸੇ ਨੇ ਵੀ ਇਸ ਐਂਬੂਲੈਂਸ ਨੂੰ ਬਾਰਡਰ ਨੂੰ ਪਾਰ ਕਰਦੇ ਨੂੰ ਨਹੀਂ ਵੇਖਿਆ ?"

ਮੈਂ ਪੜ੍ਹੇ ਲਿਖਿਆਂ ਨੂੰ ਇਸ ਲੋੜੀਂਦੇ ਮੁੱਢਲੇ ਢੰਗ ਲਈ, ਜੋ ਕੁਝ ਚਾਹੀਦਾ ਸੀ, ਉਸ ਬਾਰੇ ਵਿਆਖਿਆ ਕੀਤੀ, "ਕੀ ਉਹ ਇਸ ਗੱਲ ਬਾਰੇ ਅਣਜਾਣ ਹਨ ਕਿ ਸਿਰਫ਼ ਸਿਹਤਮੰਦ ਅੰਗਾਂ ਦੀ ਹੀ ਉਪਯੋਗਤਾ ਹੈ, ਟਰਾਂਸਪਲਾਂਟ ਲਈ ਅੰਗਾਂ ਨੂੰ ਜੀਉਂਦੇ ਵਿਅਕਤੀਆਂ ਕੋਲੋਂ ਅਪਰੇਸ਼ਨ ਕਰ ਕੇ ਲਿਆ ਜਾਂਦਾ ਹੈ ? ਇਸ ਨੂੰ ਕੋਈ ਮਾਹਿਰ ਹੀ ਕਰ ਸਕਦੇ ਹਨ ਅਤੇ ਇਸ ਲਈ ਅੰਗ ਨੂੰ ਲੈਣ ਅਤੇ ਦੂਸਰੇ ਵਿਅਕਤੀ ਵਿਚ ਟਰਾਂਸਪਲਾਂਟ ਕਰਨ ਲਈ ਅੱਠ ਘੰਟੇ ਦਾ ਸਮਾਂ ਚਾਹੀਦਾ ਹੈ। ਦਿਮਾਗ ਤੋਂ ਬਾਅਦ, ਦਿਲ ਦੇ ਫ਼ੇਲ੍ਹ ਹੋਣ ਦੇ ਕੁਝ ਪਲਾਂ ਵਿਚ ਹੀ ਗੁਰਦੇ ਫ਼ੇਲ੍ਹ ਹੋ ਜਾਂਦੇ ਹਨ, ਜਦੋਂ ਕਿ ਜਿਹੜੀਆਂ ਲਾਸ਼ਾ ਈਦੀ ਫ਼ਾਊਂਡੇਸ਼ਨ ਕੋਲ ਆਉਂਦੀਆਂ ਹਨ, ਉਹ ਜਾਂ ਤਾਂ ਗਲੀਆਂ-ਸੜੀਆਂ ਹੁੰਦੀਆਂ ਹਨ ਜਾਂ ਪੂਰੀ ਤਰ੍ਹਾਂ ਖ਼ਤਮ ਹੋਈਆਂ ਹੁੰਦੀਆਂ ਹਨ।"

ਜਿਸ ਤਰ੍ਹਾਂ ਮੈਂ ਕਿਸੇ ਵੀ ਸਿਆਸੀ ਪਾਰਟੀ ਨਾਲ ਸੰਬੰਧ ਨਹੀਂ ਸਾਂ ਰੱਖਦਾ, ਇਸ ਲਈ ਮੈਂ ਖ਼ਾਸ ਤੌਰ 'ਤੇ ਕਿਸੇ ਦੇ ਵਿਰੁੱਧ ਨਹੀਂ ਸਾਂ। ਕਿਹੜਾ ਰਾਜ ਕਰ ਰਿਹਾ ਸੀ ਅਤੇ ਕਿਹੜਾ ਵਿਰੋਧੀ ਪਾਰਟੀ ਵਿਚ ਸੀ, ਇਸ ਨਾਲ ਮੇਰਾ ਕੋਈ ਸੰਬੰਧ ਨਹੀਂ। ਨਾ

ਹੀ ਮੈਨੂੰ ਕਿਸੇ ਹੋਰ ਮਾਰਸ਼ਲ ਲਾਅ ਲੱਗਣ ਦਾ ਫ਼ਿਕਰ ਸੀ। ਮੇਰਾ ਕੰਮ ਆਪਣੀ ਰਫ਼ਤਾਰ ਨਾਲ ਕਦਮ-ਕਦਮ ਕਰ ਕੇ ਅੱਗੇ ਵਧ ਰਿਹਾ ਸੀ ਅਤੇ ਇਸ ਦੇ ਬਾਵਜੂਦ ਕਿ ਸਾਡਾ ਨਿਰੀਖਕ ਇਤਿਹਾਸ ਵੰਡਿਆ ਹੋਇਆ ਸੀ, ਤਾਨਾਸ਼ਾਹੀ ਅਤੇ ਉਸ ਤੋਂ ਬਾਅਦ ਉਸ ਦੀਆਂ ਬੇਨਿਯਮੀਆਂ ਦਾ ਸਾਹਮਣਾ ਕਰਦਾ ਰਿਹਾ ਸੀ। ਮੈਂ ਇਹ ਭ੍ਰਿਸ਼ਟਾਚਾਰ ਅਤੇ ਹੋਰ ਪ੍ਰਤੱਖ ਬੁਰਾਈਆਂ ਦੇ ਬਾਵਜੂਦ ਵਿਕਾਸ ਕਰ ਰਿਹਾ ਸਾਂ। ਮੈਂ ਕਈ ਫ਼ੌਜੀ ਅਫ਼ਸਰਾਂ ਨੂੰ ਦੱਸਿਆ, "ਅਸੀਂ ਤੁਹਾਡੇ ਸਰੀਰ ਦਾ ਉਹ ਹਿੱਸਾ ਹਾਂ, ਜੋ ਬਿਮਾਰੀ ਤੋਂ ਬਚ ਜਾਂਦਾ ਹੈ, ਜਦੋਂ ਕਿ ਤੁਸੀਂ ਅਪੰਗਾਂ ਨਾਲ ਲੰਗੜਾ ਕੇ ਚੱਲੋਗੇ, ਤੁਹਾਡੇ ਸਰੀਰ ਦੇ ਕਿਸੇ ਸਿਹਤਮੰਦ ਹਿੱਸੇ ਦਾ ਕੱਟਣਾ ਤੁਹਾਨੂੰ ਕਬਰ ਵਿਚ ਸੁੱਟ ਦੇਵੇਗਾ।"

ਪ੍ਰਮੁੱਖ ਅਫ਼ਸਰਾਂ ਦੀ ਇਕ ਮੀਟਿੰਗ ਵਿਚ ਮੈਂ ਕਿਹਾ, "ਜਦੋਂ ਕਿ ਤੁਸੀਂ ਢਾਂਚੇ ਨੂੰ ਤੋੜ ਰਹੇ ਹੋ, ਮੈਂ ਇਕ ਪ੍ਰਣਾਲੀ ਨੂੰ ਚਾਰ ਦਹਾਕਿਆਂ ਤੋਂ ਬਣਾ ਰਿਹਾ ਹਾਂ। ਤੁਸੀਂ ਪੁਲੀਸ ਇੰਸਪੈਕਟਰਾਂ, ਜੇਲ੍ਹਰਾਂ, ਪਾਰਲੀਮੈਂਟ ਮੈਂਬਰਾਂ, ਵਜ਼ੀਰਾਂ ਅਤੇ ਪ੍ਰਧਾਨ ਮੰਤਰੀਆਂ ਦੇ ਚਿਹਰਿਆਂ ਨੂੰ ਬਦਲ ਕੇ ਕੁਝ ਵੀ ਨਹੀਂ ਬਦਲ ਸਕਦੇ। ਪ੍ਰਣਾਲੀ ਨੂੰ ਸਾਡੇ ਢੰਗ ਅਨੁਸਾਰ ਬਦਲ ਦਿਉ, ਫਿਰ ਚਿਹਰੇ ਆਪਣੇ ਆਪ ਲੋਕ ਸੇਵਕਾਂ ਨਾਲ ਬਦਲ ਜਾਣਗੇ।"

ਜਦੋਂ ਕੋਈ ਇਹ ਗੱਲ ਕਰਦਾ ਕਿ ਸਫਲਤਾ ਤਾਂ ਮੇਰੇ ਕੰਮ ਦਾ ਕੁਦਰਤੀ ਇਨਾਮ ਹੈ ਤਾਂ ਮੈਂ ਵਿਆਖਿਆ ਕਰਦਾ, "ਸਵਾਬ ਅਤੇ ਬਰਕਤ ਪਰਮਾਤਮਾ ਦੇ ਅਧਿਕਾਰ ਵਿਚ ਹੈ। ਅਸੀਂ ਇਸ ਸਥਿੱਤੀ ਵਿਚ ਨਹੀਂ ਕਿ ਇਸ ਦੀ ਮੰਗ ਕਰੀਏ ਅਤੇ ਇਹ ਦੱਸੀਏ ਕਿ ਉਹ ਸਾਨੂੰ ਕਿਸ ਲਈ ਕੀ ਦੇਵੇ।" ਉਹਨਾਂ ਲੋਕਾਂ ਨੂੰ ਜੋ ਇਹ ਪ੍ਰਾਰਥਨਾ ਕਰਦੇ ਸਨ ਕਿ ਬਹੁਤ ਸਾਰੇ ਲੋਕ ਸਾਡੇ ਵਰਗੇ ਹੋ ਜਾਣ, ਮੈਂ ਉਹਨਾਂ ਨੂੰ ਕਹਿੰਦਾ, "10 ਈਦੀ ਅਤੇ 10 ਬਿਲਕਿਅਸ ਦਾ ਕੋਈ ਮੁੱਲ ਨਹੀਂ। ਵਿਅਕਤੀਆਂ 'ਤੇ ਜ਼ੋਰ ਦੇਣਾ ਸਿਰਫ਼ ਚਾਪਲੂਸੀ ਨੂੰ ਪਾਲਦਾ ਹੈ।"

ਕਈ ਸਾਲਾਂ ਬਾਅਦ ਉਥੇ ਕਈ ਸਨ, ਜੋ ਅਜ੍ਹੇ ਵੀ ਸ਼ਿਕਾਇਤ ਕਰਦੇ ਸਨ ਅਤੇ ਸੁਆਲ ਕਰਦੇ ਸਨ, "ਤੁਸੀਂ ਆਪਣੀਆਂ ਐਂਬੂਲੈਂਸਾਂ ਵਿਚ ਇਸਾਈ ਅਤੇ ਹਿੰਦੂਆਂ ਨੂੰ ਕਿਉਂ ਉਠਾਉਂਦੇ ਹੋ ?" ਅਤੇ ਮੈਂ ਫਿਰ ਵੀ ਕਹਿੰਦਾ ਸਾਂ, "ਕਿਉਂ ਜੋ ਐਂਬੂਲੈਂਸ ਤੁਹਾਡੇ ਨਾਲੋਂ ਜ਼ਿਆਦਾ ਮੁਸਲਿਮ ਹੈ।" ਮੈਂ ਖਿੱਝ ਜਾਂਦਾ ਅਤੇ ਇਸ ਲਈ ਕੜਕਦਾ ਜਵਾਬ ਦਿੰਦਾ, "ਅਸੀਂ ਹਰ ਇਕ ਨੂੰ ਚੁੱਕਾਂਗੇ। ਜੇ ਤੁਹਾਨੂੰ ਇਤਰਾਜ਼ ਹੈ ਤਾਂ ਆਪਣੀ ਐਂਬੂਲੈਂਸ ਖ਼ਰੀਦ ਲਉ ਅਤੇ ਮੇਰੀ ਐਂਬੂਲੈਂਸ ਵਿਚ ਨਾ ਬੈਠੋ।" ਕਈ ਵਾਰ ਖਿੱਝ ਕੇ ਮੈਂ ਇਹ ਕਲਪਨਾ ਕਰਦਾ, "ਜੇ ਕਿਤੇ ਮੈਂ ਸਟਾਲਿਨ ਹੁੰਦਾ !"

ਕਈ ਲੋਕ ਆਲੋਚਨਾ ਕਰਦੇ, "ਕਈ ਸਾਲਾਂ ਤੋਂ ਬਾਅਦ ਅਜੇ ਵੀ ਈਦੀ ਕੋਲ ਸਜ਼ੂਕੀ ਐਂਬੂਲੈਂਸਾਂ ਕਿਉਂ ਹਨ ? ਉਸ ਨੇ ਇਨ੍ਹਾਂ ਨੂੰ ਟਿਓਟਾ ਵਿਚ ਕਿਉਂ ਨਹੀਂ ਬਦਲ ਲਿਆ ?" ਉਹਨਾਂ ਨੂੰ ਕੌਣ ਸਮਝਾਵੇ ਕਿ ਸਜ਼ੂਕੀ ਦੇ ਪਾਰਟਸ ਸਸਤੇ ਹਨ, "ਇਹ ਈਦੀ ਫ਼ਾਊਂਡੇਸ਼ਨ ਦਾ ਉਦੇਸ਼ ਨਹੀਂ ਕਿ ਉਹ ਇਕ ਹੋਰ ਵੀ.ਆਈ.ਪੀ. ਸੇਵਾ

ਪ੍ਰਦਾਨ ਕਰੇ। ਜਿਸ ਦੇਸ਼ ਵਿਚ 12 ਕਰੋੜ ਵੱਸੋਂ ਮੁੱਢਲੀਆਂ ਲੋੜਾਂ ਲਈ ਚਿੱਲਾ ਰਹੀ ਹੈ, ਉਥੇ ਇਸ਼ਰਤ ਨਹੀਂ ਮਿਲਦੀ। ਕਿਉਂ ਜੋ ਸਾਡਾ ਉਦੇਸ਼ ਬਹੁ-ਸੰਮਤੀ ਦੀਆਂ ਲੋੜਾਂ ਪੂਰੀਆਂ ਕਰਨਾ ਹੈ, ਇਕ ਅਮੀਰ ਆਦਮੀ ਨੂੰ ਵੀ ਉਸ ਹੀ ਵਾਹਨ ਵਿਚ ਜਾਣਾ ਪਵੇਗਾ, ਜਿਸ ਵਿਚ ਗਰੀਬਾਂ ਨੂੰ ਹਸਪਤਾਲਾਂ ਨੂੰ ਲਿਜਾਇਆ ਜਾਂਦਾ ਹੈ। ਜੇ ਇਕ ਫ਼ੀਸਦੀ ਲੋਕ ਸਾਡੇ ਮਿਆਰ ਨੂੰ ਪਸੰਦ ਨਹੀਂ ਕਰਦੇ, 99 ਫ਼ੀਸਦੀ ਲੋਕਾਂ ਨੂੰ ਉਸ ਦੀ ਲੋੜ ਹੈ। ਅਸੀਂ ਸਰਕਾਰ ਦੀ ਤਰ੍ਹਾਂ ਅਮਲ ਕਰਦੇ ਹਾਂ, ਸਾਡੀ ਦੌੜ ਉਸ ਨਾਲ ਹੈ।"

ਕਈ ਵਾਰ ਮੈਂ ਆਪਣੀਆਂ ਸੇਵਾਵਾਂ ਦੀ ਇਸ ਤਰ੍ਹਾਂ ਦੀ ਮੰਗ ਤੋਂ ਗੁੱਸੇ ਹੋ ਜਾਂਦਾ, "ਜੇ ਉਹ ਕਹਿੰਦੇ ਹਨ ਕਿ ਮੈਂ ਘੱਟ ਸੇਵਾ ਪ੍ਰਦਾਨ ਕਰਦਾ ਹਾਂ ਅਤੇ 24 ਘੰਟੇ ਦੀ ਐਮਰਜੈਂਸੀ ਪ੍ਰਣਾਲੀ 'ਸੂਦ' ਅਤੇ 'ਹਰਾਮ' ਨਾਲ ਪ੍ਰਦਾਨ ਕਰਦਾ ਹਾਂ ਤਾਂ ਉਹਨਾਂ ਨੂੰ ਮੇਰੀ ਐਂਬੂਲੈਂਸ ਨੂੰ ਵਰਤਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਮੈਨੂੰ ਦੱਸ ਦਿਉ ਕਿ ਤੁਸੀਂ ਕੋਈ ਮਦਦ ਨਹੀਂ ਲੈਣਾ ਚਾਹੁੰਦੇ, ਮੈਂ ਕਿਸੇ ਹੋਰ ਦੇਸ਼ ਵਿਚ ਕੰਮ ਲੱਭ ਸਕਦਾ ਹਾਂ। ਦੁਨੀਆਂ ਲੋੜਵੰਦ ਲੋਕਾਂ ਨਾਲ ਭਰੀ ਪਈ ਹੈ, ਉਹ ਹਰ ਜਗ੍ਹਾ 'ਤੇ ਹਨ। ਮੈਂ ਤੁਹਾਨੂੰ ਛੱਡ ਸਕਦਾ ਹਾਂ ਅਤੇ ਦੂਰ ਚਲਾ ਜਾਵਾਂਗਾ।" ਮੈਂ ਹਰ ਤਰ੍ਹਾਂ ਦੀ ਮੁਸੀਬਤ ਲਈ ਤਿਆਰ ਸਾਂ ਅਤੇ ਆਪਣੇ ਸਾਥੀਆਂ ਨੂੰ ਕਹਿੰਦਾ ਸਾਂ, "ਜੇ ਸਾਨੂੰ ਪਾਕਿਸਤਾਨ ਵਿਚ ਨਿਸ਼ਾਨਾ ਬਣਾਇਆ ਗਿਆ, ਅਸੀਂ ਪ੍ਰਵਾਸ ਕਰ ਜਾਵਾਂਗੇ। ਅਸੀਂ ਉਥੇ ਕੰਮ ਲੱਭ ਲਵਾਂਗੇ ਜਿਥੇ ਗ਼ਰੀਬ ਰਹਿੰਦੇ ਹਨ। ਇਹ ਪ੍ਰਣਾਲੀ ਹਰ ਜਗ੍ਹਾ 'ਤੇ ਆਸਾਨੀ ਨਾਲ ਸਥਾਪਿਤ ਕੀਤੀ ਜਾ ਸਕਦੀ ਹੈ।" ਕਈ ਵਿਦੇਸ਼ੀ ਹਲਕਿਆਂ ਨੇ ਮੈਨੂੰ ਆਪਣੀ ਨਾਗਰਿਕਤਾ ਅਪਨਾਉਣ ਦੀ ਪੇਸ਼ਕਸ਼ ਕੀਤੀ ਸੀ ਅਤੇ ਹਰ ਰੋਜ਼ ਇਕ ਘੰਟਾ ਰਾਸ਼ਟਰੀ ਟੈਲੀਵਿਜ਼ਨ 'ਤੇ ਸਾਡਾ ਪ੍ਰੋਗਰਾਮ ਵਿਖਾਉਣ ਲਈ ਅਤੇ ਬੋਲਣ ਲਈ ਉੱਤਸਾਹਿਤ ਕਰਦੇ ਸਨ।

ਗੋਇਥੇ ਇੰਸਟੀਚਿਊਟ ਦੇ ਜਰਮਨ ਟੈਲੀਵਿਜ਼ਨ 'ਤੇ ਫ਼ਾਊਂਡੇਸ਼ਨ ਦੇ ਕੰਮ ਨੂੰ ਅਸੀਂ ਵੇਖਿਆ। ਇਸ ਨੂੰ ਲੋਕਾਂ ਦਾ ਬਹੁਤ ਵੱਡਾ ਹੁੰਗਾਰਾ ਮਿਲਿਆ ਸੀ, ਜਿਸ ਨਾਲ ਜਰਮਨੀ ਦੇ ਰਾਸ਼ਟਰਪਤੀ ਨੂੰ ਇਸ ਬਸੰਤ ਰੁੱਤ ਦੇ ਦੌਰੇ 'ਤੇ ਆਪਣੇ ਪ੍ਰੋਗਰਾਮ ਵਿਚ ਸਾਡੇ ਕੋਲ ਆਉਣ ਲਈ ਪ੍ਰੇਰਿਤ ਕੀਤਾ ਸੀ। ਵਾਪਸ ਆਉਂਦਿਆਂ ਹੋਇਆਂ ਮੈਂ ਕਿਹਾ, "ਸਾਡੇ ਕੰਮ ਨੂੰ ਕਿਸੇ ਨੇ ਆਪਣੇ ਦੇਸ਼ ਦੇ ਟੈਲੀਵਿਜ਼ਨ ਵਿਚ ਇੰਨੀ ਮਹੱਤਤਾ ਨਹੀਂ ਦਿੱਤੀ ਗਈ। ਸ਼ਾਇਦ ਦੁਨੀਆਂ ਦੇ ਸਿਆਣੇ ਲੋਕ ਤੀਸਰੀ ਦੁਨੀਆਂ ਦੇ ਲੋਕਾਂ ਨੂੰ ਉੱਪਰ ਚੁੱਕਣ ਲਈ ਇਸ ਦੀ ਲੋੜ ਨੂੰ ਮਹਿਸੂਸ ਕਰਨਗੇ।" ਮੈਂ ਕਈ ਡਿਪਲੋਮੈਟਾਂ ਨੂੰ ਕਿਹਾ, "ਇਸ ਤਰ੍ਹਾਂ ਦੀ ਚੰਗੀ ਸੰਚਾਰ ਪ੍ਰਣਾਲੀ ਸਥਾਪਿਤ ਕਰਨੀ ਚਾਹੀਦੀ ਹੈ ਕਿ ਹੁਣ ਤੋਂ ਹੀ ਹਰ ਜੰਗਲ ਵਿਚ ਵੀ ਚੇਤਨ ਆਦਮੀ ਹੋਣਾ ਚਾਹੀਦਾ ਹੈ। ਸਾਨੂੰ ਚੇਤਨਾ ਪੈਦਾ ਕਰਨ ਲਈ ਇਕ ਹੋਰ ਸਦੀ ਕਿਉਂ ਚਾਹੀਦੀ ਹੈ ? ਹੁਣ ਹੀ ਬਦਲੋ, ਵੰਡੋ ਅਤੇ ਫੈਲਾਉ ਤਾਂ ਕਿ ਨਵਾਂ ਯੁਗ ਸ਼ੁਰੂ ਹੋ ਸਕੇ। ਇਸ ਲਈ ਇਹ ਸਮਾਂ ਹੈ।"

ਮੇਰੇ ਸਾਥੀ ਸਰਕਾਰ ਵੱਲੋਂ ਸਾਡੇ ਕੰਮ ਨੂੰ ਨਾ ਪਹਿਚਾਨਣ ਲਈ ਸ਼ਿਕਾਇਤ ਕਰਦੇ ਸਨ ਪਰ ਮੈਂ ਇਸ ਤੋਂ ਵੀ ਜ਼ਿਆਦਾ ਗੰਭੀਰ ਮਾਮਲੇ 'ਤੇ ਗੱਲ ਕਰ ਰਿਹਾ ਸਾਂ, "ਜੇ ਦੁਨੀਆਂ ਦੇ ਲੀਡਰ ਬਿਜਲੀ ਨਾਲ ਚੱਲਣ ਵਾਲੇ ਮੀਡੀਏ ਦੀ ਵਰਤੋਂ ਕਰਨ ਤਾਂ ਇਸ ਨਾਲ ਸਮਾਜਿਕ ਚੇਤਨਾ ਵਧ ਸਕਦੀ ਹੈ ਅਤੇ ਇਸ ਬੇਤਰਤੀਬੇ ਢੇਰ ਨੂੰ ਸੁਲਝਾਇਆ ਜਾ ਸਕਦਾ ਹੈ। ਇਕ ਮੁੱਢਲਾ ਉਦਾਰਵਾਦੀ ਵਿੱਦਿਆ ਦਾ ਪ੍ਰੋਗਰਾਮ ਇਸ ਨੂੰ ਬਹੁਤ ਡੂੰਘਾਈ ਤਕ ਫੈਲਾ ਸਕਦਾ ਹੈ। ਲੋਕਾਂ ਦੀ ਪੜ੍ਹਨ ਅਤੇ ਲਿਖਣ ਦੀ ਅਯੋਗਤਾ ਨੂੰ ਦੂਰ ਕੀਤਾ ਜਾ ਸਕਦਾ ਹੈ ਜਦੋਂ ਲੋਕ ਠੀਕ ਸੋਚ ਅਤੇ ਵਿਕਾਸ ਵੱਲ ਅੱਗੇ ਵਧਣਗੇ। ਆਧੁਨਿਕ ਯੁਗ ਵੱਲ ਜਾਣ ਦਾ ਇਹ ਹੀ ਇਕ ਰਾਹ ਹੈ, ਕੱਟੜਵਾਦ ਵਿਰੁੱਧ ਇਕ ਹੀ ਹਥਿਆਰ ਹੈ। ਪਰ ਪਹਿਲਾਂ ਉਹਨਾਂ ਨੂੰ ਦੂਰ-ਅੰਦੇਸ਼ੀ ਸੋਚ ਨਾਲ ਸੰਸਾਰ ਅਮਨ ਲਈ ਸੋਚਣਾ ਪਵੇਗਾ, ਨਾ ਕਿ ਘੱਟ ਮਿਆਰੀ ਲੀਡਰਾਂ ਦੇ ਅਧੀਨ ਛੋਟੇ ਛੋਟੇ ਕਬਜ਼ੇ ਰੱਖਣ ਲਈ।"

ਟਾਵਰ ਵਿਚ ਹੁਣ ਇਹਨਾਂ ਡਰਾਵਿਆਂ ਦੀ ਬਹੁਤ ਜ਼ਿਆਦਾ ਭਰਮਾਰ ਹੋ ਗਈ ਸੀ। ਮੇਰੇ ਪਰਿਵਾਰ ਅਤੇ ਮੇਰੇ ਸਾਥੀਆਂ ਨੂੰ ਮੌਤ ਦੇ ਡਰਾਵੇ ਆ ਰਹੇ ਸਨ। ਜਦੋਂ ਮੈਨੂੰ ਇਸ ਦੀ ਗੰਭੀਰਤਾ ਬਾਰੇ ਯਕੀਨ ਹੋ ਗਿਆ ਤਾਂ ਮੈਂ ਉਹਨਾਂ ਨਾਲ ਗੱਲ ਕੀਤੀ, "ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਾਡੇ ਉੱਤੇ ਹਮਲੇ, ਜ਼ਾਤੀ ਹਮਲਿਆਂ ਦੇ ਰੂਪ ਵਿਚ ਹੋਣਗੇ, ਇਕ ਨਿਕਾਰਾਤਮਕ ਮੀਡੀਆ ਪ੍ਰਚਾਰ ਸਾਡੀਆਂ ਐਮਰਜੈਂਸੀ ਸੇਵਾਵਾਂ ਵਿਚ ਰੁਕਾਵਟਾਂ ਪਾ ਕੇ ਹੋਵੇਗਾ। ਚੱਲ ਰਹੀਆਂ ਹਾਲਤਾਂ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ ਕਿ ਕਿਸੇ ਚਲਾਕ ਯੋਜਨਾ ਨਾਲ ਨਿਰਾਸਤਾਂ ਵੱਲ ਵਾਧਾ ਹੋਵੇਗਾ। ਉਹ ਉਦੋਂ ਤਕ ਧੱਕੇ ਲਾਉਣਾ ਚਾਹੁੰਦੇ ਹਨ, ਜਿੰਨਾ ਚਿਰ ਤਕ ਸਿੱਟਾ ਪ੍ਰਾਪਤ ਨਹੀਂ ਹੋ ਜਾਂਦਾ, ਸਾਨੂੰ ਇਕ ਉਪਯੁਕਤ ਅਤੇ ਧਮਾਕਾਖੇਜ ਨਿਸ਼ਾਨਾ ਸਮਝਣਗੇ। ਅਸੀਂ ਉਹਨਾਂ ਲਈ ਵੀ ਟੀਚੇ ਹਾਂ ਜਿਹੜੇ ਸਾਡੇ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ।.....ਜਿਹੜੇ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਾਡਾ ਕੰਮ ਲਾਵਾਰਸ ਲਾਸ਼ਾਂ ਦੇ ਦਫ਼ਨਾਉਣ ਤੋਂ ਅੱਗੇ ਵਧ ਗਿਆ ਹੈ। ਸਿਆਸਤਦਾਨ ਕੋਈ ਸਮੱਸਿਆ ਨਹੀਂ ਹਨ, ਉਹ ਉਸ ਤੋਂ ਦੂਰ ਰਹਿੰਦੇ ਹਨ ਅਤੇ ਉਹ ਹੁਣ ਦੇ ਖ਼ਤਰਿਆਂ ਦਾ ਖ਼ਿਆਲ ਆਪਣੇ ਜਾਤੀ ਲਾਭਾਂ ਲਈ ਚੌਕਸੀ ਰੱਖਦੇ ਹਨ। ਆਪਣੇ ਆਪ ਨੂੰ, ਜਿਸ ਵੀ ਢੰਗ ਨਾਲ ਹੋ ਸਕੇ, ਸੁਰੱਖਿਅਤ ਰੱਖੋ, ਪਰ ਹਮੇਸ਼ਾ ਆਪਣੇ ਸੇਵਾ ਕਰਨ ਦੇ ਫ਼ਰਜ਼ 'ਤੇ ਕਾਇਮ ਰਹੋ।"

ਬਿਲਕਿਅਸ ਦੀਆਂ ਅੱਖਾਂ ਵਿਚੋਂ ਇਸ ਬਾਰੇ ਚਿੰਤਾ ਨਜ਼ਰ ਆਉਂਦੀ ਸੀ, ਜਦੋਂ ਉਸ ਨੇ ਪੁੱਛਿਆ, "ਤੁਸੀਂ ਕਿਉਂ ਫ਼ਿਕਰਮੰਦ ਹੋ ? ਸਾਡੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਹੈ।" ਮੈਂ ਆਪਣੇ ਸਿਰ ਨੂੰ ਝੱਟਕਾ ਦਿੱਤਾ, "ਨਹੀਂ ਬਿਲਕਿਅਸ, ਮਾਫ਼ੀਆ ਨੂੰ ਨੁਕਸਾਨ ਕਰਨ ਲਈ ਕਾਨੂੰਨ ਦੇ ਸਹਾਰੇ ਦੀ ਲੋੜ ਨਹੀਂ। ਦੂਸਰੀ ਤਰਫ਼ ਇਸ ਦੇ

ਬਾਵਜੂਦ ਕਿ ਬਹੁਤ ਕੁਝ ਸਬੂਤ ਵਿਚ ਹੁੰਦਾ ਹੈ, ਉਹ ਬਿਲਕੁਲ ਦੰਡ ਮੁਕਤ ਹੋ ਜਾਂਦੇ ਹਨ। ਨਾ ਤਾਂ ਕਾਤਲ ਲੱਭਦੇ ਹਨ, ਨਾ ਉਹਨਾਂ ਦਾ ਪ੍ਰਭਾਵ ਵਿਗੜਦਾ ਹੈ। ਇਥੋਂ ਤਕ ਕਿ ਉਹਨਾਂ ਦਾ ਸਮਾਜਿਕ ਰੁਤਬਾ ਅਤੇ ਜਗ੍ਹਾ ਉਸ ਤਰ੍ਹਾਂ ਹੀ ਰਹਿੰਦੀ ਹੈ।" ਉਸ ਨੂੰ ਅਜੇ ਵੀ ਹੈਰਾਨੀ ਹੁੰਦੀ ਸੀ, "ਪਰ ਤੁਸੀਂ ਉਸ ਨਾਲ ਲੜ ਸਕਦੇ ਹੋ, ਜਿਸ ਤਰ੍ਹਾਂ ਤੁਸੀਂ ਪਹਿਲੇ ਕਰਦੇ ਸੀ।" ਮੈਂ ਫਿਰ ਆਪਣਾ ਸਿਰ ਝਟਕਦਾ, "ਉਸ ਵੇਲੇ ਮੇਰੇ ਕੋਲ ਸਮੇਂ ਦਾ ਲਾਭ ਸੀ। ਹੁਣ ਇਸ ਤਰ੍ਹਾਂ ਦੇ ਤਜਰਬੇ ਕਰਨ ਅਤੇ ਗ਼ਲਤੀਆਂ ਕਰਨ ਦਾ ਸਮਾਂ ਨਹੀਂ। ਸਿੱਟੇ ਸ਼ੁਰੂ ਕਰਨ ਦਾ ਸਮਾਂ ਜਜ਼ਬਾਤੀ ਅਤੇ ਨਾਜ਼ੁਕ ਹੁੰਦਾ ਹੈ, ਸਿਰਫ਼ ਮੱਧ ਵਿਚ ਰਹਿਣਾ ਜ਼ਿਆਦਾ ਸੁਰੱਖਿਅਤ ਹੈ।"

ਫ਼ੈਸਲ ਬੜਾ ਉਤਸ਼ਾਹੀ ਵਲੰਟੀਅਰ ਬਣ ਗਿਆ ਸੀ, ਜਦੋਂ ਉਸ ਨੇ ਸੁਝਾਅ ਦਿੱਤਾ, ਅਸੀਂ ਆਪਣੇ ਕੰਮ ਕਰਨ ਵਾਲਿਆਂ ਲਈ ਇਕੋ ਜਿਹੀਆਂ ਵਾਸਕਟਾਂ ਬਣਾਉਣ ਦਾ ਆਰਡਰ ਕਰ ਦਿੱਤਾ, ਤਾਂ ਕਿ ਉਹ ਇਕ ਡਿਸਿਪਲਨ ਵਿਚ ਲੱਗਣ ਅਤੇ ਪਹਿਚਾਣੇ ਜਾਣ, ਬਿਲਕਿਅਸ ਉਸ ਨੂੰ ਮਖ਼ੌਲ ਕਰਦੀ, "ਇਹ ਅਮਰੀਕਾ ਨਹੀਂ।" ਮੈਂ ਇਕ ਸੈਂਪਲ ਲਈ ਕਿਹਾ, ਜਿਹੜਾ ਉਸ ਨੇ ਛੇਤੀ ਹੀ ਵਿਖਾ ਦਿੱਤਾ ਕਿ ਅਸੀਂ ਉਸ ਕੰਪਨੀ ਨੂੰ ਆਰਡਰ ਦੇ ਦੇਈਏ। ਮੈਂ ਨਾ ਮੰਨਿਆ, "ਇਥੇ ਇਸ ਤਰ੍ਹਾਂ ਨਹੀਂ ਹੁੰਦਾ, ਕੱਪੜਾ ਕਿਸੇ ਥੋਕ ਦੀ ਮੰਡੀ ਵਿਚੋਂ ਖ਼ਰੀਦੋ ਅਤੇ ਕੇਂਦਰਾਂ 'ਤੇ ਔਰਤਾਂ ਨੂੰ ਉਸ ਨੂੰ ਸਿਊਣ ਲਈ ਕਹੋ। ਪੈਸਾ ਬਚਾਉਣਾ ਸਾਡਾ ਉਦੇਸ਼ ਹੈ। ਤੁਹਾਨੂੰ ਉਹ ਕਦੀ ਨਹੀਂ ਭੁੱਲਣਾ ਚਾਹੀਦਾ।" ਉਸ ਨੇ ਇਸ ਯੋਜਨਾ ਨੂੰ ਪੂਰਾ ਕਰਨ ਲਈ ਆਪਣੀ ਮਾਂ ਦੀ ਮਦਦ ਲੈਣ ਦੀ ਕੋਸ਼ਿਸ਼ ਕੀਤੀ।

ਬਿਲਕਿਅਸ ਹਮੇਸ਼ਾ ਆਪਣੇ ਪੁੱਤਰਾਂ ਬਾਰੇ ਫ਼ਿਕਰਮੰਦ ਰਹਿੰਦੀ ਸੀ, ਹੁਣ ਉਹ ਵਹਿਮੀ ਹੋ ਗਈ ਸੀ ਅਤੇ ਮੈਨੂੰ ਪੁੱਛਣ ਲੱਗੀ, "ਤੁਸੀਂ ਆਪ ਹੀ ਕਹਿੰਦੇ ਹੋ ਕਿ ਤੁਹਾਡੇ ਦੁਸ਼ਮਣ ਫ਼ਾਊਂਡੇਸ਼ਨ ਨੂੰ ਸਾਡੇ ਰਾਹੀਂ ਅਸਥਿਰ ਕਰਨਗੇ। ਫਿਰ ਤੁਸੀਂ ਫ਼ੈਸਲ ਨੂੰ ਇਥੇ ਰਹਿਣ ਲਈ ਕਿਉਂ ਉਤਸ਼ਾਹ ਦਿੰਦੇ ਹੋ ?" ਮੈਂ ਉਸ ਦੇ ਸੁਆਲ ਦਾ ਕਈ ਵਾਰ ਜੁਆਬ ਦੇ ਚੁੱਕਾ ਸਾਂ, ਇਸ ਲਈ ਉਹ ਬੋਲਦੀ ਰਹੀ, "ਹੁਣ ਫ਼ੈਸਲ, ਇਹ ਪੂਰੀ ਤਰ੍ਹਾਂ ਮੰਨ ਗਿਆ ਹੈ ਕਿ ਤੁਹਾਡੀ ਮਿਸਾਲ ਨੂੰ ਅਤੇ ਫ਼ਾਊਂਡੇਸ਼ਨ ਦੀ ਵਿਚਾਰਧਾਰਾ ਨੂੰ ਸੁਰੱਖਿਅਤ ਕਰਨਾ ਜ਼ਿਆਦਾ ਤੋਂ ਜ਼ਿਆਦਾ ਉਸ ਦਾ ਜੀਵਨ ਦਾ ਢੰਗ ਬਣ ਰਿਹਾ ਹੈ।" ਉਸ ਦੇ ਦਿਮਾਗ ਨੇ ਬਿਲਕਿਅਸ ਨੂੰ ਕਾਫ਼ੀ ਬੇਚੈਨ ਕੀਤਾ ਸੀ ਅਤੇ ਉਹ ਉਸ ਨੂੰ ਆਪਣੇ ਤੋਂ ਦੂਰ ਰੱਖਣ ਲਈ ਲਗਾਤਾਰ ਕਹਿੰਦੀ ਰਹਿੰਦੀ, "ਮੈਂ ਉਸ ਨੂੰ ਸਲਾਹ ਦਿੰਦੀ ਹਾਂ ਕਿ ਇਸ ਨਾਲੋਂ ਉਹ ਤਾਂ ਆਪਣੀ ਉਮਰ ਦੇ ਮੁੰਡਿਆਂ ਨਾਲ ਆਪਣਾ ਸਮਾਂ ਕੱਟੇ। ਮੈਂ ਉਸ ਨੂੰ ਕਹਿੰਦੀ ਹਾਂ ਕਿ ਸਾਨੂੰ ਉਸ ਦੀ ਮਦਦ ਦੀ ਲੋੜ ਨਹੀਂ।" ਮੈਂ ਉਸ ਨੂੰ ਪੁੱਛਿਆ ਕਿ ਇਸ ਲਈ ਉਸ ਨੇ ਕੀ ਜਵਾਬ ਦਿੱਤਾ, "ਉਸ ਨੇ ਕਿਹਾ ਕਿ ਬਾਵਜੂਦ ਮੇਰੇ ਇਹ ਕਹਿਣ ਦੇ, ਉਹ ਜਾਣਦਾ ਹੈ ਕਿ ਤੁਹਾਨੂੰ ਉਸ ਦੀ ਲੋੜ ਹੈ।

ਉਹ ਤੁਹਾਡੀਆਂ ਅੱਖਾਂ ਵਿਚ ਇਹ ਵੇਖਦਾ ਹੈ।" ਮੈਂ ਉਸ ਨੂੰ ਕਿਹਾ ਕਿ ਉਸ ਨੂੰ ਨਿਰਉਤਸ਼ਾਹਿਤ ਕਰਨਾ ਬੰਦ ਕਰ ਦੇਵੇ। ਮੇਰੇ ਸਾਥੀਆਂ ਨੇ ਵੀ ਕੋਸ਼ਿਸ਼ ਕੀਤੀ ਕਿ ਉਹ ਫ਼ੈਸਲ ਨਾਲ ਬੱਚਿਆਂ ਵਾਲਾ ਵਿਵਹਾਰ ਨਾ ਕਰੇ, ਪਰ ਉਹ ਵਿਸ਼ਵਾਸ ਨਹੀਂ ਕਰਦੀ ਸੀ ਕਿ ਉਹ ਬੱਚਾ ਨਹੀਂ।

ਈਦੀ ਭੱਜ ਕਿਉਂ ਗਿਆ ? ਇਹ ਇਕ ਉਹ ਸਵਾਲ ਸੀ, ਜੋ ਖ਼ਤਮ ਨਾ ਹੋਇਆ। ਇਸ ਨੇ ਸਾਡੀਆਂ ਛੁਪੀਆਂ ਹੋਈਆਂ ਉੱਲਝਣਾਂ ਦੀਆਂ ਤਰਜੀਹਾਂ ਬਾਰੇ ਜਾਣਕਾਰੀ ਕਰਵਾ ਦਿੱਤੀ, ਮੈਂ ਜਰਨਲਿਸਟਾਂ ਨੂੰ ਕਿਹਾ, "ਇਕ ਮਹੀਨਾ ਇੰਗਲੈਂਡ ਵਿਚ ਰਹਿ ਕੇ ਅਤੇ ਕੁਝ ਸੋਚ ਸਮਝ ਨਾਲ ਦਿੱਤੇ ਬਿਆਨਾਂ ਕਰਕੇ, 45 ਸਾਲਾਂ ਦੀ ਸੇਵਾ ਹਲਕੀ ਹਵਾ ਵਿਚ ਉੱਡ ਗਈ।" ਮੈਂ ਉਹਨਾਂ ਨੂੰ ਪੁੱਛਿਆ, "ਤੁਸੀਂ ਇਨਸਾਫ਼ ਦਾ ਇਕ ਸਰਲ ਢੰਗ ਕਿਉਂ ਨਹੀਂ ਅਪਨਾਉਂਦੇ। ਇਕ ਤੱਕੜੀ ਲਉ, ਮੇਰਾ ਕੰਮ, ਮੇਰੀ ਜ਼ਿੰਦਗੀ, ਮੇਰਾ ਇਰਾਦਾ, ਮੇਰਾ ਦੇਣਾ ਅਤੇ ਲੈਣਾ ਇਕ ਪਲੜੇ ਵਿਚ ਰੱਖ ਲਉ ਅਤੇ ਗਵਾਹੀਆਂ ਲੈ ਕੇ ਫਿਰ ਸੱਚਾਈ ਸਾਬਤ ਕਰੋ। ਦੂਸਰੇ ਪਲੜੇ ਵਿਚ ਮੇਰੇ 'ਤੇ ਲੱਗੇ ਇਲਜ਼ਾਮ ਰੱਖ ਲਉ ਤੇ ਉਹਨਾਂ ਨੂੰ ਵੀ ਗਵਾਹੀਆਂ ਨਾਲ ਸਾਬਤ ਕਰੋ। ਫਿਰ ਅਸੀਂ ਦੁਬਾਰਾ ਗੱਲ ਕਰ ਸਕਦੇ ਹਾਂ।"

ਦੇਸ਼ ਦੀਆਂ ਸਾਰੀਆਂ ਹੀ ਰਾਸ਼ਟਰੀ ਅਖ਼ਬਾਰਾਂ ਦੇ ਪਹਿਲੇ ਸਫ਼ੇ 'ਤੇ ਅੱਧੇ ਸਫ਼ੇ ਦੀਆਂ ਜਕਾਤ ਦੇ ਦਾਨ ਦੀਆਂ ਅਪੀਲਾਂ ਛਾਪੀਆਂ ਗਈਆਂ ਸਨ। ਈਦ ਤੋਂ ਕੁਝ ਦਿਨ ਪਹਿਲਾਂ ਇਹਨਾਂ ਨੂੰ ਖੱਲਾਂ ਦੀਆਂ ਅਪੀਲਾਂ ਨਾਲ ਬਦਲਿਆ ਗਿਆ। ਜਦੋਂ ਇਕ ਪ੍ਰਮੁੱਖ ਜਰਨਲਿਸਟ ਨੇ ਸੁਝਾਅ ਦਿੱਤਾ ਕਿ ਮੈਂ ਉਹਨਾਂ ਦੇ ਹਮਲੇ ਦਾ ਘਾਤ ਲਗਾ ਕੇ ਉਹਨਾਂ ਦੇ ਢੰਗ ਨਾਲ ਜਵਾਬ ਦੇਵਾਂ, ਮੈਂ ਆਪਣੇ ਦੋਸਤਾਂ ਦੇ ਚਿਹਰਿਆਂ 'ਤੇ ਕੋਈ ਬਦਲਾਅ ਨਾ ਵੇਖਿਆ ਅਤੇ ਹੈਰਾਨ ਹੋਇਆ ਕਿ ਉਹ ਕੀ ਸਲਾਹ ਦੇ ਰਹੇ ਸਨ। ਸੂਖ਼ਮ ਨਿਰੀਖਣ ਨਾਲ ਕੀਤੀ ਗਈ ਛਾਣ-ਬੀਣ ਨਾਲ ਮੈਨੂੰ ਯਕੀਨ ਹੋ ਗਿਆ ਅਤੇ ਮੈਂ ਉਸ ਦੀ ਦਿੱਤੀ ਸਲਾਹ ਤੋਂ ਇਨਕਾਰ ਕਰ ਦਿੱਤਾ, "ਇਹ ਮੇਰਾ ਤਰੀਕਾ ਨਹੀਂ ਕਿ ਮੈਂ ਮਸ਼ਹੂਰੀਆਂ 'ਤੇ ਖ਼ਰਚ ਕਰਾਂ, ਇਹ ਵਿਚਾਰ ਫ਼ਜ਼ੂਲ ਹੈ, ਇਸ ਦੇ ਬਾਵਜੂਦ ਵੀ ਕਿ ਨਿਵੇਸ਼ ਨਾਲ ਬਹੁਤ ਦਾਨ ਆਉਂਦਾ ਹੈ। ਮੈਂ ਪਹਿਲਾਂ ਹੀ ਐਂਬੂਲੈਂਸ ਸੇਵਾ ਅਤੇ ਹੋਰ ਸੰਬੰਧਤ ਸਹੂਲਤਾਂ ਨਾਲ ਮਸ਼ਹੂਰੀ ਕਰ ਚੁੱਕਾ ਹਾਂ। ਮਸ਼ਹੂਰੀ 'ਤੇ ਜ਼ਿਆਦਾ ਖ਼ਰਚ ਕਰਨਾ ਫ਼ਾਉਂਡੇਸ਼ਨ ਦੇ ਵਿਚਾਰਾਂ ਤੋਂ ਦੂਰ ਭਟਕਣਾ ਹੈ।" ਅਸੀਂ ਕਾਰਨਾਂ ਅਤੇ ਖ਼ਿਆਲਾਂ ਦਾ ਵਟਾਂਦਰਾ ਕੀਤਾ ਪਰ ਫਿਰ ਵੀ ਮੈਂ ਸਿੱਟਾ ਕੱਢਿਆ, "ਮੈਂ ਕਦੀ ਵੀ ਫ਼ਾਉਂਡੇਸ਼ਨ ਨੂੰ ਮੀਡੀਆ 'ਤੇ ਨਿਰਭਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਸਾਡਾ ਕੰਮ ਹੀ ਇਹ ਦੱਸੇਗਾ।" ਨਾ ਹੀ ਸਾਡੇ ਕੋਲ ਮਸ਼ਹੂਰੀ ਲਈ ਪੈਸਾ ਸੀ ਅਤੇ ਨਾ ਹੀ ਮੈਂ ਲੋਕਾਂ ਨੂੰ ਇਕ ਬੁਲਬਲੇ ਨਾਲ ਪ੍ਰੇਰਿਤ ਕਰਨ ਦਾ ਉਦੇਸ਼ ਹੀ ਰੱਖਦਾ ਸਾਂ। ਅਸੀਂ ਸਿਰਫ਼ ਉਹ ਕੁਝ ਹੀ ਕੀਤਾ ਜਿਸ ਨੂੰ ਲਗਾਤਾਰ ਕਰ ਸਕਦੇ ਸਾਂ, "ਚਲੋ

ਉਹਨਾਂ ਨੂੰ ਉਸ ਨਾਲ ਪਹਿਚਾਨਣ ਦਿਉ, ਜੋ ਅਸਾਂ ਉਹਨਾਂ ਨੂੰ ਪ੍ਰਦਾਨ ਕੀਤਾ ਹੈ। ਸਾਡੀ ਮਸ਼ਹੂਰੀ ਸੱਚਾਈ ਹੈ.....ਅਮਲੀ ਕੰਮ। ਉਹ ਇਸ ਦਾ ਪ੍ਰਤਿਕਰਮ ਕਰਨਗੇ, ਹੌਲੀ ਹੌਲੀ ਪਰ ਪੱਕੀ ਤਰ੍ਹਾਂ।"

ਇਕ ਦਮ ਇਸ ਤਰ੍ਹਾਂ ਦਾ ਵਿਵਹਾਰ, ਉਪਰਲੀ ਜਮਾਤ ਦਾ ਢੰਗ ਸੀ। ਭਾਵੇਂ ਕਿ ਇਸ ਜਮਾਤ ਨਾਲ ਮੇਰਾ ਕੋਈ ਸਿੱਧਾ ਤਜਰਬਾ ਨਹੀਂ, ਮੈਂ ਉਹਨਾਂ ਦੀ ਥੱਲੜੇ ਦਰਜੇ ਦੀ ਸੋਚ ਨੂੰ ਅਤੇ ਉਹਨਾਂ ਦੇ ਰਹਿਣ-ਸਹਿਣ ਦੇ ਉੱਚੇ ਢੰਗ ਨੂੰ ਵਿਰਾਸਤ ਤੋਂ ਹੀ ਪਸੰਦ ਨਹੀਂ ਕਰਦਾ। ਜਿਹੜੀਆਂ ਮਾੜੀਆਂ ਹਾਲਤਾਂ ਦਾ ਮੈਂ ਅਧਿਐਨ ਕੀਤਾ ਸੀ, ਉਹਨਾਂ ਨੇ ਉਹਨਾਂ ਦੇ ਮੁੱਲ ਨੂੰ ਜ਼ੀਰੋ ਤਕ ਥੱਲੇ ਕਰ ਦਿੱਤਾ ਸੀ। ਜਿਵੇਂ ਮੈਂ ਆਪਣੇ ਆਪ ਨੂੰ ਕਿਸੇ ਵੀ ਗਰੀਬ ਆਦਮੀ ਤੋਂ ਥੱਲੇ ਸਮਝਦਾ ਸਾਂ, ਮੈਨੂੰ ਕੁਝ ਵੀ ਮੁਸ਼ਕਲਾਂ ਤੋਂ ਪਰੇ ਅਤੇ ਕੰਟਰੋਲ ਵਿਚ ਨਹੀਂ ਰੱਖ ਸਕਦਾ, ਜਿਨ੍ਹਾਂ ਨੂੰ ਉਪਰਲੀ ਜਮਾਤ ਨੇ ਪੈਦਾ ਕੀਤੀਆਂ ਸਨ। ਮੈਂ ਜਰਨਲਿਸਟਾਂ ਦੇ ਇਕ ਗਰੁੱਪ ਨੂੰ ਵਿਸਥਾਰ ਨਾਲ ਦੱਸਿਆ, "ਮੈਂ ਸਿੱਖਿਆ ਹੈ ਕਿ ਉਹਨਾਂ ਸ਼ਬਦਾਂ ਵਿਚ ਵਿਸ਼ਵਾਸ ਨਹੀਂ ਕਰਨਾ, ਜਿਨ੍ਹਾਂ ਨੂੰ ਅਮਲ ਦੇ ਤਜਰਬੇ ਵਿਚ ਨਹੀਂ ਲਿਆਂਦਾ ਜਾ ਸਕਦਾ। ਕੋਈ 30 ਸਾਲ ਪਹਿਲਾਂ ਮੈਂ ਇਕ ਲੋਕਲ ਬਾਡੀ ਦੀ ਚੋਣ ਲੜੀ ਸੀ ਅਤੇ ਸਮਝ ਗਿਆ ਸਾਂ ਕਿ ਕਿਸ ਤਰ੍ਹਾਂ ਇਕ ਗਰੁੱਪ ਕਬਜ਼ਾ ਕਰਦਾ ਹੈ, ਤੋੜਦਾ ਹੈ ਅਤੇ ਤੁਹਾਨੂੰ ਆਪਣੇ ਕੰਮ ਵੱਲ ਕਿਸ ਤਰ੍ਹਾਂ ਲਿਆਉਣਾ ਚਾਹੁੰਦਾ ਹੈ, ਫਿਰ ਤੁਸੀਂ ਉਹਨਾਂ ਦੇ ਢੰਗਾਂ ਵਿਚ ਫੱਸ ਜਾਉਗੇ ਅਤੇ ਉਸ ਵਿਚ ਸਦਾ ਲਈ ਲੱਗੇ ਰਹੋਗੇ।"

ਅੱਜ *ਈਦ* ਸੀ, ਮੈਂ ਛੋਟੇ ਬਿਲਾਲ ਨੂੰ ਯਾਦ ਕੀਤਾ। ਮਸਜਿਦ ਵਿਚ ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਉਸ ਦੀ ਕਬਰ 'ਤੇ ਗਿਆ। ਹੁਣ ਵੀ ਕਈ ਸਾਲਾਂ ਬਾਅਦ, ਜਦੋਂ ਉਹ ਮੈਨੂੰ ਯਾਦ ਆ ਜਾਂਦਾ, ਉਹ ਦਿਨ ਤਬਾਹ ਹੋ ਜਾਂਦਾ। ਜਸ਼ਨ ਮਨਾਉਣੇ ਖ਼ਤਮ ਹੋ ਜਾਂਦੇ ਸਨ ਅਤੇ ਮੈਂ ਸੂਚਨਾ ਦੇ ਦਫ਼ਤਰ ਤੋਂ ਅਖੀਰ ਵਿਚ ਖੱਲਾਂ ਦੀ ਗਿਣਤੀ ਬਾਰੇ ਪੁੱਛਦਾ। ਕਰਾਚੀ ਦੀ ਹਾਲਤ ਅਤੇ ਉਸ ਦੀਆਂ ਵੱਡੀਆਂ ਵੰਡਾਂ ਕਾਰਨ, ਸਾਡੀ ਇਹ ਗਿਣਤੀ ਹਮੇਸ਼ਾ ਤੋਂ ਘੱਟ ਸੀ। ਅਸੀਂ ਪੰਜਾਬ 'ਤੇ ਨਿਰਭਰ ਕਰ ਰਹੇ ਸਾਂ, ਜਿਥੇ ਸਾਨੂੰ ਇਹ 50% 'ਤੇ ਬੜੀ ਮੁਸ਼ਕਲ ਨਾਲ ਮਿਲ ਰਹੀਆਂ ਸਨ। ਮੈਂ ਆਪਣੇ ਸਟਾਫ਼ ਨੂੰ ਕਿਹਾ ਕਿ ਉਹ *ਜਕਾਤ* ਦੀ ਜਮ੍ਹਾਂ ਰਕਮ ਨੂੰ ਚੈੱਕ ਕਰਨ ਅਤੇ ਸਾਡੇ ਹਿਸਾਬ ਨਾਲ ਮੀਠਾਦਾਰ ਆ ਜਾਣ। ਉਹ ਇਕ ਦਮ ਆਖ਼ਰੀ ਗਿਣਤੀ ਨਾਲ ਆ ਗਏ.....ਉਹ ਵੀ ਬਦਲ ਗਈਆਂ ਸਨ।

ਮੇਰੇ ਦੋਸਤ ਉਦਾਸ ਦਿਸ ਰਹੇ ਸਨ, ਮੈਂ ਉਹਨਾਂ 'ਤੇ ਮੁਸਕਰਾਇਆ, "ਇਹ ਆਦਮੀ ਦਾ ਸੁਭਾਅ ਹੈ। ਲੋਕ ਆਪਣੇ ਪੈਸੇ ਦਾ ਮੁੱਲ ਭੁੱਲ ਜਾਂਦੇ ਹਨ।" ਹਾਂ, ਮੈਂ ਨਿਰਾਸ਼ ਸਾਂ। ਨਹੀਂ, ਬਿਲਕੁਲ ਨਹੀਂ, ਮੈਂ ਉਮੀਦ ਨਹੀਂ ਸੀ ਛੱਡੀ। ਇਹ ਤਾਂ ਆਰਜ਼ੀ ਤੌਰ 'ਤੇ ਇਕ ਕਮੀ ਸੀ। ਪ੍ਰੇਰਣਾ ਕਰਨ ਅਤੇ ਉਤਸ਼ਾਹ ਦੇਣ ਵਾਲਿਆਂ

ਦੀ ਜ਼ਰੂਰਤ ਦੀ ਲੋੜ ਬਣ ਗਈ ਸੀ ਅਤੇ ਜ਼ਰੂਰਤਾਂ ਵੱਧ ਗਈਆਂ ਸਨ। ਅਸੀਂ ਇਸ ਮਾਮਲੇ ਨੂੰ ਕਾਫ਼ੀ ਵਿਸਥਾਰ ਨਾਲ ਘੋਖਿਆ, "ਮੈਂ ਸਮਝਦਾ ਹਾਂ ਕਿ ਸਾਡੀ ਪ੍ਰਾਪਤੀ ਵੀ ਉੱਨੀ ਹੀ ਹੋਈ ਹੈ, ਜਿੰਨੀਆਂ ਇਸ ਸੰਬੰਧੀ ਗ਼ਲਤ-ਫ਼ਹਿਮੀਆਂ ਸਨ, ਕਿਉਂ ਜੋ ਇਹ ਸਖ਼ਤ ਕੰਮ ਅਤੇ ਬਚਤ 'ਤੇ ਅਧਾਰਿਤ ਹੈ। ਜਦੋਂ ਗ਼ਲਤ-ਫ਼ਹਿਮੀਆਂ ਬਦਲ ਜਾਣਗੀਆਂ, ਉਹਨਾਂ 'ਤੇ ਵਿਸ਼ਵਾਸ ਕੀਤਾ ਜਾਵੇਗਾ। ਕਈ ਮੈਨੂੰ ਸ਼ੱਕ ਦਾ ਲਾਭ ਦੇਣਗੇ, ਪਰ ਜ਼ਿਆਦਾਤਰ ਝੂਠ ਦੀ ਤਹਿ ਦੇ ਥੱਲੇ ਵੇਖਣ ਤੋਂ ਉਹ ਫੇਲ੍ਹ ਹੋ ਜਾਣਗੇ। ਜਦੋਂ ਉਹਨਾਂ ਕੋਲ ਆਕ੍ਰਸ਼ਿਤ ਵਿਕਲਪ ਹੈ, ਉਹ ਤੁਹਾਨੂੰ ਸੁਣਨ ਤੋਂ ਬਗ਼ੈਰ ਹੀ ਨਕਾਰ ਦੇਣਗੇ।"

ਘਰ ਵਿਚ ਮੇਰੀ ਪਤਨੀ ਵਸਤੂਆਂ ਨੂੰ ਲਿਸ਼ਕਾਉਣ ਦੀ ਕੋਸ਼ਿਸ਼ ਕਰਨ ਲੱਗੀ। ਮੈਂ ਫ਼ੈਸਲ ਵੱਲ ਸਰਸਰੀ ਨਜ਼ਰ ਨਾਲ ਵੇਖਿਆ, ਜਿਸ ਦਾ ਫ਼ਿਕਰ ਉਸ ਦੇ ਲੁਕਾਉਣ ਦੇ ਬਾਵਜੂਦ ਵੀ ਦਿਸਦਾ ਸੀ ਅਤੇ ਮੈਂ ਉਸ ਨੂੰ ਪੁੱਛਿਆ, "ਸਾਡੀ ਜ਼ਿੰਦਗੀ ਦਾ ਅੰਦਾਜ਼ਾ ਇਕ ਹੀ ਸਮੇਂ 'ਤੇ ਲਾਇਆ ਵੀ ਜਾ ਸਕਦਾ ਹੈ ਅਤੇ ਨਹੀਂ ਵੀ ਲਾਇਆ ਜਾ ਸਕਦਾ। ਜਿਸ ਗੱਲ ਬਾਰੇ ਤੂੰ ਹੁਣ ਚਿੰਤਤ ਹੈਂ, ਕੀ ਉਹ ਵੱਖਰਾ ਹੈ ?" ਉਹ ਆਪਣੇ ਸੰਬੰਧ ਵਿਚ ਦੱਸਣ ਤੋਂ ਝਿਜਕਦਾ ਸੀ, "ਦੂਸਰਿਆਂ ਦੀ ਤਰ੍ਹਾਂ ਜੋ ਤੁਹਾਨੂੰ ਕੰਮ ਕਰਦਿਆਂ ਨੂੰ ਵੇਖਦੇ ਹਨ ਅਤੇ ਤੁਹਾਡੀ ਮਿਸਾਲ ਅਪਨਾਉਣਾ ਚਾਹੁੰਦੇ ਹਨ, ਮੈਂ ਵੀ ਆਪਣੇ ਮੋਢਿਆਂ 'ਤੇ ਭਾਰ ਮਹਿਸੂਸ ਕਰਦਾ ਹਾਂ। ਉਹਨਾਂ ਵਾਂਗ ਹੀ ਮੇਰੇ ਲਈ ਇਹ ਪਵਿੱਤਰ ਹੈ ਕਿ ਮੈਂ ਉਸ ਪ੍ਰਣਾਲੀ ਦੀ ਸੁਰੱਖਿਆ ਕਰਾਂ, ਜਿਸ ਨੂੰ ਪ੍ਰਾਪਤ ਕਰਨ ਲਈ ਤੁਸੀਂ ਅਜੇ ਵੀ ਕੰਮ ਕਰ ਰਹੇ ਹੋ।" ਮੈਂ ਉਸ ਨੂੰ ਪੁੱਛਿਆ ਕਿ ਜੇ ਉਸ ਨੇ ਇਹ ਪਹਿਚਾਣ ਲਿਆ ਸੀ ਤਾਂ ਮੁਸ਼ਕਲ ਕੀ ਸੀ। "ਮੇਰਾ ਖ਼ਿਆਲ ਨਹੀਂ ਕਿ ਸਾਡੇ ਵਿਚੋਂ ਕਿਸੇ ਕੋਲ ਵੀ ਤੁਹਾਡੇ ਜਿੰਨੀ ਸ਼ਕਤੀ ਹੋਵੇਗੀ ਕਿ ਉਹ ਆਪਣੀਆਂ ਜ਼ਿੰਦਗੀਆਂ ਲੋਕ ਸੇਵਾ ਵਿਚ ਲਾ ਦੇਣ। ਮਨੁੱਖ ਜਾਤੀ ਦੀ ਉਸ ਦੀਆਂ ਮੁੱਢਲੀਆਂ ਮੁਸਕਲਾਂ ਤੋਂ ਸੁਤੰਤਰਤਾ ਸੌ ਫ਼ੀਸਦੀ ਪੱਕੇ ਇਰਾਦੇ ਦਾ ਮਾਮਲਾ ਹੈ।" ਸ਼ਰਮ ਦੇ ਨਾਲ ਉਸ ਦਾ ਚਿਹਰਾ ਲਾਲ ਹੋ ਗਿਆ, ਥੱਲੇ ਵੇਖਣ ਲੱਗ ਪਿਆ ਅਤੇ ਕਹਿਣ ਲੱਗਾ, "ਭਾਵੇਂ ਮੈਨੂੰ ਵਿਸ਼ਵਾਸ ਹੈ ਕਿ ਮੈਂ ਬਹੁਤ ਚੰਗਾ ਕਰਾਂਗਾ, ਮੈਂ ਆਪਣੇ ਆਪ ਨੂੰ ਸੁਆਲ ਵੀ ਪੁੱਛਦਾ ਹਾਂ।"

ਮੈਂ ਇਨ੍ਹਾਂ ਪਿੱਛਲੇ ਕੁਝ ਮਹੀਨਿਆਂ ਵਿਚ ਫ਼ੈਸਲ ਨੂੰ ਵਧਦੇ ਹੋਏ ਨੂੰ ਵੇਖਦਾ ਸਾਂ ਕਿ ਉਸ ਦੇ ਖ਼ੁਸ਼ ਰਹਿਣ ਵਾਲੇ ਚਿਹਰੇ ਕਰਕੇ ਵੀ ਉਹ ਗੰਭੀਰ ਅਤੇ ਨਜ਼ਰ ਝੁਕਾ ਕੇ ਰੱਖਣ ਵਾਲਾ ਵਿਅਕਤੀ ਸੀ, ਜੋ ਛੇਤੀ ਨਾਲ ਅੱਕਦਾ ਨਹੀਂ ਸੀ। ਮੈਂ ਉਸ ਨੂੰ ਕਿਹਾ, "ਆਪਣੇ ਆਪ ਨੂੰ ਧੱਕੋ ਨਾ। ਤੁਸੀਂ ਇਸ ਵਿਚ ਆਪਣੇ ਵੱਲੋਂ ਚੰਗਾ ਕਰੋ, ਇਹੋ ਹੀ ਬਹੁਤ ਹੈ।" ਕੁਬਰਾ ਵਿਚ ਉਦਾਸੀ ਦੀਆਂ ਨਿਸ਼ਾਨੀਆਂ ਵੇਖੀਆਂ ਜਾ ਸਕਦੀਆਂ ਸਨ, ਜੋ ਉਹਨਾਂ ਤੋਂ ਇਲਾਵਾ ਸਨ, ਜਿਨ੍ਹਾਂ ਨੇ ਉਸ ਨੂੰ ਜਜ਼ਬਾਤੀ ਤੌਰ 'ਤੇ ਤੋੜ ਕੇ

ਵੱਖਰਾ ਕਰ ਦਿੱਤਾ ਸੀ। ਹੁਣ ਉਹ ਬੇਚੈਨ ਸੀ, ਉਸ ਸੰਬੰਧੀ ਗੁਪਤ ਸਾਜ਼ਿਸ਼ਾਂ, ਇਲਜ਼ਾਮਾਂ ਅਤੇ ਘਾਟੇ ਕਰਕੇ। ਉਸ ਨੇ ਆਪਣੀ ਮਾਂ ਨੂੰ ਦੱਸਿਆ ਸੀ, “ਮੇਰੇ ਬਾਪ ਨੇ ਆਪਣੀ ਜ਼ਿੰਦਗੀ ਦੇ ਦਿੱਤੀ ਹੈ। ਸਾਨੂੰ ਉਹਨਾਂ ਦਾ ਉਦੇਸ਼ ਨੂੰ ਸੁਰੱਖਿਅਤ ਰੱਖਣ ਲਈ ਆਪਣਾ ਆਪ ਦੇ ਦੇਣਾ ਚਾਹੀਦਾ ਹੈ ਅਤੇ ਮੈਂ ਉਸ ਦੇ ਕੰਮ ਨੂੰ ਲਗਨ ਨਾਲ ਕਰਨ ਲਈ ਸੁਤੰਤਰ ਹਾਂ।” ਕੁਬਰਾ ਨੇ ਬੜੀ ਲਗਨ ਨਾਲ ਇਸ ਵਿਚ ਕੰਮ ਕੀਤਾ ਸੀ, ਉਹ ਇਕ ਚੰਗੀ ਪ੍ਰਬੰਧਕ ਸੀ ਅਤੇ ਉਸ ਨੇ ਨਰਸਾਂ ਦੀਆਂ ਟੀਮਾਂ ਅਤੇ ਪਾਕਿਸਤਾਨ ਵਿਚ ਪੂਰਤੀ ਲਈ ਲਿਆਕਤ, ਮਿਹਨਤ ਅਤੇ ਲਗਨ ਵਿਖਾਈ ਸੀ, ਜਦੋਂ ਮੈਂ ਕਾਹਿਰਾ ਵਿਚ ਭੁਚਾਲ ਪੀੜਿਤਾਂ ਲਈ ਰੁੱਝਿਆ ਹੋਇਆ ਸਾਂ। ਉਹ ਅਜੇ ਵੀ ਵਿਆਹ ਬਾਰੇ ਕੋਈ ਗੱਲ ਨਹੀਂ ਸੀ ਸੁਣਨਾ ਚਾਹੁੰਦੀ ਅਤੇ ਇਹ ਘੱਟੋ ਘੱਟ ਵਰਤਮਾਨ ਵਿਚ ਸੰਭਵ ਨਹੀਂ ਸੀ ਲੱਗਦਾ। ਬਿਲਕਿਅਸ ਵੀ ਉਸ ਲਈ ਫ਼ਿਕਰਮੰਦ ਸੀ, “ਉਹ ਤੁਹਾਡੀ ਅਗਵਾਈ ਲੈ ਰਹੀ ਹੈ। ਕੀ ਤੁਸੀਂ ਸੋਚਦੇ ਹੋ ਕਿ ਉਹ ਜੋ ਕੁਝ ਆਪਣੇ ਆਲੇ-ਦੁਆਲੇ ਵੇਖਦੀ ਹੈ, ਉਸ ਤੋਂ ਮੂੰਹ ਮੋੜ ਲਵੇਗੀ ? ਜਿਸ ਤਰ੍ਹਾਂ ਅਸੀਂ ਭਵਿੱਖ ਵਿਚ ਸੋਚਦੇ ਹਾ, ਉਹ ਉਸ ਨੂੰ ਮਜ਼ਬੂਤੀ ਨਾਲ ਖਿੱਚ ਲੈਣਗੇ ਤਾਂ ਉਸ ਲਈ ਸਾਧਾਰਨ ਜੀਵਨ ਦੇ ਮੌਕੇ ਖ਼ਤਮ ਹੋ ਜਾਣਗੇ।” ਮੈਂ ਉਸ ਨੂੰ ਕਿਹਾ ਕਿ ਕੁਬਰਾ ਜੋ ਚਾਹੇ ਕਰੇ, “ਕੁਬਰਾ ਉਹੋ ਕਰੇਗੀ, ਜਿਸ ਦਾ ਉਹ ਵਿਸ਼ਵਾਸ ਕਰਦੀ ਹੈ। ਇਹਨਾਂ ਬੀਤੇ ਦਸਾਂ ਸਾਲਾਂ ਵਿਚ ਉਸ ਨੇ ਵਾਸਤਵਿਕ ਦੁਨੀਆਂ ਦਾ ਤਜਰਬਾ ਕੀਤਾ ਹੈ ਅਤੇ ਆਮ ਹੈਰਾਨ ਹੋ ਜਾਂਦੀ ਹੋਵੇਗੀ ਕਿ ਮੈਂ ਕਿਥੇ ਸਾਂ ? ਮੈਂ ਕਿਥੋਂ ਆਈ ਹਾਂ ?”

ਜਦੋਂ ਮੈਂ ਇਹ ਸੁਣਿਆ ਕਿ ਕੁਤਬ ਜਲਦੀ ਵਾਪਸ ਆਉਣਾ ਚਾਹੁੰਦਾ ਸੀ, ਮੈਂ ਬਿਲਕਿਅਸ ਨੂੰ ਚਿਤਾਵਨੀ ਦਿੱਤੀ, “ਹਰ ਚੀਜ਼ ਆਪਣੇ ਸਮੇਂ ਸਿਰ ਹੁੰਦੀ ਹੈ, ਜੇ ਉਹ ਵਾਪਸ ਆਉਣਾ ਚਾਹੁੰਦਾ ਹੈ ਤਾਂ ਇਹ ਠੀਕ ਸਮਾਂ ਹੈ। ਉਸ ਨੂੰ ਰੋਕੋ ਨਾ। ਜਿਵੇਂ ਸਾਡੇ ਬੱਚੇ ਮੇਰੀ ਜ਼ਿੰਦਗੀ ਦੇ ਜਾਤੀ ਗਵਾਹ ਹਨ, ਇਹ ਜ਼ਰੂਰੀ ਹੈ ਕਿ ਇਹ ਉਹਨਾਂ ਨੂੰ ਪ੍ਰੇਰਿਤ ਕਰੇਗੀ। ਕੀ ਮੈਂ ਹਮੇਸ਼ਾ ਇਸ ਤਰ੍ਹਾਂ ਹੋਣ ਦੀ ਉਮੀਦ ਨਹੀਂ ਰੱਖਦਾ ਰਿਹਾ ? ਉਹਨਾਂ ਨੂੰ ਫ਼ਾਊਂਡੇਸ਼ਨ ਨੂੰ ਸੁਰੱਖਿਅਤ ਰੱਖਣ ਦੀ ਸਿਖਲਾਈ ਦਿੱਤੀ ਗਈ ਸੀ।” ਅਲਮਾਸ ਘਰ ਦੇ ਕੰਮ ਵਿਚ ਰੁੱਝੀ ਰਹੀ। ਜਾਵੇਦ ਦੇ ਅਨੁਸਾਰ ਘਰ ਦੇ ਕੰਮਾਂ ਤੋਂ ਬਾਅਦ ਉਹ ਜਾਂ ਕੁਰਾਨ ਪੜ੍ਹਦੀ ਰਹਿੰਦੀ ਸੀ ਜਾਂ ਆਪਣੀ ਪ੍ਰਾਰਥਨਾ ਵਾਲੀ ਦਰੀ ’ਤੇ ਹੁੰਦੀ, ਮੇਰੇ ਅਤੇ ਫ਼ਾਊਂਡੇਸ਼ਨ ਵਾਸਤੇ ਚਿੱਲਾਉਂਦੀ ਰਹਿੰਦੀ। ਜਦੋਂ ਜਵੇਦ ਨੇ ਉਸ ਨੂੰ ਪੁੱਛਿਆ ਕਿ ਉਹ ਫ਼ਾਊਂਡੇਸ਼ਨ ਵਾਸਤੇ ਕਿਉਂ ਚਿੱਲਾਉਂਦੀ ਹੈ ਤਾਂ ਉਸ ਨੇ ਜਵਾਬ ਦਿੱਤਾ, “ਇਹ ਮੇਰੇ ਨਾਲ ਮੇਰੇ ਦਿਮਾਗ ਵਿਚ ਆਉਂਦਾ ਹੈ।”

ਮੇਰੇ ਸਾਥੀ ਵੀ ਸਾਰੇ ਪਾਕਿਸਤਾਨ ਵਿਚ ਬੇਚੈਨ ਸਨ, ਪਰ ਉਹ ਆਪਣੇ ਖ਼ਿਆਲਾਂ ਨੂੰ ਮੇਰੇ ਕੋਲੋਂ ਲੁਕਾਉਣ ਦੀ ਕੋਸ਼ਿਸ਼ ਕਰਦੇ ਸਨ। ਮੈਂ ਉਹਨਾਂ ’ਤੇ ਹੱਸਦਾ ਸਾਂ, “ਆਪਣੀ ਜ਼ਿੰਦਗੀ ਵਿਚ ਲੱਖਾਂ ਲੋਕਾਂ ਨਾਲ ਵਰਤਾਉ ਕਰਨ ਕਰਕੇ, ਮਨੁੱਖੀ

ਮਨ ਦਾ ਅੰਦਾਜ਼ਾ ਲਾਉਣ ਵਿਚ ਮੈਂ ਮਾਹਿਰ ਬਣ ਗਿਆ ਹਾਂ। ਤੁਸੀਂ ਆਪਣੇ ਆਪ ਨੂੰ ਮੇਰੇ ਕੋਲੋਂ ਲੁਕਾਉਂਦੇ ਕਿਉਂ ਹੋ ?" ਉਹ ਇਸ 'ਤੇ ਹੱਸ ਪੈਂਦੇ ਸਨ, "ਤੁਸੀਂ ਸਾਨੂੰ ਸਿਖਾਇਆ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਹਰ ਚੀਜ਼ ਬਾਰੇ ਸ਼ੱਕ ਕਰੀਏ ਅਤੇ ਚੇਤਨ ਰਹੀਏ, ਹੁਣ ਤੁਸੀਂ ਉਹੋ ਭਾਵ ਸਾਡੇ ਚਿਹਰਿਆਂ 'ਤੇ ਵੇਖਦੇ ਹੋ।" ਉਹ ਮੈਨੂੰ ਦਿਲਾਸਾ ਦੇਣਾ ਚਾਹੁੰਦੇ ਸਨ, ਇਸ ਲਈ ਉਹਨਾਂ ਨੇ ਹੋਰ ਗੱਲ ਕੀਤੀ, "ਤੁਸੀਂ ਸਾਨੂੰ ਇਹ ਵੀ ਸਿਖਾਇਆ ਸੀ ਕਿ ਕਿਉਂ ਜੋ ਸਿੱਟੇ ਸਾਡੇ ਹੱਥ ਵਿਚ ਨਹੀਂ ਹਨ, ਇਸ ਸੰਬੰਧੀ ਫ਼ਿਕਰ ਕਰਨਾ ਫ਼ਜ਼ੂਲ ਹੈ।" ਉਹਨਾਂ ਨੇ ਆਪਣਾ ਫ਼ਿਕਰ ਜ਼ਾਹਿਰ ਕੀਤਾ, "ਜਦੋਂ ਅਸੀਂ ਤੁਹਾਡੀ ਕੋਈ ਸਿਫ਼ਤ ਹੁੰਦੀ ਨਹੀਂ ਵੇਖਦੇ ਅਤੇ ਉਹ ਸੁਣਦੇ ਹਾਂ ਜੋ ਅਸੀਂ ਜਾਣਦੇ ਹਾਂ ਕਿ ਸੱਚ ਨਹੀਂ, ਇਹ ਅਹਿਸਾਨ ਫ਼ਰਾਮੋਸ਼ੀ ਸਾਡੇ ਲਹੂ ਨੂੰ ਸਾਡੀਆਂ ਨਾੜਾਂ ਵਿਚ ਤੇਜ ਦੁੜਾਉਂਦੀ ਹੈ।" ਮੈਂ ਉਹਨਾਂ ਨੂੰ ਪੁੱਛਿਆ, "ਇਸ ਦੀ ਤੁਸੀਂ ਹੁਣ ਹੀ ਕਿਉਂ ਪ੍ਰਵਾਹ ਕਰਦੇ ਹੋ ? ਕੀ ਇਹ ਚੱਲਦਾ ਹੀ ਨਹੀਂ ਰਿਹਾ ?" ਉਹਨਾਂ ਨੇ ਮੇਰੇ ਖ਼ਿਆਲ ਨੂੰ ਪੱਕਾ ਕੀਤਾ, "ਫ਼ਾਊਂਡੇਸ਼ਨ ਦਿਸਣ ਲੱਗ ਪਈ ਹੈ ਜਦੋਂ ਕਿ ਇਹ ਬਹੁਤ ਕਮਜ਼ੋਰ ਸੀ ਇਹ ਜ਼ਿਆਦਾ ਖ਼ਤਰਨਾਕ ਪੱਧਰ ਹੈ।"

ਕਈ ਮੇਰੇ ਖ਼ਿਲਾਫ਼ ਇਕ ਛੋਟੀ ਜਿਹੀ ਟਿੱਪਣੀ ਤੋਂ ਹੀ ਗੁੱਸਾ ਕਰ ਜਾਂਦੇ ਸਨ , "ਇਕ ਅੰਗਰੇਜ਼ੀ ਅਖ਼ਬਾਰ ਨੇ ਆਗਾ ਖ਼ਾਨ ਫ਼ਾਊਂਡੇਸ਼ਨ ਦੇ ਬਹੁਤ ਵੱਡੇ ਸਮਾਜਿਕ ਕੰਮ ਬਾਰੇ, ਵਿਦੇਸ਼ੀ ਮਦਦ ਵਾਲੀਆਂ ਸੰਸਥਾਵਾਂ ਅਤੇ ਨਵੇਂ ਕੈਂਸਰ ਹਸਪਤਾਲ ਬਾਰੇ ਇਕ ਲੇਖ ਛਾਪਿਆ। ਈਦੀ ਫ਼ਾਊਂਡੇਸ਼ਨ ਵਾਰੇ ਕੁਝ ਛੋਟੀਆਂ ਐਨ.ਜੀ.ਓ. ਦੇ ਨਾਲ ਅਖ਼ੀਰ 'ਤੇ ਜ਼ਿਕਰ ਕੀਤਾ। ਕੀ ਉਹ ਵੇਖ ਨਹੀਂ ਸਕਦੇ ?" ਮੈਂ ਉਹਨਾਂ ਨੂੰ ਸ਼ਾਂਤ ਕੀਤਾ, "ਬਹੁਸੰਮਤੀ ਲੋਕਾਂ ਕੋਲ ਦੂਰ ਅੰਦੇਸ਼ੀ ਬਿਲਕੁਲ ਨਹੀਂ ਹੈ। ਬਹੁਤ ਥੋੜ੍ਹਿਆਂ ਕੋਲ ਥੋੜ੍ਹੇ ਸਮੇਂ ਦੀ ਦੂਰ-ਅੰਦੇਸ਼ੀ ਹੈ ਅਤੇ ਲੰਮੇ ਸਮੇਂ ਲਈ ਦੂਰ-ਅੰਦੇਸ਼ੀ ਬਹੁਤ ਘੱਟ ਹੈ। ਇਹ ਗੱਲ ਯਾਦ ਰੱਖੋ ਕਿ ਅਸੀਂ ਇਸ ਵਾਤਾਵਰਣ ਨਾਲ ਜੂਝ ਰਹੇ ਹਾਂ।"

ਸਾਡੇ ਕੇਂਦਰਾਂ ਵਿਚ ਰਹਿਣ ਵਾਲੇ ਅਤੇ ਉਹ ਛੋਟੇ ਬੱਚੇ ਜਿਨ੍ਹਾਂ ਨਾਲ ਮੈਂ ਖੇਡਦਾ ਸਾਂ, ਮੇਰੀਆਂ ਸਮੱਸਿਆਵਾਂ ਬਾਰੇ ਕੁਝ ਵੀ ਨਹੀਂ ਸਨ ਜਾਣਦੇ ਅਤੇ ਉਹ ਮੇਰੀ ਤਰਫ਼ ਅੱਖਾਂ ਵਿਚ ਪੂਰੀ ਉਮੀਦ ਅਤੇ ਪ੍ਰਾਰਥਨਾ ਲੈ ਕੇ ਵੇਖਦੇ ਅਤੇ ਰੌਲਾ-ਰੱਪਾ ਪਾਉਂਦੇ ਸਨ। ਮਾਨਸਿਕ ਰੋਗੀ, ਜਿਨ੍ਹਾਂ ਨੂੰ ਮੈਂ ਹਰ ਸ਼ੁਕਰਵਾਰ ਨਹਾਉਂਦਾ ਸਾਂ, ਉਹ ਜੰਗਲੇ ਵੱਲ ਹਮੇਸ਼ਾ ਵਾਂਗ ਭੱਜਦੇ ਸਨ ਅਤੇ ਉੱਚੀ ਉੱਚੀ ਬੋਲਦੇ ਸਨ, *ਮੌਲਾਨਾ ਅਬੂ* ਆ ਗਿਆ, *ਮੌਲਾਨਾ ਅਬੂ* ਆ ਗਿਆ। ਉਹਨਾਂ ਦੇ ਹਾਸੇ ਅਤੇ ਮਾਸੂਮ ਖ਼ੁਸ਼ੀ ਉਹਨਾਂ ਨੂੰ ਬਹੁਤ ਛੋਟੀਆਂ ਛੋਟੀਆਂ ਚੀਜ਼ਾਂ ਵਿਚੋਂ ਮਿਲਦੀ, ਮੈਂ ਉਹਨਾਂ ਨੂੰ ਸਲਫ਼ਰ ਅਤੇ ਕੈਮਫਰ ਮਿਲੀ ਹੋਈ ਮਲ੍ਹਮ ਲਾਉਂਦਾ ਅਤੇ ਅਬਰਾਹਮ ਦੇ ਪਰਮਾਤਮਾ ਨੂੰ ਪੂਰਬ ਅਤੇ ਪੱਛਮ ਦੇ ਮਾਲਿਕ ਅਤੇ ਸਾਰੀਆਂ ਚੀਜ਼ਾਂ ਦੇ ਮਾਲਕ ਨੂੰ ਪ੍ਰਾਰਥਨਾ ਕਰਦਾ। ਮਨੁੱਖ ਜਾਤੀ ਦੀ ਏਕਤਾ ਅਤੇ ਬਰਾਬਰੀ ਦੀ ਅਗਵਾਈ ਕਰਨ ਵਾਲੇ ਨੂੰ ਬੇਨਤੀ ਕਰਦਾ,

"ਅੱਲ੍ਹਾ ਮੈਨੂੰ ਸਮਾਂ ਦਿਉ ਕਿ ਮੈਂ ਤੁਹਾਡਾ ਕੰਮ ਕਰ ਸਕਾਂ। ਇਸ ਨੂੰ ਬੁਰਾਈ ਤੋਂ ਬਚਾਉ ਅਤੇ ਜੇ ਇਸ ਤਰ੍ਹਾਂ ਹੋਵੇ ਕਿ ਮੇਰਾ ਹਿੱਸਾ ਮੁੱਕ ਗਿਆ ਹੈ ਤਾਂ ਫਿਰ ਕੋਈ ਹੋਰ ਦੇਵੋ ਜੋ ਉਸ ਨੂੰ ਪੂਰਾ ਕਰ ਲਵੇ ਤਾਂ ਕਿ ਤੁਹਾਡਾ ਹੱਥ ਉਹਨਾਂ ਨੂੰ ਸੁਰੱਖਿਅਤ ਕਰੇ, ਜਿਹੜੇ ਸਰਕਾਰ ਦੀ ਸੁਰੱਖਿਆ ਤੋਂ ਬਗ਼ੈਰ ਜਿਉਂਦੇ ਹਨ।" ਉਹ ਉੱਚੀ ਉੱਚੀ ਰੌਲਾ ਪਾਉਣਾ ਜਾਰੀ ਰੱਖਦੇ ਅਤੇ ਉਹ ਖੇਡਦੇ ਰਹਿੰਦੇ, ਹੱਸਦੇ ਰਹਿੰਦੇ, ਜੱਫੀਆਂ ਪਾਉਂਦੇ ਅਤੇ ਮੈਨੂੰ ਚੁੰਮਦੇ ਸਨ ਤਾਂ ਮੈਂ ਜਾਣਦਾ ਸਾਂ ਕਿ ਮੇਰੀ ਉਦਾਸੀ, ਉਹਨਾਂ ਦੀ ਖ਼ੁਸ਼ੀ ਕਰ ਕੇ ਸੀ, ਜੋ ਖ਼ਤਰੇ ਵਿਚ ਸੀ।

ਮੇਰੀ ਮਾਂ ਦਾ ਘਰ ਕੁਝ ਚਿਰ ਲਈ ਸੁਰੱਖਿਅਤ ਰੱਖ ਲਿਆ ਗਿਆ, ਉਦੋਂ ਤਕ ਜਦੋਂ ਅਖ਼ੀਰ ਵਿਚ ਅਸੀਂ ਫ਼ਾਊਂਡੇਸ਼ਨ ਨੂੰ ਕਿਸੇ ਹੋਰ ਨੂੰ ਦੇ ਦੇਵਾਂਗੇ ਅਤੇ ਸੇਵਾ ਮੁਕਤ ਹੋ ਜਾਵਾਂਗੇ। ਇਹ ਉਹ ਘਟਨਾ ਸੀ ਜਿਸ ਬਾਰੇ ਮੈਂ ਅਤੇ ਬਿਲਕਿਅਸ ਕਈ ਵਾਰ ਬੜੇ ਉਤਸ਼ਾਹ ਨਾਲ ਗੱਲਾਂ ਕਰਦੇ ਸਾਂ। ਹੁਣ ਉਹ ਘਟਨਾ ਮੈਨੂੰ ਸ਼ੁਰੂ ਦੀ ਯਾਦ ਕਰਵਾ ਦਿੰਦੀ ਸੀ.....ਅਤੇ ਇਹ ਸਭ ਕਿਥੇ ਖ਼ਤਮ ਹੋਵੇਗਾ। ਅਸੀਂ ਬੜੀਆਂ ਤੰਗ ਗਲੀਆਂ ਵਿਚੋਂ ਦੀ ਗੱਡੀ ਚਲਾਈ, ਜਿਹੜੀਆਂ ਚੱਬਾ ਗਲੀ ਨੂੰ ਜਾਂਦੀਆਂ ਸਨ ਅਤੇ ਪੌੜੀਆਂ ਚੜ੍ਹ ਗਏ। ਮੇਰੀ ਘਰ ਦੀ ਯਾਦ ਮਜ਼ਬੂਤ ਹੋ ਗਈ ਸੀ ਅਤੇ ਲੰਮੇ ਸਮੇਂ ਤੋਂ ਛੋਟੀਆਂ-ਛੋਟੀਆਂ ਚੀਜ਼ਾਂ ਦੀ ਚਮਕੀਲੀਆਂ ਯਾਦਾਂ ਨੇ ਵਰਤਮਾਨ ਨੂੰ ਫਿੱਕਾ ਕਰ ਦਿੱਤਾ ਸੀ।

ਮੈਂ ਛੋਟੇ ਕਮਰੇ ਦੇ ਕੋਲ ਹੈਰਾਨ ਹੋਇਆ ਖੜਾ ਸਾਂ। ਇਹ ਬਿਲਕੁਲ ਉਸ ਤਰ੍ਹਾਂ ਦਾ ਹੀ ਸੀ, ਜਿਸ ਤਰ੍ਹਾਂ ਦਾ ਮੈਂ ਇਸ ਨੂੰ ਪਹਿਲਾਂ ਵੇਖਿਆ ਸੀ। ਭਾਂਡੇ ਅਤੇ ਕੜਾਹੀ ਬੜੇ ਸਾਫ਼ ਸੁਥਰੇ ਸਟੋਵ ਦੇ ਨਾਲ ਟਿਕਾਏ ਹੋਏ ਸਨ। ਇਕ ਖਾਲੀ ਮੰਜੀ, ਜਿਸ 'ਤੇ ਮੇਰੇ ਮਾਂ ਬਾਪ ਮਰੇ ਸਨ ਅਤੇ ਇਕ ਖ਼ਾਲੀ ਬਾਲਟੀ.....ਮੇਰੇ ਨੁਕਸਾਨ ਦੀਆਂ ਨਿਸ਼ਾਨੀਆਂ ਸਨ। ਮੈਂ ਬਾਲਟੀ ਲੈ ਕੇ ਥੱਲੇ ਟੂਟੀ ਤੋਂ ਪਾਣੀ ਭਰਨ ਲਈ ਆਇਆ, ਜੋ ਇਮਾਰਤ ਦੇ ਬਾਹਰ ਸੀ ਅਤੇ ਬਾਰੀ ਖੋਲ੍ਹਣ ਲਈ ਮੁੜ ਗਿਆ। ਮੈਂ ਥੱਲੇ ਗਲੀ ਵਿਚ ਵੇਖਿਆ। ਇਸ ਵਿਚ ਪੁਰਾਣੇ ਸਮੇਂ ਅਤੇ ਹੁਣ ਦੇ ਸਮੇਂ ਵਿਚ ਕੋਈ ਫ਼ਰਕ ਨਜ਼ਰ ਨਹੀਂ ਸੀ ਆ ਰਿਹਾ। ਗਲੀ ਵਿਚ ਇਕ ਫਲ ਵੇਚਣ ਵਾਲੇ ਦੀ ਦੁਕਾਨ ਬਿਲਕੁਲ ਉਸੇ ਤਰ੍ਹਾਂ ਹੀ ਸੀ, ਜਿਸ ਨੂੰ ਯਾਦ ਕਰਕੇ ਮੇਰੇ ਚਿਹਰੇ 'ਤੇ ਮੁਸਕਰਾਹਟ ਆ ਗਈ। ਜਦੋਂ ਬਿਲਕਿਅਸ ਬਾਲਟੀ ਵਿਚ ਘੋਲ ਬਣਾਉਣ ਲਈ ਆਪਣੀਆਂ ਬਾਹਾਂ ਟੰਗ ਰਹੀ ਸੀ, ਉਹ ਵੀ ਕੋਈ ਬਹੁਤ ਪੁਰਾਣਾ ਨਜ਼ਾਰਾ ਯਾਦ ਕਰ ਰਹੀ ਸੀ।

ਉਸ ਨੇ ਫ਼ਰਸ਼ ਸਾਫ਼ ਕੀਤਾ, ਜਦੋਂ ਕਿ ਮੈਂ ਬਾਰੀ ਸਾਫ਼ ਕੀਤੀ ਅਤੇ ਅਸੀਂ ਗੱਲਾਂ ਕਰਨ ਲੱਗ ਪਏ, "ਬਿਲਕਿਅਸ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਮੈਂ ਫ਼ਾਊਂਡੇਸ਼ਨ ਨੂੰ ਆਪਣੇ ਜਿਉਂਦੇ ਜੀ ਕਿਸੇ ਨੂੰ ਦੇ ਦੇਵਾਂ ਅਤੇ ਇਥੇ ਚੁੱਪ ਚਾਪ ਰਹਾਂ।" ਜਦੋਂ ਉਸ ਨੇ ਜਵਾਬ ਨਾ ਦਿੱਤਾ ਤਾਂ ਮੈਂ ਮੁੜ ਕੇ ਉਸ ਵੱਲ ਵੇਖਿਆ ਅਤੇ ਉਸ ਦਾ ਜਵਾਬ

ਉਡੀਕਣ ਲੱਗਾ। ਉਸ ਨੇ ਉੱਪਰ ਉਠਦਿਆਂ ਆਪਣੀ ਪਿੱਠ ਮੇਰੇ ਵੱਲ ਮੋੜੀ ਅਤੇ ਗੰਭੀਰ ਹੋ ਕੇ ਮੇਰੇ ਵੱਲ ਵੇਖਣ ਲੱਗੀ, "ਮੈਨੂੰ ਇਹ ਵਿਸ਼ਵਾਸ ਨਹੀਂ ਕਿ ਤੁਸੀਂ ਸੇਵਾ ਮੁਕਤ ਹੋਵੋਗੇ। ਉਦੋਂ ਤਕ ਨਹੀਂ, ਜਿੰਨਾਂ ਚਿਰ ਤਕ ਕਬਰ ਵਿਚ ਨਹੀਂ ਜਾਂਦੇ। ਅਤੇ ਉਥੇ ਵੀ ਯੋਜਨਾ ਅਨੁਸਾਰ ਤੁਸੀਂ ਪੈਸੇ ਇਕੱਠੇ ਕਰੋਗੇ।" ਜਦੋਂ ਉਸ ਦਾ ਆਮ ਵਰਗਾ ਹਾਸਾ ਨਾ ਆਇਆ, ਮੈਂ ਜਾਣ ਗਿਆ ਕਿ ਓਹ ਵੀ ਇਹਨਾਂ ਘਟਨਾਵਾਂ ਨਾਲ ਪ੍ਰਭਾਵਿਤ ਹੋਈ ਸੀ।

ਘੱਟਾ ਸਾਫ਼ ਕਰ ਕੇ ਉਹ ਮੰਜੀ 'ਤੇ ਬੈਠ ਗਈ ਅਤੇ ਮੈਨੂੰ ਆਪਣਾ ਪਜਾਮਾ ਵਲ੍ਹੇਟਦੇ ਹੋਏ ਵੇਖਦੀ ਰਹੀ। ਮੈਂ ਬਾਲਟੀ ਵਿਚੋਂ ਭਿੱਜਿਆ ਹੋਇਆ ਸਣ ਦਾ ਟੁਕੜਾ ਕੱਢਿਆ ਅਤੇ ਉਸ ਨੂੰ ਫ਼ਰਸ਼ ਦੇ ਚਾਰੇ ਤਰਫ਼ ਫੇਰਨ ਲੱਗਾ ਅਤੇ ਵਾਰ-ਵਾਰ ਉਸ ਕੱਪੜੇ ਨੂੰ ਮੈਂ ਪਾਣੀ ਵਿਚ ਭਿਉਂ ਲੈਂਦਾ ਸਾਂ। ਮੈਂ ਕਿਹਾ, "ਮੈਨੂੰ ਹੈਰਾਨੀ ਹੈ, ਜਦੋਂ ਮੈਂ ਵਿਹਲਾ ਹੋਵਾਂਗਾ ਤਾਂ ਮੈਂ ਕੀ ਕਰਾਂਗਾ, ਸ਼ਾਇਦ ਮੈਂ ਚਿੰਤਨ ਕਰਾਂਗਾ ਅਤੇ ਪਰਮਾਤਮਾ ਨੂੰ ਯਾਦ ਕਰਾਂਗਾ।"

ਉਸ ਨੇ ਮੇਰੇ ਖ਼ਿਆਲ ਨੂੰ ਨਾ ਮੰਨਿਆ, "ਤੁਸੀਂ ਬਹੁਤ ਸਮਾਂ ਇਕ ਥਾਂ 'ਤੇ ਨਹੀਂ ਠਹਿਰ ਸਕਦੇ। ਉਸ ਤੋਂ ਬਾਅਦ ਕੀ ਹੈ।" ਮੈਂ ਗੱਲਾਂ ਕਰਦਾ ਸਾਂ ਅਤੇ ਉਹ ਜਾਣ ਕੇ ਮਖ਼ੌਲ ਕਰਦੀ ਸੀ। ਇੰਨੇ ਚਿਰ ਨੂੰ ਮੈਂ ਗੰਦੇ ਪਾਣੀ ਦੀ ਬਾਲਟੀ ਬੂਹੇ ਦੇ ਨਾਲ ਰੱਖ ਦਿੱਤੀ ਅਤੇ ਉਸ ਨਾਲ ਮੰਜੀ 'ਤੇ ਚੌਂਕੜੀ ਮਾਰ ਕੇ ਬੈਠ ਗਿਆ।

ਜ਼ਿੰਦਗੀ ਸਪਸ਼ਟ ਰੂਪ ਵਿਚ, ਅੰਤ ਵੱਲ ਆ ਰਹੀ ਸੀ, ਇਹ ਇਸ ਤੋਂ ਵੀ ਨਜ਼ਰ ਆਉਂਦਾ ਸੀ ਕਿ ਸਾਡੀ ਦੋਵਾਂ ਦੀ ਕਿੰਨੀ ਉਮਰ ਹੋ ਗਈ ਸੀ। ਉਸ ਦੇ ਵਾਲ ਭੂਰੇ ਹੋ ਗਏ ਸਨ, ਮੇਰੇ ਚਿੱਟੇ ਹੋ ਗਏ ਸਨ। ਸਾਨੂੰ ਦੋਹਾਂ ਨੂੰ ਸ਼ੂਗਰ ਦਾ ਰੋਗ ਸੀ। ਜੇ ਅਸੀਂ ਜ਼ਿਆਦਾ ਕੰਮ ਕਰਦੇ ਸਾਂ ਤਾਂ ਥੱਕ ਜਾਂਦੇ ਸਾਂ। ਇਹਨਾਂ ਹਾਲਤਾਂ ਨਾਲ ਮੈਨੂੰ ਮੇਰੀ ਮਾਂ ਦੀ ਯਾਦ ਆ ਜਾਂਦੀ ਅਤੇ ਮੈਂ ਆਪਣੀਆਂ ਅੱਖਾਂ ਵਿਚ ਆਈ ਹੋਈ ਨਮੀ ਨੂੰ ਪੂੰਝ ਦਿੰਦਾ। ਉਸ ਨੇ ਹੋਰ ਸਭ ਨਾਲੋਂ ਜ਼ਿਆਦਾ ਮੇਰੇ ਵਿਚ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਇਹ ਕਹਿੰਦਿਆਂ ਹੋਇਆਂ ਜਗਾਈ, "ਤੂੰ ਸਾਰੇ ਜੀਵਾਂ ਵਿਚੋਂ ਸਭ ਤੋਂ ਘੱਟ ਮਹੱਤਵਪੂਰਨ ਹੈਂ, ਪਰ ਤੂੰ ਬਹੁਤ ਮਹੱਤਵਪੂਰਣ ਬਣ ਸਕਦਾ ਹੈਂ, ਜੇ ਤੂੰ ਪਰਮਾਤਮਾ ਦੇ ਲੋਕਾਂ ਲਈ ਕੁਝ ਕਰੇਂ।" ਜਵਾਨ ਹੁੰਦਿਆਂ ਮੈਂ ਉਸ ਦੇ ਸ਼ਬਦਾਂ ਨੂੰ ਸੱਚ ਕਰ ਕੇ ਜਾਣਿਆ, 66 ਸਾਲ ਦਾ ਆਦਮੀ ਹੋ ਕੇ ਵੀ ਮੈਂ ਉਸ ਸੱਚ ਦੀ ਸੇਵਾ ਕੀਤੀ। ਅਸੀਂ ਰਾਬੀਆ ਮਾਂ ਦੇ ਕਾਰਨ ਸਾਡੇ ਘਰ ਨੂੰ ਪਏ ਘਾਟੇ ਦੀ ਗੱਲ ਕੀਤੀ ਅਤੇ ਮੇਰੀ ਪਤਨੀ ਨੇ ਆਪਣੀਆਂ ਅੱਖਾਂ ਇਹ ਕਹਿੰਦਿਆਂ ਸਾਫ਼ ਕੀਤੀਆਂ, "ਅਸੀਂ ਆਪਣੀ ਜ਼ਿੰਦਗੀ ਨੂੰ ਆਪਣੀਆਂ ਮਾਵਾਂ ਰਾਹੀਂ ਸਥਾਪਿਤ ਕੀਤੀਆਂ ਕਦਰਾਂ ਨਾਲ ਬਿਤਾਇਆ ਹੈ। ਉਹ ਸਾਡੀ ਆਤਮਾ ਨੂੰ ਛੂੰਹਦੀਆਂ ਹਨ ਅਤੇ ਅਸੀਂ ਉਹ ਸਭ ਕੁਝ ਕੀਤਾ ਹੈ ਅਤੇ ਕਰਾਂਗੇ।"

ਛੇਤੀ ਹੀ ਸਾਨੂੰ ਜਾਣਾ ਸੀ। ਬਿਲਕਿਅਸ ਨੇ ਆਪਣਾ ਸਫ਼ਾਈ ਵਾਲਾ ਸਮਾਨ ਇਕੱਠਾ ਕੀਤਾ ਅਤੇ ਮੈਂ ਬਾਲਟੀ ਫੜ ਕੇ ਪੌੜੀਆਂ ਤੋਂ ਥੱਲੇ ਆ ਗਿਆ ਅਤੇ ਪਾਣੀ ਨੂੰ ਡੋਲ੍ਹ ਦਿੱਤਾ। ਆਪਣੇ ਪੈਰਾਂ 'ਤੇ ਥੱਲੇ ਬੈਠ ਕੇ ਆਮ ਦੀ ਤਰ੍ਹਾਂ, ਜਿਸ ਤਰ੍ਹਾਂ ਮੈਂ ਕਈ ਵਾਰ ਪਹਿਲਾਂ ਕਰਦਾ ਸਾਂ ਬਾਲਟੀ ਨੂੰ ਟੂਟੀ ਦੇ ਥੱਲੇ ਰੱਖ ਦਿੱਤਾ। ਮੇਰੀ ਮਾਂ ਦੇ ਸ਼ਬਦ ਫਿਰ ਮੇਰੇ ਦਿਮਾਗ਼ ਵਿਚ ਗੂੰਜੇ, "ਸਿਰਫ਼ ਮਨ ਅਤੇ ਤਨ ਦੀ ਕਿਰਤ ਤੇਰੀ ਜ਼ਿੰਮੇਵਾਰੀ ਹੈ। ਨਤੀਜੇ ਤੇਰੇ ਹੱਥ ਵਿਚ ਨਹੀਂ। ਉਹ ਪਰਮਾਤਮਾ ਕੋਲ ਸੁਰੱਖਿਅਤ ਹਨ।" ਮੈਂ ਉਸ ਦੇ ਇਹ ਸ਼ਬਦ ਉੱਚੀ ਉੱਚੀ ਬੋਲਦਾ ਹੋਇਆ ਚੱਲ ਪਿਆ ਅਤੇ ਇਹਨਾਂ ਨੂੰ ਮੈਂ ਹੁਣ ਦੀ ਸਥਿਤੀ ਨਾਲ ਜੋੜ ਕੇ ਵੇਖ ਰਿਹਾ ਸਾਂ, "ਕਿਸੇ ਦਾ ਵੀ ਨਤੀਜਿਆਂ 'ਤੇ ਦਾਅਵਾ ਨਹੀਂ। ਚੰਗੀਆਂ ਕੋਸ਼ਿਸ਼ਾਂ ਲਈ ਇਨਾਮਾਂ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਉਹ ਖ਼ਾਹਿਸ਼ਾਂ ਅਤੇ ਉਮੀਦਾਂ ਅਨੁਸਾਰ ਨਹੀਂ ਮਿਲਦੇ। ਉਹਨਾਂ ਦਾ ਉਦੇਸ਼ ਤੇਰਾ ਕੰਮ ਹੈ।"

ਬਾਲਟੀ ਨੂੰ ਅਸਲੀ ਸਥਿਤੀ ਵਿਚ ਰੱਖ ਦਿੱਤਾ ਅਤੇ ਅਸੀਂ ਜਾਣ ਲੱਗੇ। ਮੈਂ ਆਪਣੀ ਪਤਨੀ ਨੂੰ ਕਿਹਾ, "ਮੈਨੂੰ ਇਥੇ ਆ ਕੇ ਇਕ ਮਹੱਤਵਪੂਰਨ ਗੱਲ ਯਾਦ ਆਈ ਹੈ, ਜਿਸ ਨੂੰ ਮੈਂ ਜ਼ਿੰਦਗੀ ਦੇ ਦਬਾ ਕਰਕੇ ਭੁੱਲ ਹੀ ਗਿਆ ਸਾਂ। ਮੈਂ ਉਹਨਾਂ ਨਾਲ ਉੱਲਝਿਆ ਅਤੇ ਘਿਰਿਆ ਰਿਹਾ। ਅਸੀਂ ਆਪਣਾ ਕੰਮ ਕਰ ਲਿਆ ਸੀ, ਹੁਣ ਹਰ ਚੀਜ਼ ਪਰਮਾਤਮਾ ਦੀ ਯੋਜਨਾ ਅਨੁਸਾਰ ਹੋਵੇਗੀ। ਇਸ ਲਈ ਫ਼ਿਕਰ ਕਰਨਾ ਸਾਡਾ ਕੰਮ ਨਹੀਂ, ਸਾਡਾ ਕੰਮ ਸਿਰਫ਼ ਕੰਮ ਕਰਨਾ ਹੈ।" ਛੇਤੀ ਹੀ ਮੈਨੂੰ ਕੁਝ ਹੋਰ ਸਮਝ ਆ ਗਿਆ, ਜੋ ਮਹੱਤਵਪੂਰਣ ਸੀ, "ਬਿਲਕਿਅਸ, ਕੀ ਤੂੰ ਮਹਿਸੂਸ ਕਰਦੀ ਹੈਂ ਕਿ ਇਹ ਸਾਰਾ ਕੁਝ ਸਾਡੀ ਜ਼ਿੰਦਗੀ ਦੇ ਅੰਤ ਵਿਚ ਸਾਡਾ ਆਪਣਾ ਹੈ।" ਮੈਂ ਇਧਰ ਉਧਰ ਅਤੇ ਛੱਤ ਦੇ ਉਪਰ ਵੇਖਿਆ ਜੋ ਸਾਡੀ ਸੀ, "ਮਨ ਅਤੇ ਤਨ ਦੀਆਂ ਕੋਸ਼ਿਸ਼ਾਂ ਨੇ ਜੋ ਬੀਜਿਆ, ਉਸ ਦੇ ਬਦਲੇ ਅਸੀਂ ਇਹ ਇਕ ਕਮਰਾ ਪ੍ਰਾਪਤ ਕੀਤਾ ਹੈ। ਇਹ ਮੁੱਲ ਪਾਉਣਾ ਬਿਲਕੁਲ ਠੀਕ ਸੀ।" ਬਿਲਕਿਅਸ ਨੇ ਬੜੇ ਧਿਆਨ ਨਾਲ ਜੁਆਬ ਦਿੱਤਾ, "ਅਤੇ ਸਾਨੂੰ ਹੋਰ ਕੀ ਚਾਹੀਦਾ ਹੈ।" ਮੈਂ ਬਰਾਂਡੇ ਵਿਚ ਖੜਾ ਸਾਂ ਅਤੇ ਬਿਲਕਿਅਸ ਨੂੰ ਬੂਹੇ ਨੂੰ ਤਾਲਾ ਲਗਾਉਂਦਿਆਂ ਵੇਖ ਰਿਹਾ ਸਾਂ। ਜਦੋਂ ਉਹ ਇਕ ਮੁਸਕਰਾਹਟ ਲੈ ਕੇ ਮੇਰੇ ਵੱਲ ਮੁੜੀ, ਜਿਸ ਮੁਸਕਰਾਹਟ ਨੇ ਉਸ ਦੇ ਚਿਹਰੇ ਨੂੰ ਕਦੀ ਵੀ ਨਹੀਂ ਸੀ ਛੱਡਿਆ, ਉਹ ਥੱਕੀ ਹੋਈ ਲੱਗਦੀ ਸੀ ਅਤੇ ਮੈਂ ਉਸ ਨੂੰ ਨਰਮੀ ਨਾਲ ਕਿਹਾ, "ਬਿਲਕਿਅਸ, ਤੇਰਾ ਨਾਂ ਮੇਰੇ ਅਤੇ ਫ਼ਾਊਂਡੇਸ਼ਨ ਦੇ ਨਾਂ ਨਾਲ ਸਮਾਨਾਰਥਕ ਨਾਂ ਹੈ। ਅਸੀਂ ਇਕ ਹਾਂ।" ਉਸ ਦੇ ਜਵਾਬ ਨੇ ਮੈਨੂੰ ਦੁਵਾਰਾ ਹਸਾ ਦਿੱਤਾ, "ਮੈਨੂੰ ਔਰਤ ਕਰ ਕੇ ਸਲਾਹੋ। ਤੁਸੀਂ ਮੇਰਾ ਆਪਣੀ ਫ਼ਾਊਂਡੇਸ਼ਨ ਨਾਲ ਮੁਕਾਬਲਾ ਨਾ ਕਰੋ" ਅਤੇ ਸਾਰਾ ਰਾਹ ਉਹ ਮੇਰੀ ਨਕਲ ਉਤਾਰਦੀ ਰਹੀ।

ਇਸ ਸੱਚਾਈ ਦੇ ਬਾਵਜੂਦ ਵੀ ਕਿ ਹਰ ਚੀਜ਼ ਤਬਾਹੀ ਵੱਲ ਜਾ ਰਹੀ ਜਾਪਦੀ ਸੀ, ਅਜ੍ਹੇ ਪਾਕਿਸਤਾਨ ਦਾ ਭਵਿੱਖ ਉਸ ਵਿਚ ਸੀ, ਜੋ ਮੈਂ ਸੋਚਦਾ ਸਾਂ। ਮੈਂ ਮੀਠਾਦਾਰ ਵਾਪਸ ਆਉਂਦਿਆਂ ਇਹ ਵਿਚਾਰ ਆਪਣੀ ਪਤਨੀ ਨਾਲ ਸਾਂਝੇ ਕੀਤੇ, "ਇਹ ਫ਼ਾਊਡੇਸ਼ਨ ਇਕ ਸੁਰੱਖਿਆ ਘਰ ਹੈ। ਇਸ ਨੂੰ ਉੱਪਰ ਚੁੱਕਣ ਲਈ ਇਕ ਕਰੇਨ ਹੈ, ਜਦੋਂ ਹੋਰ ਹਰ ਕਿਸੇ ਨੂੰ ਪਰਖ ਲਿਆ ਹੋਵੇ ਅਤੇ ਉਹ ਫੇਲ੍ਹ ਹੋ ਗਿਆ ਹੋਵੇ।" ਹਰ ਉਹ ਸਾਹ ਜੋ ਮੈਂ ਲੈਂਦਾ ਸੀ ਉਸ ਵਿਚ ਮੈਂ ਪ੍ਰਾਰਥਨਾ ਕਰਦਾ ਸੀ ਕਿ ਇਹ ਜ਼ਿੰਦਾ ਰਹੇ। ਮੇਰੀਆਂ ਉਮੀਦਾਂ ਪਾਕਿਸਤਾਨ ਦੇ ਲੋਕਾਂ ਨਾਲ ਬੱਧੀਆਂ ਹੋਈਆਂ ਸਨ, ਉਹ ਜੋ ਅਜ੍ਹੇ ਇਸ ਦੀ ਮਹਾਨਤਾ ਬਾਰੇ ਸੁਚੇਤ ਨਹੀਂ, "ਇਕ ਦਿਨ ਜਦੋਂ ਉਹ ਈਦੀ ਫ਼ਾਊਂਡੇਸ਼ਨ ਬਾਰੇ ਜਾਣਨਗੇ ਤਾਂ ਉਹਨਾਂ ਨੂੰ ਈਦੀ ਫਾਊਂਡੇਸ਼ਨ ਨੂੰ ਕੁਦਰਤੀ ਸੁਰੱਖਿਆ ਮਿਲੇਗੀ, ਉਦੋਂ ਤਕ, ਕੌਣ ਜਾਣਦਾ ਹੈ।"

ਮੀਠਾਦਾਰ ਵਾਪਸ ਆ ਕੇ ਮੈਂ ਆਪਣੀ ਸੁਭਾਵਿਕ ਖਾਮੋਸ਼ੀ ਵਿਚ ਚਲਾ ਗਿਆ। ਇਹ ਹਮੇਸ਼ਾ ਹੀ ਮੇਰੇ 'ਤੇ ਛਾਈ ਰਹਿੰਦੀ ਸੀ, ਇਸ ਨੂੰ ਬਦਲਣ ਦੀ ਬਹੁਤ ਜ਼ਰੂਰਤ ਸੀ। ਮੈਂ ਚੁੱਪ ਅਤੇ ਸ਼ਾਂਤ ਹੋ ਗਿਆ, ਇਸ ਗੱਲ ਵੱਲ ਦਿਮਾਗ ਲਾਉਣ ਲੱਗਾ ਅਤੇ ਜਵਾਬਾਂ ਦੀ ਖੋਜ ਕਰਨ ਲੱਗਾ.....ਅਤੇ ਤੇਜ ਖ਼ਿਆਲਾਂ ਦੀ ਉਡੀਕ ਕਰਨ ਲੱਗਾ। ਮੇਰਾ ਸੁਭਾਅ ਉਦਾਹਰਨਾਂ ਦੇ ਕੇ ਪ੍ਰਚਾਰ ਕਰਨ ਵਾਲਾ ਸੀ ਅਤੇ ਉਸ ਨੇ ਮੇਰੇ ਆਲੇ-ਦੁਆਲੇ ਵਾਲਿਆਂ ਨੂੰ ਉਦਾਸ ਬਣਾ ਦਿੱਤਾ, ਮੈਂ ਉਹਨਾਂ ਨੂੰ ਵਿਆਖਿਆ ਕੀਤੀ ਕਿ ਮੈਂ ਸਿਰਫ਼ ਸੋਚ ਰਿਹਾ ਸਾਂ, ਪਰ ਹਰ ਕੋਈ ਲਗਾਤਾਰ ਉਦਾਸ ਦਿਸ ਰਿਹਾ ਸੀ।

ਮੈਂ ਮੀਠਾਦਾਰ ਆਪਣੇ ਡੈਸਕ ਦੇ ਪਿੱਛੇ ਬੈਠ ਕੇ ਕਈ ਘੰਟੇ ਗੁਜ਼ਾਰ ਦਿੰਦਾ ਸਾਂ ਅਤੇ ਮੀਠਾਦਾਰ ਇੰਨਾ ਚੁੱਪ ਹੋ ਜਾਂਦਾ ਸੀ ਜਿੰਨਾ ਸੰਭਵ ਹੋ ਸਕਦਾ ਸੀ। ਕੋਈ ਵੀ ਬਗ਼ੈਰ ਜ਼ਰੂਰਤ ਤੋਂ ਮੇਰੀਆਂ ਸੋਚਾਂ ਨੂੰ ਨਹੀਂ ਸੀ ਤੋੜਦਾ, ਹਰ ਕੋਈ ਦਿਨ ਦਾ ਜ਼ਿਆਦਾ ਸਮਾਂ ਚੁੱਪ ਚਾਪ ਕਮਰੇ ਵਿਚ ਆਉਂਦਾ ਅਤੇ ਚਲਾ ਜਾਂਦਾ। ਲੜਕੀਆਂ ਆਪਸ ਵਿਚ ਗੱਲਾਂ ਕਰਦੀਆਂ ਰਹਿੰਦੀਆਂ, ਮੇਰੇ ਸਾਥੀ ਲੋਕਾਂ ਨਾਲ ਵਰਤਾਵ ਕਰਦੇ ਰਹਿੰਦੇ ਅਤੇ ਜਦ ਇਕ ਦਮ ਮੈਂ ਟੈਲੀਫ਼ੋਨ ਦੀ ਘੰਟੀ ਨਾਲ ਜਾਂ ਰਿਕਸ਼ੇ ਦੇ ਖੜਾਕ ਨਾਲ ਸੁਚੇਤ ਹੋ ਜਾਂਦਾ ਤਾਂ ਮੈਂ ਆਪਣੇ ਆਪ ਨੂੰ ਟਾਇਲਟ ਵਿਚ ਬੰਦ ਕਰ ਲੈਂਦਾ।

ਮੇਰੀ ਖਾਮੋਸ਼ੀ ਮੇਰੇ ਪਿੱਛੇ ਚੱਲਦੀ ਰਹਿੰਦੀ, ਖਾਣਾ ਚੁੱਪ ਚਾਪ ਖਾਂਦਾ, ਐਂਬੂਲੈਂਸ ਵਿਚ ਖਾਮੋਸ਼ੀ ਹੁੰਦੀ, ਘਰ ਚੁੱਪ ਸੀ। ਇਥੋਂ ਤਕ ਕਿ ਬਿਲਕਿਅਸ ਚੁੱਪ ਹੋ ਜਾਂਦੀ। ਕੰਮ ਆਮ ਦੀ ਤਰ੍ਹਾਂ ਚੱਲਦਾ ਰਹਿੰਦਾ। ਮੈਂ ਇਕ ਕੇਂਦਰ ਤੋਂ ਦੂਸਰੇ ਕੇਂਦਰ ਜਾਂਦਾ ਰਹਿੰਦਾ, ਮਸਲੇ ਹੱਲ ਕਰਦਾ ਰਹਿੰਦਾ, ਕਮੀਆਂ ਨੂੰ ਚੈੱਕ ਕਰਦਾ ਅਤੇ ਹਿਦਾਇਤਾਂ ਦਿੰਦਾ। ਜਦੋਂ ਕੁਝ ਆਰਾਮ ਦਾ ਸਮਾਂ ਹੁੰਦਾ, ਮੈਂ ਸਿੱਧਾ ਖੜਾ ਹੋ ਜਾਂਦਾ, ਅਸਮਾਨ

ਵੱਲ ਵੇਖਦਾ, ਕਈ ਵਾਰ ਹੇਠਾਂ ਜ਼ਮੀਨ ਵੱਲ ਵੇਖਦਾ.....ਉਦੋਂ ਤਕ ਜਦੋਂ ਤਕ ਕੋਈ ਆਵਾਜ਼ ਮੇਰੀ ਸਮਾਧੀ ਤੋੜ ਦਿੰਦੀ। ਬਾਹਰ ਵਾਲੇ ਬੈਂਚ 'ਤੇ ਮੈਂ ਆਪਣਾ ਸਿਰ ਆਪਣੇ ਹੱਥਾਂ ਵਿਚ ਲੈ ਕੇ ਬੈਠ ਜਾਂਦਾ ਅਤੇ ਕਈ ਵਾਰ ਸਾਰੀ ਰਾਤ ਲੰਘ ਜਾਂਦੀ। ਪੰਦਰਾਂ ਦਿਨ ਲੰਘ ਜਾਂਦੇ।

ਫਿਰ ਡੂੰਘੀ ਸੋਚ ਦਾ ਸਮਾਂ ਖ਼ਤਮ ਹੋ ਜਾਂਦਾ। ਮੈਂ ਕਦੀ ਵੀ ਗੁੱਸੇ ਵਿਚ ਬੋਲਦਾ ਹੋਇਆ ਬਾਹਰ ਨਹੀਂ ਸਾਂ ਜਾ ਸਕਦਾ। ਮੈਨੂੰ ਹੌਲੀ ਹੌਲੀ ਬਾਹਰ ਆਉਣਾ ਪੈਂਦਾ ਸੀ, ਹਮੇਸ਼ਾਂ ਵਾਪਸ ਆਉਣ ਲਈ ਸਮਾਂ ਲੱਗਦਾ ਸੀ। ਜਦੋਂ ਮੈਂ ਇਸ ਤਰ੍ਹਾਂ ਕਰਦਾ ਤਾਂ ਮੈਂ ਨਵੀਆਂ ਖੋਜਾਂ ਅਤੇ ਜਾਂਚ-ਪੜਤਾਲਾਂ ਸੰਬੰਧੀ ਭੁੱਲ ਜਾਂਦਾ ਅਤੇ ਕਿਸੇ ਅਗਵਾਈ ਦੀ ਉਮੀਦ ਕਰਦਾ ਜੋ ਮੇਰੇ ਦਿਮਾਗ ਵਿਚ ਨਿਕਲੇ। ਇਹ ਹੀ ਕੰਮ ਸਥਾਪਿਤ ਕਰਨ ਦੀ ਇਕ ਪ੍ਰਣਾਲੀ ਸੀ।

ਛੇਤੀ ਹੀ ਮੈਨੂੰ ਪਤਾ ਲੱਗ ਗਿਆ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਮੈਂ ਟਾਵਰ 'ਤੇ ਚਲਾ ਜਾਂਦਾ ਅਤੇ ਆਪਣੇ ਸਾਥੀਆਂ ਨੂੰ ਬੁਲਾਉਂਦਾ ਅਤੇ ਲਗਾਤਾਰ ਦਾਨ ਦੇਣ ਵਾਲੇ ਦਾਨੀਆਂ ਬਾਰੇ ਪੁੱਛਦਾ। ਦੇਰ ਰਾਤ ਤਕ ਅਸੀਂ ਭਰੋਸੇਯੋਗ ਸਾਧਨਾਂ ਬਾਰੇ ਅੰਦਾਜ਼ਾ ਲਾਉਂਦੇ ਰਹਿੰਦੇ, ਉਹਨਾਂ ਦੀ ਲਿਸਟ ਬਣਾਉਂਦੇ, ਜੋ ਲਗਾਤਾਰ ਇਹਨਾਂ ਬਦਕਿਸਮਤਾਂ ਲਈ ਪ੍ਰਣਾਲੀ ਬਣਾਉਣ ਲਈ ਦਾਨ ਕਰਦੇ ਸਨ। ਛੇ ਘੰਟਿਆਂ ਦੇ ਹਿਸਾਬ-ਕਿਤਾਬ ਤੋਂ ਬਾਅਦ ਫ਼ਾਊਂਡੇਸ਼ਨ ਦਾ ਨਵਾਂ ਪ੍ਰੋਗਰਾਮ ਉਲੀਕਿਆ ਜਾਂਦਾ ਅਤੇ ਸਿਰਫ਼ ਭਰੋਸੇਯੋਗ ਮਦਦ ਕਰਨ ਵਾਲੇ ਗਰੁੱਪ 'ਤੇ ਹੀ ਅਧਾਰਿਤ ਹੋਇਆ ਜਾਂਦਾ। ਮੈਂ ਨਵੇਂ ਢੰਗ ਦੀ ਘੋਸ਼ਣਾ ਕੀਤੀ, "ਮੁਸ਼ਕਲ ਉਸ ਸਮੇਂ ਹੀ ਉਪਜਾਊ ਹੈ ਜਦੋਂ ਉਹ ਧਿਆਨ ਵਿਚ ਰਹੇ। ਮੇਰੇ ਇਸ ਗਤੀਸ਼ੀਲਤਾ ਦੇ ਅਧਿਐਨ ਤੋਂ ਇਹ ਸਾਫ਼ ਹੈ ਕਿ ਅਸੀਂ ਆਮ ਲੋਕਾਂ 'ਤੇ ਨਿਰਭਰ ਨਹੀਂ ਕਰ ਸਕਦੇ। ਇਹ ਵੀ ਆਸਾਨੀ ਨਾਲ ਹਕੂਮਤ ਕਰਦੀ ਹੈ। ਲੋਕ ਸਾਡੇ ਵੱਲ ਆਪਣੀ ਪਿੱਠ ਮੋੜ ਲੈਂਦੇ ਹਨ, ਇਹ ਸਮਾਂ ਹੈ ਕਿ ਉਹਨਾਂ 'ਤੇ ਨਿਰਭਰ ਕਰਨਾ ਬੰਦ ਕਰ ਦਿੱਤਾ ਜਾਵੇ। ਲਗਾਤਾਰ ਦਾਨ ਦੇਣ ਵਾਲੇ ਫ਼ਾਊਂਡੇਸ਼ਨ ਦਾ ਇਕ ਹਿੱਸਾ ਹਨ, ਅਸੀਂ ਆਪਣੀ ਨਵੀਂ ਸਮਾਂ-ਸੂਚੀ ਉਹਨਾਂ ਅਨੁਸਾਰ ਤਿਆਰ ਕਰਾਂਗੇ। ਇਸ ਨੂੰ 7 ਸਾਲਾਂ ਤੋਂ ਬਾਰਾਂ ਸਾਲਾਂ ਤਕ ਵਧਾਉਣਾ ਪਵੇਗਾ, ਪਰ ਇਹ ਨਿਰਭਰ ਕਰਨ ਯੋਗ ਹੋਣੀ ਚਾਹੀਦੀ ਹੈ। ਖੁੱਲ੍ਹਾ ਪੈਸਾ ਇਕੱਠਾ ਕਰਨ ਨੂੰ ਇਕ ਢੰਗ ਨਾਲ ਸੰਗਠਿਤ ਅਤੇ ਭਰੋਸੇਯੋਗ ਆਮਦਨ ਦੇ ਸਾਧਨ ਨਾਲ ਬਦਲਣਾ ਪਵੇਗਾ। ਅਸੀਂ ਇਸ ਸਾਧਨ ਨੂੰ ਤਾਕਤਵਰ ਬਣਾਵਾਂਗੇ।"

ਅਸੀਂ ਹਰ ਇਕ ਲਈ ਵਿੱਦਿਆ ਦੇਣ ਦੀ ਪਹਿਲੀ ਪੱਧਰ ਸ਼ੁਰੂ ਕਰ ਦਿੱਤੀ, ਜਿਸ ਵਿਚ ਹਰ ਪੇਂਡੂ ਵਿਕਾਸ ਕੇਂਦਰ ਵਿਚ, ਇਕ ਦਰੀ, ਇਕ ਬਲੈਕ ਬੋਰਡ ਅਤੇ ਚਾਕ ਦਿੱਤੇ ਗਏ। ਉਸ ਹੀ ਖੇਤਰ ਦੇ ਲੋਕ ਭਰਤੀ ਕਰ ਕੇ ਉਹਨਾਂ ਨੂੰ ਭੱਤੇ ਦਿੱਤੇ ਜਾਣਗੇ ਅਤੇ ਉਹ ਆਦਮੀਆਂ, ਔਰਤਾਂ ਅਤੇ ਬੱਚਿਆਂ ਨੂੰ ਮਗ਼ਰਿਬ ਅਤੇ ਇਸ਼ਾ ਦੀ

ਪ੍ਰਾਰਥਨਾ ਦੇ ਵਿਚ ਦੇ ਸਮੇਂ ਵਿਚ ਪੜ੍ਹਾਉਣਗੇ। ਇਸ ਹੀ ਸਮੇਂ ਵਿਚ ਅਸਾਂ ਆਪਣਾ ਮੁੜ ਸਥਾਪਿਤ ਕਰਨ ਲਈ ਛੋਟੇ ਕਰਜ਼ੇ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਜੋ ਸਾਰੇ ਹੀ ਪਾਕਿਸਤਾਨ ਵਿਚ 25 ਕਿਲੋਮੀਟਰ ਕੇਂਦਰਾਂ ਵਿਚ ਸ਼ੁਰੂ ਕੀਤਾ ਗਿਆ।

ਮੈਂ ਇਸ ਵਿਚ ਆਈਆਂ ਕਮੀਆਂ ਦੀ ਵਿਆਖਿਆ ਕੀਤੀ, "ਮੈਂ ਛੋਟੇ ਛੋਟੇ ਮਸਲਿਆਂ ਨੂੰ ਬਗ਼ੈਰ ਕਿਸੇ ਕਾਰਨ ਦੇ ਵੱਡੇ ਮਸਲੇ ਨਹੀਂ ਸਾਂ ਬਣਾ ਲੈਂਦਾ, ਜੇ ਮੈਂ ਛੋਟੇ ਛੋਟੇ ਨੁਕਸਾਨ ਦੇ ਡਰ ਦੇ ਘੇਰੇ ਵਿਚ ਆ ਗਿਆ ਤਾਂ ਇਹ ਇਕ ਤਬਾਹੀ ਹੋਵੇਗੀ। ਪੰਜਾਬ ਫਿਰ ਠੀਕ ਹੋ ਜਾਵੇ, ਉਹਨਾਂ ਦਾ ਲਾਂਭੇ ਜਾਣਾ ਇਕ ਆਰਜ਼ੀ ਗੱਲ ਹੈ। ਸਿੰਧ ਵਿਚ ਅਸੀਂ ਅਜੇ ਕੁਝ ਹੋਰ ਸਮਾਂ ਨੁਕਸਾਨ ਉਠਾਵਾਂਗੇ। ਦਾਨ ਦੇਣ ਦੀ ਭਾਵਨਾ ਅੱਜ ਕਲ੍ਹ ਥੱਲੇ ਆਈ ਹੋਈ ਹੈ ਪਰ ਇਹ ਫਿਰ ਵਧ ਜਾਵੇਗੀ। ਜੇ ਪਰਮਾਤਮਾ ਨੇ ਚਾਹਿਆ ਤਾਂ ਅਸੀਂ ਕਿਸੇ ਦਿਨ ਸਾਂਝੀ ਕਲਿਆਣਕਾਰੀ ਪ੍ਰਣਾਲੀ ਸ਼ੁਰੂ ਕਰਾਂਗੇ।" ਬਾਹਰ ਜਾਂਦਿਆਂ ਮੈਂ ਆਪਣੇ ਸਾਥੀਆਂ ਨੂੰ ਹੋਰ ਹਿਦਾਇਤਾਂ ਦਿੱਤੀਆਂ, "ਮੈਨੂੰ ਕੋਈ ਵੀ ਇਸ ਤਰ੍ਹਾਂ ਦੀ ਖ਼ਬਰ ਨਾ ਦਿਉ, ਜੋ ਸੰਸਥਾ ਲਈ ਮਹੱਤਵਪੂਰਨ ਨਹੀਂ।" ਉਹਨਾਂ ਨੇ ਇਕ ਪਲ ਲਈ ਇਕ ਦੂਸਰੇ ਵੱਲ ਵੇਖਿਆ, ਇਸ ਤੋਂ ਬਾਅਦ ਇਕ ਨੇ ਪੁੱਛਿਆ, "ਮੌਲਾਨਾ, ਅਸੀਂ ਕਦੀ ਹੋਰ ਵੀ ਕਿਹੜੀ ਗੱਲ ਕੀਤੀ ਹੈ ?" ਮੈਂ ਉਹਨਾਂ ਨੂੰ ਥੱਲੇ ਤੋਂ ਉੱਪਰ ਤਕ ਵੇਖਿਆ ਤੇ ਕਿਹਾ, "ਮੇਰਾ ਮਤਲਬ ਹੈ ਕਿ ਉਹ ਗੱਲ ਮੈਨੂੰ ਨਾ ਦੱਸੋ ਜੋ ਮੇਰੇ ਸੰਬੰਧ ਵਿਚ ਕੀਤੀ ਜਾਂਦੀ ਹੈ। ਨਾ ਹੀ ਇਸ ਤਰ੍ਹਾਂ ਚਿੱਲਾਉ ਕਿ ਨੈੱਟਵਰਕ ਕਿਸ ਤਰ੍ਹਾਂ ਘੱਟ ਰਿਹਾ ਹੈ, ਨਾ ਹੀ ਕਿਸੇ ਅਹਿਸਾਨ-ਫ਼ਰਾਮੋਸ਼ੀ ਦੀ ਗੱਲ ਕਰੋ।"

ਇਸ ਤਰ੍ਹਾਂ ਦੀਆਂ ਅਫ਼ਵਾਹਾਂ ਕਿ ਮੈਂ ਇਸਰਾਈਲ ਦਾ ਏਜੰਟ ਹਾਂ, ਖ਼ਤਮ ਨਹੀਂ ਸਨ ਹੋਈਆਂ। ਉਹਨਾਂ ਤੋਂ ਇਲਾਵਾ, ਮੈਂ ਮੁਸਲਿਮ ਦੁਨੀਆਂ ਵਿਚ ਲੋਕਾਂ ਵਿਚੋਂ ਪਹਿਲਾ ਵਿਅਕਤੀ ਸਾਂ ਜਿਸ ਨੇ ਫਲਸਤੀਨ ਦੇ ਰਾਜ ਵਿਚ ਸਵੈ-ਰਾਜ ਸਥਾਪਿਤ ਕਰਨ ਦੀ ਮਦਦ ਕੀਤੀ ਅਤੇ ਮੈਂ ਇਸ ਪ੍ਰਬੰਧ ਸੰਬੰਧੀ ਪ੍ਰੈੱਸ ਨੂੰ ਇਕ ਬਿਆਨ ਦਿੱਤਾ। ਮੈਂ ਆਪਣਾ ਪੱਖ ਸਪੱਸ਼ਟ ਕੀਤਾ, "ਮੈਂ ਪਖੰਡ ਵਿਚ ਵਿਸ਼ਵਾਸ ਨਹੀਂ ਸਾਂ ਕਰਦਾ ਅਤੇ ਪ੍ਰਾਪੇਗੰਡਾ ਕਰਨ ਵਾਲਿਆਂ ਦੀ ਰਾਇ ਨਾਲ ਸੰਬੰਧਿਤ ਨਹੀਂ ਸੀ। ਮੇਰੇ ਲਈ ਦੇਸ਼ ਦਾ ਹਿੱਤ ਮੇਰੇ ਆਪਣੇ ਆਪ ਤੋਂ ਵੀ ਬਹੁਤ ਉੱਚਾ ਹੈ।"

ਕਿਉਂ ਜੋ ਮੇਰੀਆਂ ਆਪਣੀਆਂ ਭਾਵਨਾਵਾਂ ਉੱਪਰ ਆ ਗਈਆਂ ਸਨ, ਮੇਰੇ ਨਾਲ ਵਾਲੇ ਵੀ ਹੁਣ ਆਪਣੀਆਂ ਭਾਵਨਾਵਾਂ ਨੂੰ ਫਿਰ ਬਣਾ ਚੁੱਕੇ ਸਨ। ਪਿੱਛਲੀਆਂ ਘਟਨਾਵਾਂ, ਉਹਨਾਂ ਦਾ ਬਾਅਦ ਦਾ ਪ੍ਰਭਾਵ ਅਤੇ ਵਿੱਤੀ ਘਾਟਿਆਂ 'ਤੇ ਅਸੀਂ ਕੋਈ ਧਿਆਨ ਨਹੀਂ ਦਿੱਤਾ ਸੀ। ਵੱਡੇ ਵੱਡੇ ਕੰਮਾਂ ਵਿਚ ਇਸ ਤਰ੍ਹਾਂ ਆਮ ਹੁੰਦਾ ਸੀ। ਹੁਣ ਮੈਂ ਵੇਖਣ, ਜਾਚਣ ਅਤੇ ਸੁਣਨ ਲਈ ਤਿਆਰ ਸਾਂ, ਜਦੋਂ ਕਿ ਹਰ ਕੋਈ ਸੋਚਦਾ ਸੀ ਕਿ ਮੈਂ ਦੁਨੀਆਂ, ਦੇਸ਼ ਅਤੇ ਲੋਕਾਂ ਦੇ ਨਾਲ ਮਿਲ ਕੇ ਤਰੱਕੀ ਵਿਚ ਰੋੜਾ ਅਟਕਾ ਰਿਹਾ ਸਾਂ ਅਤੇ ਸਾਜ਼ਸ਼ਾਂ ਵਿਚ ਉੱਲਝਿਆ ਹੋਇਆ ਸਾਂ। ਮੇਰੇ ਸਾਥੀ ਬਗ਼ੈਰ ਕਿਸੇ

ਸ਼ੱਕ ਦੇ ਪਿੱਛੇ ਬੈਠੇ ਸਨ, ਜਦੋਂ ਕਿ ਮੈਂ ਬਹੁਤ ਸਾਵਧਾਨੀ ਨਾਲ ਆਪਣੇ ਪ੍ਰਬੰਧ ਦੇ ਕੰਮ ਨੂੰ ਕਈ ਦਿਨਾਂ ਤਕ ਛਾਣ-ਬੀਣ ਕਰਦਾ ਰਿਹਾ।

ਪੁਰਾਣੀ ਰਫ਼ਤਾਰ ਘੱਟ ਰਹੀ ਸੀ, ਅਸੀਂ ਢਿੱਲੇ ਹੋ ਰਹੇ ਸਾਂ। ਜਦੋਂ ਕਿ ਮੈਂ 7 ਵਜੇ ਆਪਣੇ ਦਫ਼ਤਰ ਵਿਚ ਹੁੰਦਾ ਸਾਂ, ਮੇਰੇ ਪ੍ਰਮੁੱਖ ਸਾਥੀ 10 ਵਜੇ ਤਕ ਵੀ ਨਹੀਂ ਸਨ ਪਹੁੰਚਦੇ। ਮੈਂ ਕੰਟਰੋਲ ਰੂਮ ਵਿਚ ਗਿਆ ਅਤੇ ਹਰ ਚੀਜ਼ ਨੂੰ ਬਦਲਣ ਦਾ ਫ਼ੈਸਲਾ ਕੀਤਾ, "ਕੀ ਤੁਸੀਂ ਅਫ਼ਸਰ ਬਣ ਗਏ ਹੋ ? ਇਹ ਲਾਲ ਫੀਤਾਸ਼ਾਹੀ ਕੀ ਹੈ ? ਅਫ਼ਸਰ ? ਚਪੜਾਸੀ ? ਇਕ ਦੂਜੇ ਦੀ ਮਦਦ ਕਰਨੀ ? ਕੀ ਇਹ ਕਿਰਤੀਆਂ ਦੀ ਯੂਨੀਅਨ ਹੈ ? ਆਪਣੇ ਆਪਣੇ ਟੈਲੀਫ਼ੋਨ ਫੜ ਲਵੋ, ਸਾਡੀ ਇਸ਼ਰਤ ਲਈ ਅਪਰੇਟਰ ਨਹੀਂ ਦਿੱਤੇ ਗਏ, ਸਾਡੇ ਵਿਚ ਅਤੇ ਕਲਰਕਾਂ ਵਿਚ ਕੋਈ ਫ਼ਰਕ ਨਹੀਂ। ਉਹਨਾਂ ਨਾਲ ਕੰਮ ਕਰੋ.....ਜਾਂ ਘਰ ਚਲੇ ਜਾਉ।"

ਮੈਂ ਨਵੇਂ ਖ਼ੂਨ ਦੇ ਨੌਜਵਾਨ ਲੋਕਾਂ ਨੂੰ ਭਰਤੀ ਕਰ ਲਿਆ ਤਾਂ ਕਿ ਪਿੱਛਲੇ ਸਮੇਂ ਦੇ ਲੇਖੇ-ਜੋਖੇ ਲਈ ਰਿਪੋਰਟਾਂ ਲਿਖਵਾ ਸਕਾਂ। ਮੇਰੇ ਸਾਥੀਆਂ ਨੇ ਪ੍ਰਤਿਕ੍ਰਿਆ ਕੀਤੀ, ਉਹਨਾਂ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ, ਆਪਸ ਵਿਚ ਮਨ ਹੀ ਮਨ ਵਿਚ ਵਿਰੋਧ ਕਰਦੇ ਸਨ। ਉਹ ਬਿਮਾਰ ਪੈ ਗਏ ਅਤੇ ਮੇਰੇ ਕੋਲੋਂ ਲਾਂਭੇ ਰਹਿਣ ਲੱਗ ਪਏ। ਉਹ ਆਪਸ ਵਿਚ ਸ਼ਿਕਾਇਤ ਕਰਦੇ ਸਨ ਜਦੋਂ ਕਿ ਹੋਰਨਾਂ ਨੇ ਮੈਨੂੰ ਚਿਤਾਵਨੀ ਦਿੱਤੀ, "ਈਦੀ ਸਾਹਿਬ, ਇਹ ਠੀਕ ਸਮਾਂ ਨਹੀਂ ਕਿ ਇਹ ਸੁਧਾਰ ਕੀਤੇ ਜਾਣ। ਪ੍ਰਾਪੇਗੰਡਾ ਕਰਨ ਵਾਲੇ ਪ੍ਰਛਾਵੇਂ ਵਿਚ ਉਡੀਕ ਕਰ ਰਹੇ ਹਨ।" ਮੈਂ ਪੱਕੇ ਹੋ ਕੇ ਇਸ ਦਾ ਜਵਾਬ ਦਿੱਤਾ, "ਜੇ ਕੋਈ ਇਹ ਸਮਝਦਾ ਹੈ ਕਿ ਮੈਂ ਇਸ ਕਰਕੇ ਦੱਬ ਜਾਵਾਂਗਾ ਤਾਂ ਉਹ ਗ਼ਲਤੀ ਵਿਚ ਹਨ। ਮੈਂ ਇਕ ਖ਼ਤਰਨਾਕ ਜ਼ਿੰਦਗੀ ਜੀਉਈ ਹੈ ਅਤੇ ਸਿਵਾਏ ਪਰਮਾਤਮਾ ਤੋਂ ਹੋਰ ਕਿਸੇ ਤੋਂ ਵੀ ਨਹੀਂ ਡਰਦਾ।"

ਇਕ ਇਕ ਕਰਕੇ ਮੈਂ ਆਪਣੇ ਸਾਰੇ ਦੋਸਤਾਂ ਨੂੰ ਵਿਆਖਿਆ ਕੀਤੀ, "ਤੁਹਾਡਾ ਤਜਰਬਾ ਇਹਨਾਂ ਜਵਾਨਾਂ ਦੇ ਸਿੱਖਣ ਲਈ ਜਾਇਦਾਦ ਹੈ। ਇਸ ਕੰਮ ਲਈ ਇਹ ਹੁਣ ਤੁਹਾਡਾ ਯੋਗਦਾਨ ਹੈ।" ਮੀਠਾਦਾਰ ਵਿਚ ਲਗਾਤਾਰ ਟੈਲੀਫ਼ੋਨ ਆ ਰਹੇ ਸਨ ਅਤੇ ਮੈਂ ਸਾਰੇ ਪਾਕਿਸਤਾਨ ਵਿਚ ਜ਼ੋਨਲ ਮੁੱਖੀਆਂ ਨੂੰ ਵਿਆਖਿਆ ਕਰਨ ਵਿਚ ਲੱਗਾ ਹੋਇਆ ਸਾਂ, "ਲੋਕ ਇਕ ਸਮੇਂ ਤੋਂ ਬਾਅਦ ਬੈਠ ਜਾਣਗੇ। ਤਾਕਤਵਰ ਨੌਜਵਾਨਾਂ ਨੂੰ ਅੱਗੇ ਲਿਆਉਣਾ ਕੋਈ ਬੇਇਜ਼ਤੀ ਨਹੀਂ ਹੈ, ਮੈਂ ਵੀ ਥੱਕ ਗਿਆ ਹਾਂ, ਪਰ ਮੈਂ ਇਕ ਉਦੇਸ਼ ਪੂਰਾ ਕਰਨਾ ਹੈ।" ਮੈਂ ਸਪਸ਼ਟ ਕੀਤਾ, ਵਿਆਖਿਆ ਕੀਤੀ ਅਤੇ ਉਹਨਾਂ ਨੂੰ ਸੰਤੁਸ਼ਟ ਕੀਤਾ, "ਉਹਨਾਂ ਦੇ ਲੰਮੇ ਸਮੇਂ ਦੇ ਮੇਰੇ ਨਾਲ ਸਾਥ ਕਰਕੇ, ਪ੍ਰਮੁੱਖ ਸਾਥੀ ਮੇਰੀਆਂ ਅੱਖਾਂ ਬੰਦ ਹੋਣ ਤੋਂ ਬਾਅਦ ਇਕ ਦਮ ***ਚੌਧਰੀ*** ਬਣ ਜਾਣਗੇ। ਇਹ ਪ੍ਰਣਾਲੀ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੀ, ਕਿਉਂ ਜੋ ਇਹ ਉਸ ਲਈ ਨਹੀਂ ਸੀ ਬਣਾਈ ਗਈ। ਸਾਨੂੰ ਹੋਰ ਲੀਡਰਾਂ ਦੀ ਲੋੜ ਨਹੀਂ। ਮੈਂ ਇਸ ਦਾ ਸੰਸਥਾਪਕ

ਹਾਂ ਅਤੇ ਜਿੰਨਾ ਚਿਰ ਮੇਰੀ ਜ਼ਰੂਰਤ ਹੈ, ਮੈਂ ਇਸ ਪ੍ਰਣਾਲੀ ਵਿਚ ਸਖ਼ਤ ਅਨੁਸ਼ਾਸਨ ਕਾਇਮ ਰੱਖਾਂਗਾ ਜਦੋਂ ਤਕ ਮੈਂ ਜ਼ਰੂਰੀ ਸਮਝਾਂਗਾ। ਮੈਂ ਆਪਣੀ ਜ਼ਿੰਦਗੀ ਨੂੰ ਲੀਡਰ ਅਤੇ ਸ਼ਖ਼ਸੀਅਤਾਂ ਪੈਦਾ ਕਰਨ ਲਈ ਨਹੀਂ ਬਿਤਾਇਆ। ਬਜ਼ੁਰਗਾਂ ਨੂੰ ਪਿੱਛੇ ਚਲੇ ਜਾਣਾ ਚਾਹੀਦਾ ਹੈ। ਸਾਡਾ ਕੰਮ ਕੀਤਾ ਜਾ ਚੁੱਕਾ ਹੈ। ਤਾਕਤਵਰ ਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਇਸ ਪ੍ਰਣਾਲੀ ਨੂੰ ਚਲਾਇਆ ਜਾ ਸਕੇ। ਇਹ ਯੋਗਤਾ ਨਾਲ ਚੱਲਣ ਲਈ ਪੂਰੀ ਤਰ੍ਹਾਂ ਸੁਤੰਤਰ ਹੋਣੀ ਚਾਹੀਦੀ ਹੈ।"

ਜਦੋਂ ਕੋਈ ਵਿਸ਼ਾ ਖੋਲ੍ਹਿਆ ਜਾਂਦਾ ਹੈ, ਹਰ ਚੀਜ਼ ਬਾਹਰ ਆ ਜਾਂਦੀ ਹੈ। ਐਂਬੂਲੈਂਸ ਦੀ ਗ਼ਲਤ ਵਰਤੋਂ, ਸੁਸਤੀ, ਗੱਲਾਂ-ਬਾਤਾਂ ਵਿਚ ਸਮਾਂ ਗਵਾਉਣਾ ਅਤੇ ਰਾਜਨੀਤਕ ਗਰੁੱਪ ਬਣਨੇ ਸ਼ੁਰੂ ਹੋ ਜਾਂਦੇ ਸਨ। ਮੈਂ ਹਰ ਇਕ ਦੀ ਇਧਰ-ਉਧਰ ਅਦਲਾ-ਬਦਲੀ ਕਰ ਦਿੰਦਾ ਸਾਂ ਅਤੇ ਆਪਣੇ ਸਾਥੀਆਂ ਨੂੰ ਉਹਨਾਂ ਦੀ ਜਗ੍ਹਾ 'ਤੇ ਰੱਖਦਾ ਸਾਂ। ਕਿਉਂ ਜੋ ਉਹ ਲਗਾਤਾਰ ਮਨ ਹੀ ਮਨ ਵਿਚ ਵਿਰੋਧ ਕਰਦੇ ਰਹਿੰਦੇ ਸਨ, ਇਸ ਲਈ ਮੈਂ ਉਹਨਾਂ ਕੋਲ ਵਿਆਖਿਆ ਕੀਤੀ, "ਮੈਂ ਕੁਝ ਘਟਨਾਵਾਂ ਵਿਚ ਉਲੱਝ ਗਿਆ ਸਾਂ ਅਤੇ ਤੁਸੀਂ ਸੋਚਿਆ ਕਿ ਅਸੀਂ ਬਹੁਤ ਵੱਡਾ ਕੰਮ ਕਰ ਲਿਆ ਸੀ, ਇਹ ਆਰਾਮ ਦਾ ਸਮਾਂ ਬਣ ਗਿਆ ਸੀ। ਮੈਂ ਖ਼ਰਚਿਆਂ ਨੂੰ 35 ਫ਼ੀਸਦੀ ਘਟਾ ਦਿੱਤਾ ਹੈ ਅਤੇ ਪ੍ਰਬੰਧ ਨੂੰ ਵੀ ਘਟਾਇਆ ਹੈ। ਇਹ ਕੰਮ ਮਹੱਤਵਪੂਰਨ ਹੈ, ਮੈਨੂੰ ਹੋਰ ਕਿਸੇ ਚੀਜ਼ ਦੀ ਕੋਈ ਪ੍ਰਵਾਹ ਨਹੀਂ, ਨਾ ਹੀ ਤੁਹਾਨੂੰ ਕਿਸੇ ਹੋਰ ਚੀਜ਼ ਦੀ ਪ੍ਰਵਾਹ ਕਰਨੀ ਚਾਹੀਦੀ ਹੈ।"

ਮੈਂ ਜਾਣਦਾ ਸਾਂ ਕਿ ਉਹ ਆਪਣੇ ਆਪ ਨੂੰ ਸਥਾਪਿਤ ਕਰ ਲੈਣਗੇ। ਇਸ ਤਰ੍ਹਾਂ ਪਹਿਲਾਂ ਵੀ ਹੁੰਦਾ ਸੀ। ਪਰ ਉਹ ਲਗਾਤਾਰ ਜ਼ਹਿਰ ਘੋਲਦੇ ਰਹੇ ਅਤੇ ਇਕ ਦੂਜੇ ਦੇ ਮੋਢੇ ਨਾਲ ਮੋਢਾ ਲਗਾ ਕੇ ਰੋਂਦੇ ਰਹੇ। ਮੈਂ ਉਹਨਾਂ ਨੂੰ ਮਖ਼ੌਲ ਕੀਤਾ, "ਜੇ ਮਾਫ਼ੀਏ ਨੂੰ ਪਤਾ ਲੱਗ ਗਿਆ ਤਾਂ ਉਹ ਮੇਰੇ ਅਸੰਤੁਸ਼ਟ ਦੋਸਤਾਂ ਨੂੰ ਕਾਬੂ ਕਰਨ ਲਈ ਇਸ ਮੌਕੇ 'ਤੇ ਛਾਲ ਮਾਰ ਕੇ ਆ ਜਾਣਗੇ।" ਪਰ ਮੈਂ ਜਾਣਦਾ ਸਾਂ ਕਿ ਉਹਨਾਂ ਦੀ ਸਪੁਰਦਗੀ ਉਹਨਾਂ ਨੂੰ ਡੋਲਣ ਨਹੀਂ ਦੇਵੇਗੀ। ਇਸ ਤੋਂ ਜ਼ਿਆਦਾ ਗੰਭੀਰ ਟਿੱਪਣੀ 'ਤੇ ਮੈਂ ਕਿਹਾ, "ਉਹ ਫ਼ਾਊਂਡੇਸ਼ਨ ਨੂੰ ਪਿਆਰ ਕਰਦੇ ਹਨ ਤੇ ਮੇਰੀ ਕਲਪਨਾ ਵਿਚ ਵਿਸ਼ਵਾਸ ਕਰਦੇ ਹਨ।" ਮੈਂ ਆਪਣੇ ਪਰਿਵਾਰ ਨੂੰ ਚਿਤਾਵਨੀ ਦਿੱਤੀ, "ਫ਼ਾਊਂਡੇਸ਼ਨ ਨੂੰ ਚਲਾਉਣ ਲਈ ਸੋਚੋ ਵੀ ਨਾ। ਮੈਂ ਇਸ ਦਾ ਸੰਸਥਾਪਕ ਹਾਂ ਅਤੇ ਜੇ ਮੇਰੇ ਵੱਲ ਕੋਈ ਮੁੜ ਕੇ ਵੇਖੇ ਵੀ, ਮੈਂ ਉਸ ਨਾਲ ਲੜ ਸਕਦਾ ਹਾਂ। ਮੇਰੇ ਬਾਅਦ ਕਿਸੇ ਕੋਲ ਇੰਨੀ ਤਾਕਤ ਨਹੀਂ ਹੋਵੇਗੀ, ਮੇਰੀ ਪਤਨੀ ਕੋਲ ਘੱਟ ਅਤੇ ਮੇਰੇ ਬੱਚਿਆਂ ਕੋਲ ਹੋਰ ਘੱਟ ਅਧਿਕਾਰ ਹੋਵੇਗਾ।" ਬਿਲਕਿਅਸ ਨੇ ਪਹਿਲਾਂ ਹੀ ਆਪਣਾ ਮਨ ਬਣਾ ਲਿਆ ਸੀ, "ਤੁਹਾਡੇ ਤੋਂ ਬਾਅਦ ਮੈਂ ਇਥੇ ਕੰਮ ਨਹੀਂ ਕਰਾਂਗੀ। ਮੈਂ ਜਾਣਦੀ ਹਾਂ ਕਿ ਲੋਕ ਮੈਨੂੰ ਸਿਰਫ਼ ਤੁਹਾਡੇ ਕਰਕੇ ਪ੍ਰਵਾਨ ਕਰਦੇ ਹਨ।"

ਟਾਵਰ ਨੂੰ ਸੁਧਾਰਿਆ ਗਿਆ। ਮੈਂ ਐਂਬੂਲੈਂਸ ਨੂੰ ਜ਼ਿਆਦਾ ਤੇਜ਼ੀ ਨਾਲ ਮੋੜਿਆ, ਉਸ ਵੇਲੇ ਹੀ ਬਿਲਕਿਅਸ ਦੀ ਐਂਬੂਲੈਂਸ ਵੀ ਅੰਦਰ ਆ ਗਈ। ਅਸੀਂ ਇਕ ਦੂਜੇ ਨੂੰ ਕੱਟ ਗਏ ਅਤੇ ਖੜੇ ਹੋ ਗਏ। ਮੈਂ ਟਰੈਫਿਕ ਦੀ ਆਵਾਜ਼ ਦੇ ਉਤੋਂ ਦੀ ਚਿੱਲਾਇਆ, "ਬਿਲਕਿਅਸ ਸਾਰੇ ਬੁੱਢੇ ਆਦਮੀ ਮੇਰੇ ਸਣੇ ਹੀ ਆਜ਼ਾਦ ਕਰ ਦਿੱਤੇ ਗਏ ਹਨ। ਹੁਣ ਮੈਂ ਸਵੇਰ ਦੇ 8 ਵਜੇ ਤੋਂ ਆਜ਼ਾਦ ਹੋ ਜਾਵਾਂਗਾ।" ਉਹ ਆਪਣੀ ਐਂਬੂਲੈਂਸ ਦੀ ਬਾਰੀ ਵਿਚੋਂ ਜਵਾਬ ਵਿਚ ਚਿੱਲਾਈ, "ਇਹ ਕਦੀ ਵੀ ਨਹੀਂ ਹੋਵੇਗਾ। ਮੇਰੇ ਕੋਲੋਂ ਇਹ ਮੰਨਣ ਦੀ ਉਮੀਦ ਨਾ ਕਰੋ।" ਮੈਂ ਉਡੀਕਿਆ, ਉਹ ਆਈ ਅਤੇ ਮੇਰੇ ਦਰਵਾਜ਼ੇ ਦੇ ਨਾਲ ਖੜੀ ਹੋ ਗਈ ਅਤੇ ਉਸ ਦੇ ਚਿਹਰੇ ਦੇ ਭਾਵ ਨੂੰ ਵੇਖ ਕੇ ਮੈਂ ਮੁਸਕਰਾ ਪਿਆ। ਮੈਂ ਉਸ ਨੂੰ ਨਰਮੀ ਨਾਲ ਕਿਹਾ, "ਇਹ ਅਖ਼ੀਰਲੇ ਕੁਝ ਸਾਲ ਹਨ, ਜਿਸ ਵਿਚ ਅਸੀਂ ਦੁਨੀਆਂ ਦੀ ਪ੍ਰਾਹੁਣਾਚਾਰੀ ਨੂੰ ਮੋੜ ਸਕੀਏ, ਬਿਲਕਿਅਸ। ਆਓ ! ਅਸੀਂ ਦੁਨੀਆਂ ਨੂੰ ਸਭ ਕੁਝ ਦੇ ਦੇਈਏ ਜੋ ਸਾਡੇ ਕੋਲ ਹੈ।" ਉਸ ਨੇ ਠੰਡਾ ਸਾਹ ਭਰਿਆ ਅਤੇ ਮੇਰੇ ਵੱਲ ਮੁਸਕਰਾਉਂਦੇ ਹੋਏ ਸਹਿਮਤੀ ਦਰਸਾਉਣ ਲਈ ਸਿਰ ਹਿਲਾਇਆ ਅਤੇ ਇਸ ਵਕਤ ਇਹ ਮੁਸਕਰਾਹਟ ਉਸ ਦੇ ਦਿਲ ਤੋਂ ਆਈ।

ਮੈਂ ਜਾਣਦਾ ਸਾਂ ਕਿ ਉਸ ਨੇ ਆਪਣੇ ਫਿਕਰ ਬੜੇ ਧਿਆਨ ਨਾਲ ਲੁਕਾਏ ਹੋਏ ਸਨ, ਜਿਹੜੇ ਕਈ ਸਨ। ਜੋ ਕਿ ਇਕ ਪਤਨੀ ਦੇ, ਇਕ ਮਾਂ ਦੇ ਅਤੇ ਉਹ ਸਭ ਜਿਨ੍ਹਾਂ ਕਰਕੇ ਉਹ ਈਦੀ ਫ਼ਾਊਂਡੇਸ਼ਨ ਨਾਲ ਸਬੰਧਿਤ ਰਹੀ ਸੀ। ਹਰ ਚੀਜ਼, ਜਿਸ ਨੂੰ ਉਹ ਪਿਆਰ ਕਰਦੀ ਸੀ, ਉਸ ਕੋਲ ਉਹ ਪਹੁੰਚੀ; ਪਰ ਮੇਰੇ ਕੋਲ ਉਸ ਲਈ ਫ਼ਿਕਰ ਕਰਨ ਦਾ ਸਮਾਂ ਨਹੀਂ ਸੀ। ਉਹ ਮੁੜੀ ਅਤੇ ਚਲੀ ਗਈ ਮੈਂ ਇਕ ਪਲ ਉਸ ਨੂੰ ਵੇਖਣ ਲਈ ਖੜਾ ਰਿਹਾ ਅਤੇ ਮੇਰਾ ਦਿਲ ਸਾਡੇ ਵਿਚੋਂ ਕਿਸੇ ਇਕ ਦੇ ਜ਼ਰੂਰੀ ਤੌਰ 'ਤੇ ਚਲੇ ਜਾਣ ਲਈ ਡੁੱਬਿਆ ਜਾ ਰਿਹਾ ਸੀ। ਕੋਈ ਇਕੱਲਾ ਪੂਰਾ ਨਹੀਂ ਸੀ ਬਣ ਸਕਦਾ। ਮੈਂ ਇਸ ਖ਼ਿਆਲ ਨੂੰ ਪਰੇ ਸੁੱਟ ਦਿੱਤਾ। ਐਕਸੈਲੇਟਰ 'ਤੇ ਜ਼ੋਰ ਦਿੱਤਾ ਅਤੇ ਮੀਠਾਦਾਰ ਨੂੰ ਚੱਲ ਪਿਆ.....ਮਿੱਠੇ ਪਾਣੀ ਦਾ ਸੋਮਾ।

•